SOUTHPOINT
A MASTER PLANNED COMMUNITY

# ਨਵਾਂ ਫੇਸ
# ਛੇਤੀ ਆ ਰਿਹਾ ਹੈ

VESTASOUTHPOINT.COM




403.980.1979 | 600 South Point Heath SW, Airdrie, AB VESTA PROPERTIES

# ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਸਿੱਖ ਕੌਮ ਦੀਆਂ ਸ਼ਹਾਦਤਾਂ, ਕ੍ਰਿਸਮਸ ਅਤੇ ਨਵੇਂ ਸਾਲ ਦੇ ਆਗਮਨ ਨੂੰ ਸਮਰਪਿਤ ਰਹੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਸਾਲ 2022 ਦੀ ਆਖਰੀ ਮੀਟਿੰਗ ਜੈਨੇਸਸ ਸੈਂਟਰ ਕੈਲਗਰੀ ਵਿੱਚ ਕੀਤੀ ਗਈ। ਪਰੋਗਰਾਮ ਦੀ ਸ਼ੁਰੂਆਤ ਸਭਾ ਸਕੱਤਰ ਸੁਖਜੀਤ ਸਿਮਰਨ ਦੁਆਰਾ ਸਿੱਖ ਕੌਮ ਦੀਆਂ ਸ਼ਹਾਦਤਾਂ ,ਸਾਕਾ ਚਮਕੌਰ ਤੇ ਸਰਹੰਦ ਦੇ ਸ਼ਹੀਦਾਂ ਦੀ ਸ਼ਹੀਦੀ ਨੂੰ ਕੋਟਾਨ ਕੋਟਿ ਪ੍ਰਣਾਮ ਕਰਦਿਆਂ ਕੀਤੀ ਗਈ। ਸਭਾ ਪ੍ਰਧਾਨ ਡਾ: ਬਲਵਿੰਦਰ ਕੌਰ ਬਰਾੜ ਵੱਲੋਂ ਹਾਜ਼ਰ ਭੈਣਾਂ ਨੂੰ ਸੰਬੋਧਨ ਕਰਦਿਆਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਪਰਿਵਾਰ ਦੀਆਂ ਕੌਮ ਲਈ ਕੀਤੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ, ਨਵੀਂ ਪੀੜੀ ਨੂੰ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣ ਦੀ ਅਪੀਲ ਕੀਤੀ ਗਈ। ਸਭਾ ਦੇ ਮੁੱਖ ਮਹਿਮਾਨ ਵੱਜੋਂ ਸ਼ਾਮਿਲ ਲੀਲਾ ਆਹੀਰ ਐਮ ਐਲ ਨੇ ਸਭਾ ਵੱਲੋਂ ਸਮਾਜਿਕ ਮੁੱਦਿਆਂ ਤੇ ਕੀਤੇ ਜਾ ਰਹੇ ਨਿਰੰਤਰ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਮੈਂਬਰਾਂ ਦੇ ਮਿਲ ਜੁਲ ਕੇ ਕੰਮ ਕਰਨ ਪ੍ਰਤੀ ਖੁਸ਼ੀ ਪ੍ਰਗਟ ਕੀਤੀ। ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਸੁਖਵਿੰਦਰ ਕੌਰ ਬਾਠ ਅਤੇ ਸਿਟੀ ਕੌਂਸਲਰ ਰਾਜ ਧਾਲੀਵਾਲ ਦੇ ਮਾਤਾ ਜੀ ਨੇ ਵੀ ਕੁਰਬਾਨੀਆਂ ਦੇ ਮਹੀਨੇ ਦਸੰਬਰ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਸਭਾ ਕੁਆਰਡੀਨੇਟਰ ਗੁਰਚਰਨ ਕੌਰ ਥਿੰਦ ਵੱਲੋਂ ਦਸੰਬਰ ਮਹੀਨੇ ਨੂੰ ਹਰ ਸੱਭਿਆਚਾਰ ,ਰੀਤੀ ਰਿਵਾਜਾਂ, ਕੁਰਬਾਨੀਆਂ ਅਤੇ ਪ੍ਰੰਪਰਾਵਾਂ ਨਾਲ ਜੁੱੜਿਆ ਦੱਸਦਿਆਂ ਇੱਕ ਦੂਸਰੇ ਪ੍ਰਤੀ ਸਤਿਕਾਰ ਦੀ ਭਾਵਨਾਂ ਨੂੰ ਬਰਕਰਾਰ ਰੱਖਣ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਸਭਾ ਉਪ ਪ੍ਰਧਾਨ ਗੁਰਦੀਸ਼ ਕੌਰ ਗਰੇਵਾਲ ਨੇ ਮਾਤਾ ਗੁਜਰੀ ਜੀ ਦੀ ਕੌਮ ਲਈ ਸ਼ਹਾਦਤ ਅਤੇ ਦਲੇਰ ਸਖਸ਼ੀਅਤ ਬਾਰੇ ਸਵੈਲਿਖਤ ਗੀਤ ਸੁਣਾਇਆ। ਗੁਰਜੀਤ ਬੈਦਵਾਨ, ਗੁਰਤੇਜ ਸਿੱਧੂ , ਜਸਮਿੰਦਰ ਕੌਰ ਬਰਾੜ, ਸਤਵਿੰਦਰ ਕੌਰ ਪਰਵਾਹਾ, ਹਰਚਰਨ ਕੌਰ ਤੇ ਬਾਸੀ ਵੱਲੋਂ ਵੀ ਧਾਰਮਿਕ ਗੀਤ ਅਤੇ ਸ਼ਬਦ ਪੇਸ਼ ਕੀਤੇ ਗਏ। ਮੀਟਿੰਗ ਦੌਰਾਨ ਸਭਾ ਦੇ ਕਾਰਜਾਂ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਵਾਲੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਲੀਲਾ ਅਹੀਰ ਵੱਲੋਂ ਇਨ੍ਹਾਂ ਮੈਂਬਰਾਂ ਨੂੰ ਸਨਮਾਨਿਤ ਕਰਦਿਆਂ ਤੋਹਫ਼ੇ ਵੰਡੇ ਗਏ। ਸਭਾ ਪ੍ਰਧਾਨ ਡਾ ਬਲਵਿੰਦਰ ਕੌਰ ਬਰਾੜ ਵੱਲੋਂ ਸ:ਸੁਖਵਿੰਦਰ ਸਿੰਘ ਥਿੰਦ ਨੂੰ ਸਭਾ ਦੀ ਕਾਰਜਕਾਰੀ ਕਮੇਟੀ ਦੇ ਨਿਰੰਤਰ ਸਹਿਯੋਗ ਲਈ ਧੰਨਵਾਦ ਕਰਦਿਆਂ ਸਨਮਾਨਤ ਕੀਤਾ ਗਿਆ। ਗੁਰਚਰਨ ਕੌਰ ਥਿੰਦ ਵੱਲੋਂ ਇੱਕ ਸਵੈਲਿਖਤ ਗੀਤ "ਆ ਸੱਜਣ ਇੱਕ ਗੀਤ ਸੁਣਾਵਾਂ" ਪੇਸ਼ ਕੀਤਾ ਗਿਆ। ਸੁਰਜੀਤ ਢਿੱਲੋਂ ਨੇ ਬਾਬਲ ਤੇ ਧੀ ਦੇ ਰਿਸ਼ਤੇ ਦੀ ਸਾਂਝ ਨੂੰ ਬਿਆਨਦਿਆਂ ਇੱਕ ਗੀਤ ਸੁਣਾਇਆ । ਸਰਬਜੀਤ ਉਪਲ ਵੱਲੋਂ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਲੋਕ ਗੀਤ "ਕਿਥੇ ਗੁਜ਼ਾਰੀ ਰਾਤ" ਗਾਇਆ ਗਿਆ।ਸਭਾ ਵਿੱਚ ਆਏ ਨਵੇਂ ਮੈਂਬਰਾਂ ਦਯਾ ਕੌਰ ਅਤੇ ਪਰਮਜੀਤ ਕੌਰ ਦਾ ਸੁਆਗਤ ਕੀਤਾ ਗਿਆ। ਸਭਾ ਦੀ ਸਮਾਪਤੀ ਸਭਾ ਪ੍ਰਧਾਨ ਡਾ ਬਲਵਿੰਦਰ ਕੌਰ ਬਰਾੜ ਅਤੇ ਸਭਾ ਕੋਆਡੀਨੇਟਰ ਗੁਰਚਰਨ ਕੌਰ ਥਿੰਦ ਵੱਲੋਂ ਹਾਜ਼ਰ ਮੈਂਬਰਾਂ ਦਾ ਧੰਨਵਾਦ ਕਰਦਿਆਂ ਨਵੇਂ ਸਾਲ ਦੀਆਂ ਸ਼ੁਭ ਇੱਛਾਵਾਂ ਨਾਲ ਕੀਤੀ ਗਈ।




# ਗੋਲੀਆਂ ਲੱਗਣ ਕਾਰਣ ਨਵੇਂ ਸਾਲ ਮੌਕੇ ਕਨੇਡਾ ਵਿੱਚ ਇੱਕ ਪੰਜਾਬੀ ਦੀ ਮੌਤ

## ਜ਼ਖ਼ਮੀ ਹੋਈ ਧੀ ਵੀ ਹਸਪਤਾਲ ਦਾਖਿਲ -ਹਮਲਾਵਰਾਂ ਦੀ ਭਾਲ ਜਾਰੀ


ਮ੍ਰਿਤਕ ਬਰਿੰਦਰ ਸਿੰਘ ਦੀ ਪਰਾਣੀ ਫਾਈਲ ਫੋਟੋ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਸਾਲ ਦੇ 365 ਦਿਨਾਂ ਵਿੱਚੋਂ 31 ਦਸੰਬਰ ਵਾਲੀ ਰਾਤ ,ਬੀਤੇ ਅਤੇ ਆਉਣ ਵਾਲੇ ਦੋਵੇਂ ਸਾਲਾਂ ਦੇ ਵਿਚਕਾਰਲੀ ਇੱਕ ਅਜਿਹੀ ਰਾਤ ਹੁੰਦੀ ਹੈ ਜਿਸ ਨੂੰ ਧਰਤੀ ਉੱਪਰ ਵਸਣ ਵਾਲਾ ਹਰ ਕੋਈ ਇਨਸਾਨ ਬੀਤੇ 364 ਦਿਨਾਂ ਦੀ ਸੁੱਖ ਸਾਂਤੀ ਅਤੇ ਆਉਣ ਵਾਲੇ 365 ਦਿਨਾਂ ਦੀ ਖੁਸ਼ੀਆਂ ਭਰੀ ਜ਼ਿੰਦਗੀ ਦੀ ਇੱਛਾ ਪਾਲਦਾ ਹੈ ਪਰ ਇਹ ਹਰ ਕਿਸੇ ਲਈ ਅਜਿਹਾ ਨਹੀਂ ਹੁੰਦਾ ।ਦੁਨੀਆਂ ਦੇ ਹੋਰਨਾਂ ਥਾਵਾਂ ਦੀ ਤਰਾਂ ਕਨੇਡਾ ਦੇ ਸਹਿਰ ਐਡਮੰਟਨ ਵਿੱਚ ਵੀ 31 ਦਸੰਬਰ 2022 ਦੀ ਰਾਤ ਬੀਤ ਰਹੀ ਸੀ ਅਤੇ 1 ਜਨਵਰੀ 2023 ਦੀ ਸਵੇਰ ਆਉਣ ਦੀ ਤਿਆਰੀ ਵਿੱਚ ਸੀ ਪਰ ਪੰਜਾਬ ਦੇ ਹੁਸਿਆਰਪੁਰ ਜਿਲੇ ਨਾਲ ਸਬੰਧਿਤ ਐਡਮੰਟਨ ਸਹਿਰ ਵਿੱਚ ਹੀ ਵਸਦੇ ਬਰਿੰਦਰ ਸਿੰਘ ਦੇ ਪਰਿਵਾਰ ਨੂੰ ਇਸ ਸਵੇਰ ਨੇ ਖੁਸ਼ੀਆਂ ਭਰੀ ਜੀ ਆਇਆਂ ਨੂੰ ਕਹਿਣ ਦੀ ਬਜਾਇ ਸੋਗ ਸੁਨੇਹਿਆਂ ਵਿੱਚ ਡੋਬ ਦਿੱਤਾ। ਅਣਪਛਾਤਿਆਂ ਵੱਲੋਂ ਪਰਿਵਾਰ ਉੱਪਰ ਹੋਏ ਕਾਤਲਾਨਾ ਹਮਲੇ ਦੌਰਾਨ ਬਰਿੰਦਰ ਸਿੰਘ ਦੀ ਮੌਤ ਹੋ ਗਈ ਅਤੇ ਉਹਨਾਂ ਦੀ 21 ਸਾਲਾ ਉਮਰ ਦੀ ਬੇਟੀ ਗੋਲੀਆਂ ਲੱਗਣ ਕਾਰਣ ਜ਼ਖ਼ਮੀ ਹੋਈ ਹੈ । 16 ਐਵਨਿਊ ਅਤੇ 38 ਸਟਰੀਟ ਉੱਪਰ ਇਹ ਘਟਨਾ 1 ਜਨਵਰੀ 2023 ਵਾਲੀ ਸਵੇਰ 2 ਵੱਜਕੇ 45 ਮਿੰਟ ਉੱਪਰ ਵਾਪਰੀ ਦੱਸੀ ਜਾਂਦੀ ਹੈ। ਮੌਕੇ ਦੇ ਹਾਲਾਤਾਂ ਅਤੇ ਸਬੂਤਾਂ ਨੂੰ ਦੇਖਦਿਆਂ ਇਹ ਘਟਨਾ ਮਿਥਕੇ ਕੀਤੀ ਗਈ ਜਾਪਦੀ ਹੈ ਜਿਵੇਂ ਕਿ ਆਮ ਹੀ ਅਜਿਹੀਆਂ ਘਟਨਾਵਾਂ ਮੌਕੇ ਵਾਪਰਦਾ ਹੈ ਕਿ ਘਟਨਾਂ ਸਥਾਨ ਦੇ ਨੇੜਿਓਂ ਕੋਈ ਅੱਗ ਨਾਲ ਸੜਦੀ ਗੱਡੀ ਮਿਲਦੀ ਹੈ ।ਇਸ ਕੇਸ ਵਿੱਚ ਵੀ 24 ਸਟਰੀਟ ਅਤੇ 14 ਐਵਨਿਊ ਦੇ ਨੇੜਿਓਂ 2012 ਮਾਡਲ ਡਾਜ਼ ਰੈਮ ਦਾ ਟਰੱਕ ਸੜੀ ਹੋਈ ਹਾਲਾਤ ਵਿੱਚ ਮਿਲਿਆ ਹੈ। ਪੁਲਿਸ ਜਾਂਚ ਵਿੱਚ ਜੁਟ ਗਈ ਹੈ । ਆਮ ਲੋਕਾਂ ਕੋਲੋਂ ਸਹਿਯੋਗ ਦੀ ਮੰਗ ਕੀਤੀ ਗਈ ਹੈ ਕਿ ਜੇਕਰ ਕਿਸੇ ਕੋਲ ਉਸ ਰਾਤ 9 ਵਜੇ ਤੋਂ ਲੈਕੇ ਸਵੇਰ ਦੇ 5 ਵਜੇ ਤੱਕ ਦੀ ਡੈਸ਼ ਫੁਟੇਜ਼ ਜਾਂ ਕੋਈ ਹੋਰ ਸਬੂਤ ਹੋਣ ਤਾਂ ਉਹ ਪੁਲਿਸ ਨਾਲ ਜਰੂਰ ਸੰਪਰਕ ਕਰਨ।

# ਕੈਨੇਡਾ 'ਚ ਪੀ ਯੂ ਦੇ ਪਾੜ੍ਹਿਆਂ ਦਾ ਸਮਾਗਮ ਯਾਦਗਾਰੀ ਹੋ ਨਿੱਬੜਿਆ

ਵੈਨਕੂਵਰ ( ਪੰਜਾਬੀ ਅਖ਼ਬਾਰ ਬਿਊਰੋ) - ਹਰ ਸਾਲ ਦੀ ਤਰਾਂ ਇਸ ਵਾਰ ਵੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਕੈਂਪਸ ਵਿੱਚ ਪੜ੍ਹੇ ਅਤੇ ਕੈਨੇਡਾ - ਅਮਰੀਕਾ ਵਿੱਚ ਰਹਿੰਦੇ ਪੁਰਾਣੇ ਵਿਦਿਆਰਥੀਆਂ ਦਾ ਸਰੀ ਸ਼ਹਿਰ ਵਿੱਚ ਹੋਇਆ ਸੱਤਵਾਂ ਸਾਲਾਨਾ ਸਮਾਗਮ ਯਾਦਗਾਰੀ ਹੋ ਨਿੱਬੜਿਆ। ਪੰਜਾਬ ਯੂਨੀਵਰਸਿਟੀ ਕੈਂਪਸ ਸਟੂਡੈਂਟਸ ਅਲੂਮਨੀ ਵੈਨਕੂਵਰ ਵੱਲੋਂ ਕਰਵਾਏ ਗਏ ਇਸ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਪੂਰੇ ਉੱਤਰੀ ਅਮਰੀਕਾ ਵਿੱਚ ਵਸੇ ਨਵੇਂ-ਪੁਰਾਣੇ ਵਿਦਿਆਰਥੀਆਂ ਨੂੰ ਖੁੱਲ੍ਹਾ ਸੱਦਾ ਭੇਜਿਆ ਗਿਆ ਸੀ। ਬ੍ਰਿਟਿਸ਼ ਕੋਲੰਬੀਆਂ ਸੂਬੇ ਦੀ ਸਿੱਖਿਆ ਮੰਤਰੀ ਰਚਨਾ ਸਿੰਘ ਨੇ ਸਮਾਗਮ ਵਿੱਚ ਵਿਸੇਸ਼ ਮਹਿਮਾਨ ਵੱਜੋਂ ਹਾਜ਼ਰੀ ਭਰੀ । ਅਲੂਮਨੀ ਦੇ ਮੈਂਬਰਾਂ ਵੱਲੋਂ ਰਚਨਾ ਸਿੰਘ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਉਹਨਾਂ ਯੂਨੀਵਰਸਿਟੀ ਨਾਲ ਜੁੜੀਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ । ਸਮਾਗਮ ਵਿੱਚ ਸ਼ਰੀਕ ਹੋਏ ਨਵੇਂ-ਪੁਰਾਣੇ ਵਿਦਿਆਰਥੀਆਂ ਨੇ ਆਪਸੀ ਸਹਿਯੋਗ ਨਾਲ ਸ਼ਹਿਰ ਵਿੱਚ ਸਮਾਜਿਕ ਅਤੇ ਵਾਤਾਵਰਣ ਸਬੰਧੀ ਗਤੀਵਿਧੀਆਂ ਵਿੱਚ ਸਰਗਰਮ ਰਹਿਣ ਦਾ ਅਹਿਦ ਲਿਆ । ਇਸ ਮੌਕੇ ਸਥਾਨਕ ਕਲਾਕਾਰਾਂ ਵੱਲੋਂ ਗੀਤ ਗਾ ਕੇ ਹਾਜ਼ਰੀਨ ਦਾ ਮਨੋਰੰਜਨ ਕੀਤਾ ਗਿਆ । ਮੁੰਡਿਆਂ ਨੇ ਭੰਗੜੇ ਅਤੇ ਕੁੜੀਆਂ ਨੇ ਜਾਗੋ ਕੱਢ ਕੇ ਖੂਬ ਰੰਗ ਬੰਨ੍ਹਿਆਂ।














# ਕਨੇਡਾ ਵਸਦੇ ਲੱਭਾ ਧਨੋਆ ਨੇ ਪਿੰਡ ਦੇ 70 ਸਕੂਲੀ ਬੱਚਿਆਂ ਲਈ ਵਰਦੀਆਂ ਦੇਣ ਵਿੱਚ ਵਿਸ਼ੇਸ਼ ਸਹਿਯੋਗ ਦਿੱਤਾ




ਬਠਿੰਡਾ (ਪੰਜਾਬੀ ਅਖ਼ਬਾਰ ਬਿਊਰੋ) ਜਿਲ੍ਹਾ ਬਠਿੰਡਾ ਦੇ ਪਿੰਡ ਤੁੰਗਵਾਲੀ ਦੇ ਸਰਕਾਰੀ ਐਲੀਮੈਂਟਰੀ ਸਕੂਲ ਬਰਾਂਚ-1 ਤੁੰਗਵਾਲੀ (ਬੇਰੀ ਵਾਲਾ ਸਕੂਲ) ਕਨੇਡਾ ਦੇ ਐਡਮੰਟਨ ਸਹਿਰ ਵਸਦੇ ਟਰਾਂਸਪੋਰਟਰ ਲੱਭਾ ਧਨੋਆ ਦੇ ਵਿਸ਼ੇਸ ਸਹਿਯੋਗ ਨਾਲ ਸ੍ਰੀ ਅਰਪਿਤ ਹੀਰਾ ਵੱਲੋਂ 70 ਦੇ ਕਰੀਬ ਬੱਚਿਆਂ ਨੂੰ ਬਹੁਤ ਹੀ ਵਧੀਆ ਕੁਆਲਿਟੀ ਦੀਆਂ ਪੈਂਟਾਂ ਅਤੇ ਸ਼ਰਟਾਂ ਆਪਣੀ ਨੇਕ ਕਮਾਈ ਵਿੱਚੋਂ ਦਾਨ ਕੀਤੀਆਂ, ਅਤੇ ਅੱਗੇ ਤੋਂ ਵੀ ਅਜਿਹੇ ਕਾਰਜਾਂ ਲਈ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ।ਇਸ ਤੋਂ ਪਹਿਲੇ ਸਮਿਆਂ ਦੌਰਾਨ ਵੀ ਕਨੇਡਾ ਵਾਸੀ ਸ: ਤੇਜਾ ਸਿੰਘ ਚੌਹਾਨ ਦੇ ਪਰਿਵਾਰ ਅਤੇ ਅਦਾਰਾ ਪੰਜਾਬੀ ਅਖ਼ਬਾਰ ਵੱਲੋਂ ਵੀ ਇਸੇ ਹੀ ਸਕੂਲ ਦੇ ਬੱਚਿਆਂ ਲਈ ਅਜਿਹੇ ਉਪਰਾਲੇ ਕੀਤੇ ਜਾਂਦੇ ਰਹੇ ਹਨ। ਵਰਦੀਆਂ ਦੀ ਵੰਡ ਸਮੇਂ ਇਸਤਰੀ ਵਿੰਗ (ਆਮ ਆਦਮੀ ਪਾਰਟੀ) ਦੀ ਪ੍ਰਧਾਨ ਸੀ ਮਤੀ ਬਲਜਿੰਦਰ ਕੌਰ ਮਾਹਲ ਤੁੰਗਵਾਲੀ ,ਸਮਾਜ ਸੇਵੀ ਡਾਕਟਰ ਦਰਸਨ ਸਿੰਘ ਮਾਹਲ,ਹਰਦੀਪ ਮਾਹਲ, ਸਕੂਲ ਦਾ ਸਮੂਹ ਸਟਾਫ ਗੁਰਜੀਤ ਸਿੰਘ, ਨਰਪਿੰਦਰ ਸਿੰਘ ਰੋਮਾਣਾ,ਸ੍ਰੀ ਮਤੀ ਸੁਨੈਨਾ ਰਾਣੀ,ਕਮਲ ਸਾਯਰ ਯਾਰ,ਅਤੇ ਗੁਰਜਿੰਦਰ ਸਿੰਘ ਹਾਜਿਰ ਸਨ। ਸਕੂਲ ਮੁਖੀ ਅਮਨਦੀਪ ਸਿੰਘ ਵੱਲੋਂ ਐਨ ਆਰ ਆਈ ਵੀਰਾਂ ਦਾ ਇਸ ਵਿਸ਼ੇਸ਼ ਉਪਰਾਲੇ ਲਈ ਧੰਨਵਾਦ ਕੀਤਾ ਗਿਆ।

# ਕੈਨੇਡਾ ਚ ਬੱਸ ਪਲਟਣ ਕਾਰਨ ਬਾਬਾ ਬਕਾਲਾ ਸਾਹਿਬ ਦੇ ਨੌਜਵਾਨ ਦੀ ਮੌਤ

ਬ੍ਰਿਟਿਸ਼ ਕੋਲੰਬੀਆ (ਪੰਜਾਬੀ ਅਖ਼ਬਾਰ ਬਿਊਰੋ) ਕ੍ਰਿਸਮਸ ਦੀ ਸ਼ਾਮ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ "ਬਹੁਤ ਬਰਫੀਲੇ" ਹਾਈਵੇਅ ਉੱਤੇ ਇੱਕ ਬੱਸ ਪਲਟਣ ਕਾਰਨ 4 ਲੋਕਾਂ ਦੀ ਮੌਤ ਹੋ ਗਈ ਅਤੇ ਦਰਜਨਾਂ ਹੋਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਉਥੇ ਹੀ ਇਸ ਬੱਸ ਹਾਦਸੇ ਵਿਚ ਪੰਜਾਬ ਦੇ ਨੌਜਵਾਨ ਦੀ ਮੌਤ ਹੋ ਜਾਣ ਦੀ ਖ਼ਬਰ ਵੀ ਸਾਹਮਣੇ ਆਈ ਹੈ। ਬੱਸ ਵੈਨਕੂਵਰ ਤੋਂ ਲਗਭਗ 170 ਮੀਲ ਉੱਤਰ-ਪੂਰਬ ਵਿਚ, ਮੈਰਿਟ ਦੇ ਪੂਰਬ ਵਿਚ ਹਾਈਵੇ 97C 'ਤੇ ਸਥਾਨਕ ਸਮੇਂ ਅਨੁਸਾਰ ਸ਼ਾਮ 6 ਵਜੇ ਦੇ ਕਰੀਬ ਹਾਦਸਾਗ੍ਰਸਤ ਹੋ ਗਈ।




ਦੱਸਿਆ ਜਾ ਰਿਹਾ ਹੈ ਕਿ ਚਾਰ ਮਹੀਨੇ ਪਹਿਲਾਂ ਵਰਕ ਪਰਮਿਟ 'ਤੇ ਕੈਨੇਡਾ ਪੁੱਜੇ ਤਹਿਸੀਲ ਬਾਬਾ ਬਕਾਲਾ ਸਾਹਿਬ ਦੇ ਪਿੰਡ ਬੁਤਾਲਾ ਦੀ ਪੱਤੀ ਰਾਜਪੁਰਾ ਦੇ ਵਸਨੀਕ ਕਰਨਜੋਤ ਸਿੰਘ ਉਰਫ ਵਿੱਕੀ (42) ਦੀ ਮੌਤ ਹੋ ਗਈ ਹੈ। ਮ੍ਰਿਤਕ ਆਪਣੇ ਪਿੱਛੇ ਪਤਨੀ ਨਵਜੀਤ ਕੌਰ (38) ਅਤੇ ਮਾਸੂਮ ਬੱਚੇ, ਜਿਨ੍ਹਾਂ ਵਿਚ ਸਾਹਿਬਜੀਤ ਸਿੰਘ (8) ਅਤੇ ਹਰਗੁਨ ਕੌਰ (3) ਛੱਡ ਗਿਆ ਹੈ। ਸਮੁੱਚੇ ਪਿੰਡ ਵਿਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਬੱਸ ਵਿਚ 50 ਤੋਂ ਵਧੇਰੇ ਲੋਕ ਸਵਾਰ ਸਨ, ਜਿਨ੍ਹਾਂ ਵਿਚੋਂ ਕੁੱਝ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਮਾਰੇ ਗਏ ਬਾਕੀ ਲੋਕਾਂ ਦੀ ਪਛਾਣ ਅਜੇ ਜਾਰੀ ਨਹੀਂ ਕੀਤੀ ਗਈ।

# ਰੈਡ ਡੀਅਰ ਗੁਰੂਘਰ ਵਿਖੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ



ਰੈਡ ਡੀਅਰ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸੂਬੇ ਅੰਦਰ ਕੈਲਗਰੀ ਅਤੇ ਐਡਮੰਟਨ ਦੇ ਸੜਕੀ ਰਸਤੇ ਦੇ ਵਿਚਕਾਰ ਪੈਂਦੇ ਸਹਿਰ ਰੈਡ ਡੀਅਰ ਵਿਖੇ ਵੀ ਪੰਜਾਬੀ ਭਾਈਚਾਰੇ ਨੇ ਗੁਰੂਘਰ ਦੀ ਸਥਾਪਨਾ ਕਰ ਲਈ ਹੈ। ਭਾਵੇਂ ਇਸ ਛੋਟੇ ਸਹਿਰ ਅੰਦਰ ਥੋੜੀ ਗਿਣਤੀ ਵਿੱਚ ਪੰਜਾਬੀ ਭਾਈਚਾਰਾ ਵਸਦਾ ਹੈ ਪਰ ਫਿਰ ਵੀ ਪਿਛਲੇ ਹਫਤੇ ਸਾਹਿਬਜਾਦਿਆਂ ਦੇ ਸ਼ਹੀਦੀ ਦਿਹਾੜੇ ਮਨਾਉਣ ਸਮੇਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜਰੀ ਭਰੀ। ਇਸ ਮੌਕੇ ਕੈਲਗਰੀ ਫੋਰੈਸਟ ਲਾਅਨ ਤੋਂ ਮੈਂਬਰ ਪਾਰਲੀਮੈਂਟ ਸਰਦਾਰ ਜਸਰਾਜ ਸਿੰਘ ਹੱਲਣ ਉਚੇਚੇ ਤੌਰ ਤੇ ਪੁੱਜੇ। ਸਥਾਨਿਕ ਐਮ ਐਲ ਏ ਜੈਸਨ ਸਟੀਫਨ ਨੇ ਵੀ ਵਿਸੇਸ ਤੌਰ ਤੇ ਹਾਜਰੀ ਭਰੀ। ਗੁਰੂਘਰ ਵੱਲੋਂ ਆਏ ਦੋਵਾਂ ਮਹਿਮਾਨਾਂ ਨੂੰ ਵਿਸੇਸ ਯਾਦਗਾਰੀ ਚਿੰਨ ਦੇਕੇ ਸਨਮਾਨਿਤ ਕੀਤਾ ਗਿਆ। ਰਾਗੀ ਸਿੰਘਾਂ ਦੇ ਜਥੇ ਵੱਲੋਂ ਗੁਰੂ ਜੱਸ ਦਾ ਗਾਇਨ ਕਰਦਿਆਂ ਕੀਰਤਨ ਦਰਬਾਰ ਸਜਾਏ ਗਏ। ਸਮੂਹ ਆਈਆਂ ਸੰਗਤਾਂ ਨੇ ਭੋਗ ਉਪਰੰਤ ਗੁਰੂ ਕਾ ਲੰਗਰ ਛਕਿਆ।

# ਕੈਲਗਰੀ ਦੇ ਟਰੱਕ ਡਰਾਈਵਰ ਵੀਰਾਂ ਨੇ ਨਵੇਂ ਸਾਲ ਮੌਕੇ ਤਿੰਨ ਦਿਨ ਗੁਰੂਘਰ ਵਿਖੇ ਲੰਗਰਾਂ ਦੀ ਸੇਵਾ ਸੰਭਾਲੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਟਰੱਕ ਡਰਾਇਵਰ ਭਰਾ ਜੋ ਕਿ ਪਿਛਲੇ 21 ਸਾਲ ਤੋਂ ਲਗਾਤਾਰ ਹਰ ਸਾਲ ਨਵੇਂ ਵਰ੍ਹੇ ਦੇ ਸੰਬੰਧ ਵਿੱਚ ਆਪਣੀ ਕਿਰਤ ਕਮਾਈ ਵਿੱਚੋਂ ਦਸਬੰਧ ਕੱਢ ਕੇ ਗੁਰਦੁਆਰਾ ਸਾਹਿਬ ਦਸਮੇਸ਼ ਕਲਚਰ ਸੈਂਟਰ ਕੈਲਗਰੀ ਵਿਖੇ ਸੇਵਾ ਕਰਦੇ ਹਨ। ਇਹਨਾਂ ਵੀਰਾਂ ਵੱਲੋਂ ਇਸ ਸਾਲ ਵੀ ਤਿੰਨੇ ਦਿਨ ਲੰਗਰਾਂ ਵਿੱਚ ਦਿਨ ਰਾਤ ਇੱਕ ਜਾਣਕੇ ਤਨ ਮਨ ਧਨ ਨਾਲ ਸੇਵਾ ਨਿਭਾਈ ਗਈ ਤੇ ਨਾਲ ਹੀ ਸਿੱਖ ਮੋਟਰਸਾਈਕਲ ਰਾਈਡਰਜ਼ ਕਨੇਡਾ ਵਾਲੇ ਵੀਰਾਂ ਵੱਲੋਂ ਵੀ ਸਾਰਾ ਦਿਨ ਚਾਹ ਪਕੌੜਿਆਂ ਦਾ ਲੰਗਰ ਚੱਲਦਾ ਰਿਹਾ।ਅੰਦਾਜ਼ੇ ਮੁਤਾਬਕ 50,000 ਦੇ ਲਗਭਗ ਸੰਗਤਾਂ ਨੇ ਗੁਰੂ ਘਰ ਹਾਜ਼ਰੀ ਭਰੀ। 20 ਵੱਡ ਅਕਾਰੀ ਕੜਾਹੇ, ਦੇਗੇ ਦਾਲਾਂ ਸਬਜ਼ੀਆਂ, ਸ਼ਾਹੀ ਪਨੀਰ ਅਤੇ ਖੀਰ ਦੇ ਸੰਗਤਾਂ ਲਈ ਬਣਦੇ ਰਹੇ ਹਨ। ਪਰਬੰਧਕਾਂ ਦਾ ਕਹਿਣਾ ਹੈ ਕਿ ਹਰ ਸਾਲ ਲੰਗਰਾਂ ਤੇ ਪਾਠ ਦੀਆਂ ਇਹ ਤਰੀਖਾਂ ਪੱਕੀਆਂ ਹੀ ਹਨ। ਕੈਲਗਰੀ ਦੇ ਸਾਰੇ ਟਰੱਕਾਂ ਵਾਲੇ ਵੀਰਾਂ ਵੱਲੋਂ ਦਸੰਬਰ 30 ,31 ਤੇ 1 ਜਨਵਰੀ ਅਗਲੇ ਸਾਲ ਦਾ ਫਿਰ ਲੰਗਰ ਬੁੱਕ ਕਰਵਾ ਦਿੱਤਾ ਹੈ।















# ਕੈਨੇਡਾ ਚ ਟਰੱਕ ਡਰਾਈਵਰਾਂ ਵੱਲੋਂ ਵੱਧ ਤਨਖਾਹਾਂ ਅਤੇ ਸਹੂਲਤਾਂ ਦੀ ਮੰਗ

ਬਰੈਂਪਟਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਇਸ ਸਮੇਂ ਭਾਰੀ ਬਰਫ਼ਬਾਰੀ ਹੋ ਰਹੀ ਹੈ। ਕੜਾਕੇ ਦੀ ਠੰਡ ਵਿੱਚ ਬਰੈਂਪਟਨ ਦੇ ਚਿੰਗੁਆਕੌਸੀ ਪਾਰਕ ਵਿੱਚ ਬਰੈਂਪਟਨ ਨਾਲ ਸਬੰਧਤ ਟਰੱਕ ਡਰਾਈਵਰਾਂ ਵੱਲੋਂ ਇੱਕ ਇੱਕਠ ਦਾ ਸੱਦਾ ਦਿੱਤਾ ਗਿਆ ਸੀ। ਇਸ ਇੱਕਠ ਦੌਰਾਨ ਟਰੱਕ ਡਰਾਈਵਰਾਂ ਨੇ ਆਪਣੀਆਂ ਮੰਗਾ ਅਤੇ ਮੁਸ਼ਕਿਲਾਂ ਬਾਬਤ ਵਿਚਾਰ ਵਟਾਂਦਰਾ ਕੀਤਾ ਤੇ ਆਪਣੇ ਸੁਝਾਅ ਮੀਡੀਆ ਅੱਗੇ ਰੱਖੇ। ਕੈਨੇਡਾ ਦੀ ਫੈਡਰਲ ਸਰਕਾਰ ਵੱਲੋਂ ਕੰਪਨੀ ਡਰਾਈਵਰਾਂ ਨੂੰ ਕਾਰਪੋਰੇਸ਼ਨ ਦੀ ਜਗ੍ਹਾ ਪੇਅ ਰੋਲ 'ਤੇ ਚੈੱਕ ਕਰਨ ਦੀਆਂ ਕੋਸ਼ਿਸ਼ਾਂ ਸਬੰਧੀ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਉਹ ਸਿਟੀ ਡਰਾਈਵਰਾਂ ਦੀ ਘੱਟੋ-ਘੱਟ ਪ੍ਰਤੀ ਘੰਟਾ ਤਨਖਾਹ 40 ਡਾਲਰ ਲਾਜ਼ਮੀ ਬਣਾਵੇ ਅਤੇ 40 ਘੰਟੇ ਤੋਂ ਵੱਧ ਕੰਮ ਕਰਨ 'ਤੇ ਡੇਢ ਗੁਣਾ ਓਵਰ ਟਾਇਮ ਦੇਣਾ ਵੀ ਯਕੀਨੀ ਬਣਾਵੇ। ਇਸ ਤੋਂ ਇਲਾਵਾ ਵੀਕੈਂਡ ਦੌਰਾਨ ਡਰਾਈਵਰਾਂ ਨੂੰ ਡੇਢ ਗੁਣਾ ਤਨਖਾਹ ਅਤੇ ਹਾਈਵੇਅ 'ਤੇ ਚੱਲਦੇ ਡਰਾਈਵਰਾਂ ਦੀ ਪ੍ਰਤੀ ਮੀਲ ਤਨਖਾਹ ਨੂੰ ਵੀ ਵਧਾਉਣ ਦੀ ਮੰਗ ਕੀਤੀ ਗਈ। ਉਹਨਾਂ ਵੱਲੋਂ ਚੁਣੇ ਹੋਏ ਨੁਮਾਇੰਦਿਆਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਉਹ ਪਹਿਲਾ ਇਸ ਮਸਲੇ ਨੂੰ ਸਮਝਣ ਫਿਰ ਹੀ ਕੋਈ ਮੀਡੀਆ ਜਾਂ ਸਬੰਧਤ ਮੰਤਰੀਆਂ ਅੱਗੇ ਬਿਆਨਬਾਜ਼ੀ ਕਰਨ। ਉਹਨਾਂ ਸਰਕਾਰ ਅੱਗੇ ਮੰਗ ਰੱਖੀ ਹੈ ਕਿ ਜੇਕਰ ਡਰਾਈਵਰਾਂ ਦੀ ਸੇਫਟੀ ਨੂੰ ਵਧਾਉਣਾ ਹੈ ਤਾਂ ਉਹਨਾਂ ਦੀਆਂ ਤਨਖਾਹਾਂ ਵਧਾਉਣ ਦੀ ਲੋੜ ਹੈ ਤਾਂਕਿ ਉਹ ਘੱਟ ਤਨਖਾਹ ਉਪਰ ਵੱਧ ਘੰਟੇ ਕੰਮ ਕਰਨ ਲਈ ਮਜਬੂਰ ਨਾ ਹੋਣ। ਉਹਨਾਂ ਕਿਹਾ ਹੈ ਕਿ ਜੇਕਰ ਸਰਕਾਰ ਉਨਾਂ ਦੀਆਂ ਮੰਗਾ 'ਤੇ ਗੌਰ ਨਹੀ ਕਰਦੀ ਹੈ ਤਾਂ ਉਹਨਾਂ ਨੂੰ ਮਜਬੂਰਨ ਆਉਣ ਵਾਲੇ ਸਮੇਂ ਦੌਰਾਨ ਮੁਜਾਹਰੇ ਦਾ ਰਾਹ ਅਖਤਿਆਰ ਕਰਨਾ ਪਵੇਗਾ। ਇਸ ਮੌਕੇ ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ, ਰੀਜਨਲ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ, ਜੋਤਵਿੰਦਰ ਸੋਢੀ ,ਗਗਨ ਸੰਧੂ, ਤੇਜ਼ੀ ਸੰਧੂ,ਨਵ ਸੇਖੋਂ , ਹੁਨਰ ਕਾਹਲੋਂ ,ਜੱਸ ਸੰਘਾ ,ਮਨਜਿੰਦਰ ਸੰਧੂ ਅਤੇ ਮਨਜਿੰਦਰ ਢਿੱਲੋ ਸਮੇਤ ਵੱਡੀ ਗਿਣਤੀ ਵਿਚ ਟਰੱਕ ਡਰਾਈਵਰ ਹਾਜ਼ਰ ਸਨ।



# ਓਨਟਾਰੀਓ ਦੇ ਹਮਿਲਟਨ 'ਚ ਘਰ ਨੂੰ ਅੱਗ ਲੱਗਣ ਨਾਲ 2 ਬੱਚਿਆਂ ਸਮੇਤ 4 ਜਣਿਆਂ ਦੀ ਮੌਤ ਹੋਈ

ਹੈਮਲਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਹੈਮਿਲਟਨ ਦੇ ਇੱਕ ਘਰ ਵਿੱਚ ਲੱਗੀ ਜ਼ਬਰਦਸਤ ਅੱਗ ਕਾਰਨ ਦੋ ਬੱਚਿਆਂ ਸਮੇਤ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਹੈ। ਫਾਇਰਫਾਈਟਰਜ਼ ਨੂੰ ਅੱਪਰ ਗੇਜ ਐਵਨਿਊ ਤੇ ਰਾਇਮਲ ਰੋਡ ਇਲਾਕੇ ਵਿੱਚ 14 ਡਰਬੀ ਸਟਰੀਟ ਵਿਖੇ ਟਾਊਨਹਾਊਸ ਵਿੱਚ ਸੱਦਿਆ ਗਿਆ। ਜਦੋਂ ਫਾਇਰਫਾਈਟਰਜ਼ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਘਰ ਨੂੰ ਅੱਗ ਲੱਗੀ ਨਜ਼ਰ ਆਈ। ਉਨ੍ਹਾਂ ਵੱਲੋਂ ਫੌਰੀ ਤੌਰ ਉੱਤੇ ਅੱਗ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਗਈ। ਅੱਗ ਬੁਝਾਊ ਅਮਲੇ ਨੂੰ ਨੂੰ ਟਾਊਨਹਾਊਸ ਦੀ ਦੂਜੀ ਮੰਜ਼ਿਲ ਉੱਤੇ ਫਸੇ ਹੋਏ ਕੁੱਝ ਲੋਕਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਬਚਾਅ ਕਾਰਜਾਂ ਦੌਰਾਨ ਪੈਰਾਮੈਡਿਕਸ ਨਾਲ ਰਲ ਕੇ ਫਾਇਰਫਾਈਟਰਜ਼ ਨੇ ਫਸੇ ਹੋਏ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਸ਼ੁਰੂ ਕੀਤੀ ਤੇ ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿੱਥੇ 4 ਜਣਿਆਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਜਿੰਨਾ ਵਿਚ 2 ਬੱਚੇ ਵੀ ਸ਼ਾਮਿਲ ਸਨ । ਹੈਮਿਲਟਨ ਪੁਲਿਸ ਨੇ ਦੱਸਿਆ ਕਿ ਕੁੱਲ ਛੇ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ ਸੀ ਜਿਨ੍ਹਾਂ ਵਿੱਚੋਂ ਦੋ ਵਿਅਕਤੀਆਂ ਦੀ ਹਾਲਤ ਸਥਿਰ ਹੈ।








# ਕ੍ਰਿਸਮਿਸ ਦੀ ਸਵੇਰ ਨੂੰ ਗੋਲੀਬਾਰੀ ਦੀ ਘਟਨਾ ਵਿੱਚ ਜਖ਼ਮੀ ਨੇ ਹਸਪਤਾਲ ਜਾਕੇ ਦਮ ਤੋੜਿਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕ੍ਰਿਸਮਿਸ ਦਾ ਤਿਉਹਾਰ ਮਨੁੱਖਤਾ ਅੰਦਰ ਆਪਸੀ ਮੋਹ ਮੁਹੱਬਤ ਦੇ ਪ੍ਰਗਟਾਵੇ ਵੱਜੋਂ ਮਨਾਇਆ ਜਾਂਦਾ ਹੈ ਪਰ ਮਨੁੱਖ ਦੀ ਮਨੁੱਖ ਪ੍ਰਤੀ ਨਫਰਤ ਭਰੀ ਜਾਨ ਲੇਵਾ ਘਟਨਾ ਕੈਲਗਰੀ ਦੇ ਨਾਰਥ ਈਸਟ ਏਰੀਆ ਵਿੱਚ ਫੋਰੈਸਟ ਲਾਅਨ ਵਿਖੇ ਵਾਪਰਨ ਦੀ ਖ਼ਬਰ ਵੀ ਸਾਹਮਣੇ ਆਈ ਹੈ। ਕਿਸ੍ਰਮਿਸ ਦੀ ਸਵੇਰ ਨੂੰ ਤਕਰੀਬਨ ਸਾਢੇ ਕੁ ਚਾਰ ਵਜੇ ਪੁਲਿਸ ਨੂੰ ਫੋਨ ਕਾਲ ਕਰਕੇ ਬੁਲਾਇਆ ਗਿਆ ਕਿ ਫੋਰੈਸਟ ਲਾਅਨ ਇਲਾਕੇ ਵਿੱਚ ਗੋਲੀਬਾਰੀ ਹੋਈ ਹੈ, ਜਿਉਂ ਹੀ ਪੁਲਿਸ ਮੌਕੇ ਉੱਪਰ 23 ਐਵਨਿਊ 36 ਸਟਰੀਟ ਦੇ ਸਥਾਨ ਕੋਲ ਪੁੱਜੀ ਤਾਂ ਇੱਕ ਵਿਅਕਤੀ ਨੂੰ ਗੋਲੀ ਲੱਗਣ ਕਾਰਣ ਜਖਮੀ ਹਾਲਤ ਵਿੱਚ ਦੇਖਿਆ ਗਿਆ। । ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਪੁਲਿਸ ਨੇ ਹਾਲੇ ਤੱਕ ਮਰਨ ਵਾਲੇ ਦੀ ਪਛਾਣ ਜਨਤਕ ਨਹੀਂ ਕੀਤੀ । ਪੁਲਿਸ ਹਾਲੇ ਇਸ ਘਟਨਾ ਦੀ ਜਾਂਚ ਵਿੱਚ ਲੱਗੀ ਹੋਈ ਹੈ ਜੇਕਰ ਇਹ ਮਿੱਥਕੇ ਕੀਤਾ ਕਤਲ ਹੋਇਆ ਤਾਂ ਕੈਲਗਰੀ ਵਿੱਚ ਇਹ ਸਾਲ2022 ਦਾ 26ਵਾਂ ਕਤਲ ਹੋਵੇਗਾ ਜੋ ਕਿ ਮੰਦਭਾਗੀ ਅਤੇ ਚਿੰਤਾਜਨਕ ਹੈ। ਪੁਲਿਸ ਨੇ ਲੋਕਾਂ ਕੋਲੋਂ ਸਹਿਯੋਗ ਦੀ ਮੰਗ ਕਰਦਿਆਂ ਘਟਨਾ ਬਾਰੇ ਜਾਣਕਾਰੀ ਵਾਲੇ ਕਿਸੇ ਵੀ ਵਿਅਕਤੀ ਨੂੰ 403-266-1234 'ਤੇ ਪੁਲਿਸ ਨੂੰ ਕਾਲ ਕਰਨ ਲਈ ਕਿਹਾ ਜਾਂਦਾ ਹੈ, ਜਾਂ 1-800-222-8477 'ਤੇ ਕ੍ਰਾਈਮ ਸਟੌਪਰਸ ਦੁਆਰਾ ਅਗਿਆਤ ਰੂਪ ਵਿੱਚ ਇੱਕ ਟਿਪ ਦੇਣ ਲਈ ਕਿਹਾ ਜਾਂਦਾ ਹੈ।











# ਧੁੰਦ ਕਾਰਣ ਸੜਕੀ ਹਾਦਸਾ ਵਾਪਰਿਆ,20 ਗੱਡੀਆਂ ਆਪਸ ਵਿੱਚ ਟਕਰਾਈਆਂ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੀਆਂ ਸੜਕਾਂ ਉੱਪਰ ਅੱਗ ਬੁਝਾਊ ਗੱਡੀਆਂ ਦਾ ਉੱਚੀ ਉੱਚੀ ਸਾਇਰਨ ਵਜਾਊਂਦੇ ਹੋਏ ਸੜਕਾਂ ਉੱਪਰ ਦੌੜਣਾ ਭਾਵੇਂ ਕਨੇਡਾ ਵਾਸੀਆਂ ਦੇ ਨਿੱਤ ਦੇ ਜੀਣ ਵਿਹਾਰ ਦਾ ਹਿੱਸਾ ਹੈ ਪਰ ਅੱਗ ਬੁਝਾਊ ਮਹਿਕਮੇ ਵੱਲੋਂ ਆਮ ਤੌਰ ਤੇ ਖ਼ਬਰ ਇਹੀ ਆਉਂਦੀ ਹੈ ਕਿ ਸਮੇਂ ਸਿਰ ਅੱਗ ਬੁਝਾਊ ਅਮਲੇ ਦੇ ਪੁੱਜਣ ਕਾਰਣ ਬਚਾਅ ਹੋ ਗਿਆ। ਪਰ ਬੀਤੀ ਰਾਤ ਕੈਲਗਰੀ ਦੇ ਨਾਰਥ ਵਿੱਚ ਮਾੜੇ ਮੌਸਮ ਕਾਰਣ ਹੋਏ ਸੜਕ ਹਾਦਸੇ ਉਪਰੰਤ ਟਰੱਕ ਨੂੰ ਅੱਗ ਲੱਗ ਗਈ ਜਿਸ ਕਾਰਣ ਇੱਕ ਵਿਅਕਤੀ ਦੀ ਮੌਤ ਹੋਣ ਅਤੇ 9 ਹੋਰ ਦੇ ਬੁਰੀ ਤਰਾਂ ਜ਼ਖਮੀ ਹੋਣ ਦੀ ਖਬਰ ਹੈ। ਮੌਕੇ ਦੇ ਗਵਾਹਾਂ ਮੁਤਾਬਿਕ ਕੈਲਗਰੀ ਤੋਂ ਲੱਗਪੱਗ 20 ਕਿਲੋਮੀਟਰ ਦੂਰ ਹਾਈਵੇਅ 2 ਉੱਪਰ ਤਕਰੀਬਨ 20 ਵਾਹਨਾਂ ਦੀ ਟੱਕਰ ਹੋਈ ਹੈ ਆਰਸੀਐਮਪੀ ਅਨੁਸਾਰ ਇੱਕ ਟਰੇਲਰ, ਪੰਜ ਸੇਡਾਨ ਕਾਰਾਂ, ਚਾਰ ਪਿਕਅੱਪ ਟਰੱਕ, ਤਿੰਨ ਐਸਯੂਵੀ ਅਤੇ ਇੱਕ ਯਾਤਰੀ ਵੈਨ ਇਸ ਘਟਨਾ ਵਿੱਚ ਸ਼ਾਮਲ ਸਨ।"ਇਸ ਮੰਦਭਾਗੀ ਘਟਨਾ ਦੇ ਵਾਪਰਣ ਪਿੱਛੇ ਸੰਘਣੀ ਧੁੰਦ ਦਾ ਹੋਣਾ ਮੰਨਿਆ ਜਾ ਰਿਹਾ ਹੈ। ਮੌਕੇ ਦੇ ਇੱਕ ਗਵਾਹ ਦਾ ਕਹਿਣਾ ਹੈ ਕਿ "ਮੈਨੂੰ ਇਮਾਨਦਾਰੀ ਨਾਲ ਪੱਕਾ ਪਤਾ ਨਹੀਂ ਸੀ ਕਿ ਮੈਂ ਹਾਈਵੇਅ 'ਤੇ ਕਿੱਥੇ ਸੀ, ਧੁੰਦ ਇੰਨੀ ਸੰਘਣੀ ਸੀ ਕਿ ਤੁਸੀਂ ਅਸਲ ਵਿੱਚ ਕੋਈ ਵੀ ਸੜਕ ਦਾ ਨਿਸ਼ਾਨ ਨਹੀਂ ਦੇਖ ਸਕਦੇ ਸੀ। ਪੁਲਿਸ ਇਸ ਘਟਨਾ ਦੀ ਜਾਂਚ ਕਰ ਰਹੀ ਹੈ ਪਰ ਹਾਲੇ ਤੱਕ ਪੁਲਿਸ ਨੇ ਮ੍ਰਿਤਕ ਦੀ ਪਛਾਣ ਜਾਰੀ ਨਹੀਂ ਕੀਤੀ।












# ਗਲੋਅ-ਬੱਲ ਆਰਟ ਕ੍ਰੀਏਸ਼ਨਜ਼ ਨੇ ਜ਼ੀਰਕਪੁਰ ਵਿਚ ਮੁਹੰਮਦ ਰਫ਼ੀ ਦਾ ਜਨਮ ਦਿਨ ਮਨਾਇਆ ਗਿਆ

ਜ਼ੀਰਕਪੁਰ (ਪੰਜਾਬੀ ਅਖਬਾਰ ਬਿਊਰੋ)-ਗਲੋਅ ਬੱਲ ਆਰਟ ਕ੍ਰੀਏਸ਼ਨਜ਼ ਵੱਲੋਂ ਪੰਜਾਬ ਦੇ ਪੁੱਤਰ, ਪ੍ਰਸਿੱਧ ਪਲੇਅ ਬੈਕ ਸਿੰਗਰ ਮੁਹੰਮਦ ਰਫ਼ੀ ਦਾ 98ਵਾਂ ਜਨਮ ਦਿਨ ਜ਼ੀਰਕ ਪੁਰ ਦੇ ਇਕ ਹੋਟਲ ਵਿਚ ਮਨਾਇਆ ਗਿਆ।ਇਸ ਪ੍ਰੋਗ੍ਰਾਮ ਬਾਰੇ ਆਰਟ ਕ੍ਰੀਏਸ਼ਨਜ਼ ਦੇ ਪ੍ਰਧਾਨ ਡਾ. ਮਨਜੀਤ ਸਿੰਘ ਬੱਲ ਨੇ ਦੱਸਿਆ ਕਿ, 42 ਦੇ ਕਰੀਬ ਰਫ਼ੀ ਦੇ ਦੀਵਾਨੇ ਮਰਦ ਤੇ ਔਰਤਾਂ ਚੰਡੀਗੜ੍ਹ, ਕਾਲਕਾ, ਪਿੰਜੌਰ, ਸੋਲਨ, ਸਰਹੰਦ, ਅੰਬਾਲਾ, ਪੰਚਕੂਲਾ, ਮੋਹਾਲੀ, ਜ਼ੀਰਕਪੁਰ ਤੇ ਹੋਰ ਨਜ਼ਦੀਕੀ ਸਥਾਨਾਂ ਤੋਂ ਪੁੱਜੇ ਹੋਏ ਸਨ ਤੇ ਜਿਹਨਾਂ ਨੇ ਸਿਰਫ ਮੁਹੰਮਦ ਰਫੀ ਦੇ ਹੀ ਗਾਣੇ ਗਾਏ ਔਰਤਾਂ ਨੇ ਰਫ਼ੀ ਨਾਲ ਗਾਏ ਹੋਏ ਲਤਾ-ਆਸ਼ਾ ਭੋਸਲੇ ਦੇ ਸੋਲੋ ਗੀਤ ਤੇ ਰਫੀ-ਲਤਾ ਦੇ ਦੁਗਾਣੇ ਸੁਣਾਏ। ਸਰੋਤਿਆਂ ਸਮੇਤ ਤਕਰੀਬਨ 95 ਵਿਅਕਤੀ ਹਾਜ਼ਰ ਸਨ। ਪ੍ਰੋਗ੍ਰਾਮ ਦਾ ਆਰੰਭ ਸ਼੍ਰੀ ਗੁਰੁ ਗੋਬਿੰਦ ਸਿੰਘ ਜੀ ਦਵਾਰਾ ਮਾਛੀਵਾੜੇ ਦੇ ਜੰਗਲਾਂ ਵਿਚ ਰਚੇ ਗਏ ਰਫ਼ੀ ਦੇ ਸ਼ਬਦ 'ਮਿੱਤਰ ਪਿਆਰੇ ਨੂੰ ਹਾਮ ਮੁਰੀਦਾਂ ਦਾ ਕਹਿਣਾ' ਸ਼ਬਦ ਨਾਲ ਕੀਤਾ ਗਿਆ।

ਮੁੱਖ ਮਹਿਮਾਨ ਵਜੋਂ, ਚੰਡੀਗੜ੍ਹ ਸੰਗੀਤ ਨਾਟਕ ਅਕੈਡਮੀ ਦੇ ਸਕੱਤਰ ਤੇ ਟੈਗੋਰ ਥਿਏਟਰ ਦੇ ਸਾਬਕਾ ਪ੍ਰਧਾਨ, ਸ. ਬਲਕਾਰ ਸਿੰਘ ਸਿੱਧੂ ਨੇ ਪੂਰਾ ਸਮਾਂ ਇਸ ਸੰਗੀਤਕ ਸ਼ਾਮ ਦਾ ਆਨੰਦ ਮਾਣਿਆ ਤੇ ਹੋਰਨਾਂ ਸਮੇਤ ਕੁੱਝ ਗੀਤਾਂ ਤੇ ਡਾਂਸ ਵੀ ਕੀਤਾ ਜਿਵੇਂ ਅਨੁਰਾਧਾ ਸ਼ਰਮਾ ਤੇ ਡਾ. ਬੱਲ ਦਾ ਦੁਗਾਣਾ 'ਸਰ ਪੇ ਟੋਪੀ ਲਾਲ ਹਾਥ ਮੇਂ ਰੇਸ਼ਮ ਕਾ ਰੁਮਾਲ'। ਸੰਜੀਵ ਧਿਮਾਨ ਬਹੁਤ ਹੀ ਸੁਚੱਜੇ ਢੰਗ ਨਾਲ ਮੰਚ-ਸੰਚਾਲਣ ਦਾ ਫਰਜ਼ ਨਿਭਾਇਆ ਤੇ ਆਪਣੇ ਹਿੱਸੇ ਦਾ ਗੀਤ ਵੀ ਗਾਇਆ ਅਸ਼ੋਕ ਸ਼ਰਮਾ ਦੇ ਗੀਤ 'ਨੈਨ ਲੜ ਗਈ ਹੈ ਤੋ ਮਨਵਾ ਮੇਂ' ਤੇ ਡਾ. ਪ੍ਰਮੋਦ ਸ਼੍ਰੀਧਰ-ਡਾ. ਸੁਜਾਤਾ ਸ਼੍ਰੀਧਰ ਦੇ 'ਯੇ ਦੇਖ ਕੇ ਦਿਲ ਝੂਮਾ ਲੀ ਪਿਆਰ ਨੇ ਅੰਗੜਾਈ' ਦੁਗਾਣੇ ਨੇ ਸਰੋਤਿਆਂ ਨੂੰ ਝੂਮਣ ਲਾ ਦਿੱਤਾ। ਕਾਲਕਾ ਦੇ ਸਵਾਮੀ ਬਾਗਵਾਨ ਦਾ ਗੀਤ 'ਮੁਹੰਮਦ ਰਫ਼ੀ ਤੂ ਬਹੁਤ ਯਾਦ ਆਇਆ' ਆਪਣੀ ਵੱਖਰੀ ਛਾਪ ਛੱਡ ਗਿਆ ਹਰਜੀਤ ਸਿੰਘ ਤੇ ਮਿਸਜ਼ ਮੈਰੀ ਦੇ ਗਾਣੇ 'ਓ ਹਸੀਨਾ ਜ਼ੁਲਫ਼ੋਂ ਵਾਲੀ ਜਾਨੇ ਜਹਾਂ' ਨੇ ਤਾਂ ਸਰੋਤਿਆਂ ਨੂੰ ਮਦਮਸਤ ਹੀ ਕਰ ਦਿੱਤਾ ਹੋਰ ਗਾਇਕਾਂ ਰਾਜੇਸ਼ ਕਪਿਲ, ਸੰਗੀਤਾ ਨਾਗਪਾਲ, ਕੇਵਲ ਸਰੀਨ, ਉਮੇਸ਼, ਵਿਨੈ ਕੁਮਾਰ (ਜ਼ੀਰਕ ਪੁਰ), ਸੁਰੇਸ਼, ਵਿਨੈ ਕੁਮਾਰ (ਚੰਡੀਗੜ੍ਹ), ਚੰਦਨ ਰਾਣਾ, ਸ਼ਾਤੀ ਸਰੂਪ, ਵਿਸ਼ਾਲ ਸ਼ਰਮਾ, ਦੀਪਕ ਭਟਨਾਗਰ, ਸੋਮੇਸ਼ ਕੁਮਾਰ, ਕਿਰਣ ਅਗਰਵਾਲ, ਅੰਮ੍ਰਿਤਸਰ ਤੋਂ ਜਸਪਾਲ ਬੱਲ ਤੇ ਮੋਨੂ ਸ਼ਰਮਾ; ਕੁਲਜੀਤ ਸਿੰਘ, ਅਨਿੰਨਯਾ ਦੱਤਾ, ਸ. ਚੀਮਾ ਆਦਿ ਨੇ ਰਫ਼ੀ ਦੇ ਮਸ਼ਹੂਰ ਗੀਤ ਗਾਏ ਸਰਹੰਦ ਤੋਂ ਵਿਸ਼ੇਸ਼ ਤੌਰ ਤੇ ਆਏ ਬਲਦੇਵ ਕ੍ਰਿਸ਼ਨ ਨੇ ਆਪਣੇ ਗੀਤ ਦੇ ਨਾਲ ਨਾਲ ਸਭ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਧਰਤੀ ਦੇ ਦਰਸ਼ਨ ਕਰਨ ਲਈ ਵੀ ਕਿਹਾ। ਡਾ. ਮਨਜੀਤ ਬੱਲ ਜਿਹਨਾਂ ਦਾ ਅੰਮ੍ਰਿਤਸਰ ਜ਼ਿਲ੍ਹੇ ਵਿਚ ਜੱਦੀ ਪਿੰਡ ਬੱਲ ਕਲਾਂ, ਮੁਹੰਮਦ ਰਫ਼ੀ ਦੇ ਪਿੰਡ ਕੋਟਲਾ ਸੁਲਤਾਨ ਸਿੰਘ ਦੇ ਨਜ਼ਦੀਕ ਹੀ ਹੈ, ਨੇ ਰਫ਼ੀ ਸਾਹਿਬ ਦੀ ਸੰਖੇਪ ਜੀਵਨੀ ਬਾਰੇ ਚਾਨਣਾ ਪਾਇਆ। ਜਦ ਡਾ. ਬੱਲ ਨੇ ਦੱਸਿਆ ਕਿ ਉਹਨਾਂ ਨੇ 1967 ਵਿਚ ਅੰਮ੍ਰਿਤਸਰ ਦੇ ਪੈਂਥਰ ਸਟੇਡੀਅਮ ਵਿੱਚ ਰਫ਼ੀ ਸਾਹਿਬ ਨੂੰ ਰੂਬਰੂ ਸੁਣਿਆ ਸੀ ਤਾਂ ਸਾਰਿਆਂ ਨੇ ਖੁਸ਼ੀ ਵਿੱਚ ਤਾੜੀਆਂ ਮਾਰੀਆਂ ਆਖ਼ਰ ਵਿੱਚ ਬਲਕਾਰ ਸਿੱਧੂ ਜੀ ਨੇ ਇਸ ਨੂੰ ਇੱਕ ਸਫ਼ਲ ਪ੍ਰੋਗ੍ਰਾਮ ਦੱਸਿਆ ਤੇ ਕਿਹਾ ਕਿ ਇਸ ਤਰ੍ਹਾਂ ਦੇ ਆਯੋਜਨਾਂ ਨਾਲ ਅਸੀ ਮਹਾਨ ਸ਼ਖ਼ਸ਼ੀਅਤਾਂ ਨੂੰ ਯਾਦ ਵੀ ਕਰ ਲੈਂਦੇ ਹਾਂ ਤੇ ਨਾਲ ਹੀ ਸਭ ਦਾ ਮੂਡ ਵੀ ਠੀਕ ਰਹਿੰਦਾ ਹੈ, ਟੈਂਸ਼ਨ ਵੀ ਘਟਦੀ ਹੈ ਤੇ ਬਲੱਡ ਪ੍ਰੈਸ਼ਰ ਵੀ ਸਹੀ ਰਹਿੰਦਾ ਹੈ।




ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਦਾਖਲਾ ਸ਼ੁਰੂ ਹੈ New batch starat 18 Jan, 2023
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
INDIVIDUAL COURSES
• Eyelash Extensions • Makeup
• Eye brow/Eyelash Tinting • Hair styling
• Eyelash Lift up • Manicure/Pedicure
• Waxing • Facials • Microdermabrasion
• Threading • Artificial Nails
DIPLOMA PROGRAMS
• Esthetics Diploma • Makeup Artistry Diploma
• Nail Technician Diploma • Clinical Esthetics
We Provide Laser Hair Removal Treatments
GD COLLEGE CALGARY
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜ਼ਿੰਦਗੀ ਨੂੰ ਕਲਾ ਵਿੱਚ ਬਦਲੋ
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NE NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

P PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

## ਸੰਪਾਦਕੀ



ਨੀਤੀਆਂ ਦਾ ਮੁੱਖ ਅਵਾਮ ਵੱਲ ਹੋਣਾ ਚਾਹੀਦਾ ਹੈ।
- ਅਗਿਆਤ

# ਪ੍ਰਵਾਸੀ ਪੰਜਾਬੀਆਂ ਦਾ ਪੰਜਾਬੀਅਤ ਨਾਲ ਮੋਹ

ਪੰਜਾਬੀ ਹੁਣ ਸਿਰਫ ਪੰਜਾਬ ਤੱਕ ਸੀਮਤ ਨਹੀਂ ਹਨ। ਹੁਣ ਉਨ੍ਹਾਂ ਵਿਦੇਸ਼ਾਂ ਵਿੱਚ ਵੀ ਪੰਜਾਬ ਵਸਾ ਲਿਆ ਹੈ, ਪਰ ਉਨ੍ਹਾਂ ਦਾ ਪੰਜਾਬ ਨਾਲ ਮੋਹ ਟੁੱਟਿਆ ਨਹੀਂ ਹੈ। ਸਮੇਂ-ਸਮੇਂ ਉਤੇ ਉਹ ਪੰਜਾਬ ਵਿੱਚ ਆਉਂਦੇ ਹਨ ਅਤੇ ਆਪਣੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੋਈ ਨਾ ਕੋਈ ਅਜਿਹਾ ਕੰਮ ਕਰਦੇ ਹਨ ਜਿਸ ਨਾਲ ਕਿ ਇੱਥੇ ਰਹਿੰਦੇ ਲੋਕਾਂ ਦੀ ਮੱਦਦ ਹੋ ਸਕੇ। ਪੰਜਾਬ ਦੇ ਪਿੰਡਾਂ ਸ਼ਹਿਰਾਂ ਨੂੰ ਚੰਗੀ ਸਿੱਖਿਆ ਦੀ ਬਹੁਤ ਜ਼ਿਆਦਾ ਲੋੜ ਹੈ। ਉਸ ਲੋੜ ਦੀ ਗੁਣਵਤਾ ਵਧਾਉਣ ਲਈ ਪ੍ਰਵਾਸੀ ਪੰਜਾਬੀਆਂ ਦੇ ਯੋਗਦਾਨ ਦੀ ਬਹੁਤ ਜ਼ਿਆਦਾ ਲੋੜ ਹੈ। ਇਹ ਯੋਗਦਾਨ ਤਾਂ ਹੀ ਪੈ ਸਕਦਾ ਹੈ ਜੇਕਰ ਇੱਥੋਂ ਦੀਆਂ ਸਰਕਾਰਾਂ ਉਨ੍ਹਾਂ ਦੀ ਬਾਂਹ ਫੜਨਗੀਆਂ। ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਹੁਣ ਪ੍ਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਦੂਰ ਕਰਨ ਲਈ ਠੋਸ ਕਦਮ ਵੀ ਚੁੱਕੇ ਹਨ। ਸਰਕਾਰ ਆਪਣੀ ਜ਼ਿੰਮੇਵਾਰੀ ਨਿਭਾ ਰਹੀ ਹੈ ਅਤੇ ਪ੍ਰਵਾਸੀ ਪੰਜਾਬੀਆਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ, ਕਿਉਂਕਿ ਪੰਜਾਬੀਆਂ ਨੇ ਦੁਨੀਆ ਦੇ ਲਗਭਗ ਸਾਰੇ ਹੀ ਦੇਸ਼ਾਂ 'ਚ ਆਪਣੀ ਸਖ਼ਤ ਮਿਹਨਤ, ਲਗਨ, ਸਿਦਕ ਤੇ ਦ੍ਰਿੜ੍ਹ ਇਰਾਦਿਆਂ ਸਦਕਾ ਆਪਣਾ ਲੋਹਾ ਮਨਵਾਇਆ ਹੈ। ਉਹ ਜਿਹੜੇ ਵੀ ਦੇਸ਼ 'ਚ ਗਏ ਹਨ, ਉੱਥੇ ਉਨ੍ਹਾਂ ਉੱਚੇ ਅਹੁਦੇ ਵੀ ਹਾਸਲ ਕੀਤੇ ਹਨ ਅਤੇ ਆਪਣੀਆਂ ਨਿੱਜੀ ਪ੍ਰਾਪਤੀਆਂ ਕਰਕੇ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਆਮ ਤੌਰ 'ਤੇ ਇਹੋ ਝੋਰਾ ਰਹਿੰਦਾ ਹੈ ਕਿ ਉਨ੍ਹਾਂ ਦੇ ਬੱਚੇ ਪੰਜਾਬੀ ਸੱਭਿਆਚਾਰ ਤੇ ਪੰਜਾਬੀਅਤ ਤੋਂ ਦੂਰ ਹੁੰਦੇ ਜਾ ਰਹੇ ਹਨ। ਇਸੇ ਲਈ ਉਹ ਪੱਛਮੀ ਦੇਸ਼ਾਂ 'ਚ ਮਸਾਂ ਕਿਤੇ ਕੋਈ ਅਧਿਆਪਕ ਲੱਭ ਕੇ ਆਪਣੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਤੇ ਵਿਆਕਰਨ ਦਾ ਗਿਆਨ ਦਿੰਦੇ ਹਨ ਪਰ ਇਸ ਦੇ ਬਾਵਜੂਦ ਉਹ ਬੱਚੇ ਪੰਜਾਬ ਨਾਲ ਜੁੜਨਾ ਨਹੀਂ ਚਾਹੁੰਦੇ। ਇਸ ਮਸਲੇ ਦੇ ਹੱਲ ਲਈ ਅਮਰੀਕਾ 'ਚ ਰਹਿੰਦੇ ਇੱਕ ਪੰਜਾਬੀ ਪਰਿਵਾਰ ਨੇ ਆਪਣੇ ਬੱਚੇ ਜਲੰਧਰ ਜ਼ਿਲ੍ਹੇ ਦੇ ਮਲਸੀਆਂ ਸਥਿਤ ਇੱਕ ਸਕੂਲ 'ਚ ਪੜ੍ਹਾ ਕੇ ਵਿਲੱਖਣ ਮਿਸਾਲ ਕਾਇਮ ਕੀਤੀ ਹੈ। ਇਹ ਬੱਚੇ ਇੱਥੋਂ ਬੁਨਿਆਦੀ ਸਿੱਖਿਆ ਹਾਸਲ ਕਰ ਕੇ ਉੱਚ ਸਿੱਖਿਆ ਹਾਸਲ ਕਰਨ ਲਈ ਭਾਵੇਂ ਦੁਨੀਆ ਦੇ ਕਿਸੇ ਵੀ ਕੋਨੇ 'ਚ ਚਲੇ ਜਾਣ, ਉਹ ਪੰਜਾਬ ਦੀ ਇਸ ਧਰਤੀ ਤੋਂ ਕਦੇ ਨਹੀਂ ਟੁੱਟ ਸਕਣਗੇ। ਅਜਿਹਾ ਉਪਰਾਲਾ ਕਰਨ ਬਾਰੇ ਸਾਰੇ ਹੀ ਪਰਵਾਸੀਆਂ ਨੂੰ ਇੱਕ ਵਾਰ ਜ਼ਰੂਰ ਸੋਚਣਾ ਚਾਹੀਦਾ ਹੈ। ਇਸ ਨਾਲ ਜਿੱਥੇ ਉਨ੍ਹਾਂ ਦੇ ਬੱਚੇ ਹਮੇਸ਼ਾ ਭਾਰਤੀ ਖ਼ਾਸ ਕਰਕੇ ਪੰਜਾਬੀਅਤ ਦੇ ਨਾਲ-ਨਾਲ ਪੰਜਾਬ ਦੇ ਅਮੀਰ ਵਿਰਸੇ ਨਾਲ ਜੁੜੇ ਰਹਿਣਗੇ, ਉੱਥੇ ਪੰਜਾਬ ਦੀ ਆਰਥਿਕਤਾ ਨੂੰ ਵੀ ਵੱਡਾ ਹੁਲਾਰਾ ਮਿਲੇਗਾ। ਅਮਰੀਕਾ 'ਚ ਰਹਿ ਰਹੇ ਇਸ ਪੰਜਾਬੀ ਪਰਿਵਾਰ ਨੇ ਆਪਣੇ ਬੱਚੇ ਪੰਜਾਬ ਦੇ ਸਕੂਲ 'ਚ ਪੜ੍ਹਾਉਣ ਦੀ ਸ਼ਲਾਘਾਯੋਗ ਪਹਿਲਕਦਮੀ ਦੇ ਨਾਲ ਹੀ ਪੰਜਾਬ ਦੇ ਕੁੱਝ ਨਿੱਜੀ ਸਕੂਲਾਂ ਦੀ ਇੱਕ ਹੋਰ ਵੱਡੀ ਸਮੱਸਿਆ ਵੱਲ ਵੀ ਧਿਆਨ ਦਿਵਾਇਆ ਹੈ। ਇਸ ਪਰਿਵਾਰ ਨੂੰ ਆਪਣੇ ਬੱਚਿਆਂ ਲਈ ਇੱਕ ਅਜਿਹੇ ਸਕੂਲ ਦੀ ਭਾਲ ਸੀ, ਜਿੱਥੇ ਉਹ ਅੰਗਰੇਜ਼ੀ ਨਹੀਂ ਸਗੋਂ ਪੰਜਾਬੀ ਭਾਸ਼ਾ ਨੂੰ ਪੜ੍ਹ ਅਤੇ ਸਮਝ ਸਕਣ। ਉਨ੍ਹਾਂ ਨੂੰ ਅਜਿਹਾ ਸਕੂਲ ਛੇਤੀ ਕਿਤੇ ਨਹੀਂ ਲੱਭਿਆ। ਇਸ ਲਈ ਵੀ ਉਨ੍ਹਾਂ ਨੂੰ ਕਾਫ਼ੀ ਮੁਸ਼ੱਕਤ ਕਰਨੀ ਪਈ। ਇਹ ਕੋਈ ਛੋਟਾ ਮਸਲਾ ਨਹੀਂ ਕਿ ਪੰਜਾਬ ਦੇ ਸਕੂਲਾਂ 'ਚ ਪੰਜਾਬੀ ਭਾਸ਼ਾ ਨੂੰ ਹੀ ਪ੍ਰਮੁੱਖਤਾ ਨਹੀਂ ਦਿੱਤੀ ਜਾ ਰਹੀ। ਦੁਕਾਨਾਂ ਰੂਪੀ ਅਖੌਤੀ ਪਬਲਿਕ ਤੇ ਕਾਨਵੈਂਟ ਸਕੂਲਾਂ ਦੇ ਨਾਂ ਹੇਠ ਮਾਪਿਆਂ ਤੋਂ ਮੋਟੀਆਂ ਰਕਮਾਂ ਵਸੂਲੀਆਂ ਜਾਂਦੀਆਂ ਹਨ ਤੇ ਇਸ ਬਦਲੇ ਉਨ੍ਹਾਂ ਦੇ ਬੱਚਿਆਂ ਨੂੰ ਪੰਜਾਬੀ ਮਾਂ-ਬੋਲੀ ਤੋਂ ਹੀ ਦੂਰ ਕਰ ਕੇ ਰੱਖ ਦਿੱਤਾ ਜਾਂਦਾ ਹੈ। ਅਜਿਹੇ ਸਕੂਲਾਂ 'ਚ ਸਾਡੀ ਮਾਂ-ਬੋਲੀ ਨੂੰ ਸਦਾ ਛੁਟਿਆ ਕੇ ਹੀ ਪੇਸ਼ ਕੀਤਾ ਜਾਂਦਾ ਹੈ ਤੇ ਜਿਸ ਕਰਕੇ ਬੱਚਿਆਂ ਦੀ ਮਾਨਸਿਕਤਾ ਤਾਂ ਉਹੋ ਜਿਹੀ ਬਣਨੀ ਹੀ ਹੈ। ਸਰਕਾਰ ਨੂੰ ਅਜਿਹੇ ਸਕੂਲਾਂ 'ਤੇ ਸਖ਼ਤੀ ਕਰਨੀ ਚਾਹੀਦੀ ਹੈ ਤੇ ਉੱਥੇ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਤੇ ਲਾਜ਼ਮੀ ਤੌਰ 'ਤੇ ਲਾਗੂ ਕਰਨਾ ਚਾਹੀਦਾ ਹੈ। ਇਸ ਮਾਮਲੇ ਨਾਲ ਪੰਜਾਬ ਦਾ ਇੱਕ ਹੋਰ ਮਸਲਾ ਵੀ ਉਜਾਗਰ ਹੋਇਆ ਹੈ ਕਿ ਬਹੁਤ ਸਾਰੇ ਪਰਵਾਸੀ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਵੀ ਪੰਜਾਬ ਆ ਕੇ ਇੰਝ ਹੀ ਪੜ੍ਹਾਈ ਕਰਨ ਪਰ ਇਸ ਸੂਬੇ ਦੀ 'ਮਾੜੀ ਕਾਨੂੰਨ ਵਿਵਸਥਾ' ਕਰ ਕੇ ਉਨ੍ਹਾਂ ਦੀ ਅਜਿਹਾ ਕੋਈ ਫ਼ੈਸਲਾ ਲੈਣ ਦੀ ਹਿੰਮਤ ਨਹੀਂ ਪੈਂਦੀ। ਸਰਕਾਰ ਲਈ ਇਸ ਵੇਲੇ ਇਹ ਵੀ ਵੱਡੀ ਸਮੱਸਿਆ ਬਣੀ ਹੋਈ ਹੈ। ਉਂਝ ਜਿਹੜੇ ਪਰਵਾਸੀ ਇੰਝ ਆਪਣੇ ਸੋਹਣੇ ਤੇ ਰੰਗਲੇ ਪੰਜਾਬ ਦਾ ਖ਼ਿਆਲ ਰੱਖਦੇ ਹੋਣ, ਪੰਜਾਬ ਸਰਕਾਰ ਨੂੰ ਉਨ੍ਹਾਂ ਦਾ ਖ਼ਾਸ ਮਾਣ-ਤਾਣ ਵੀ ਕਰਨਾ ਚਾਹੀਦਾ ਹੈ ਤਾਂ ਜੋ ਇਸ ਮਾਮਲੇ 'ਚ ਕੁੱਝ ਘੱਟ ਸੁਚੇਤ ਹੋਰ ਪਰਵਾਸੀ ਵੀ ਪ੍ਰੇਰਿਤ ਹੋ ਸਕਣ।

**ਸੁਖਜਿੰਦਰ ਸਮਰਾ**
ਮੋ. 1 780 300 2000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# 2022 ਨਵੀਆਂ ਸਿਆਸੀ ਸਮੀਕਰਣਾਂ ਦਾ ਵਰ੍ਹਾ ਹੋ ਨਿਬੜਿਆ

ਗੁਰਮੀਤ ਸਿੰਘ ਪਲਾਹੀ
-9815802070



2022 ਗੁਜ਼ਰ ਗਿਆ।ਇਹ ਵਰ੍ਹਾ ਦੇਸ਼ ਭਾਰਤ , ਜਿੱਥੇ ਹਰ ਦੂਜੇ-ਚੌਥੇ ਮਹੀਨੇ ਕੋਈ ਨਾ ਕੋਈ ਚੋਣ ਸੰਗਰਾਮ ਮੱਚਿਆ ਹੀ ਰਹਿੰਦਾ ਹੈ, ਲਈ ਬਹੁਤ ਅਹਿਮ ਇਸ ਕਰਕੇ ਵੀ ਰਿਹਾ ਕਿ ਇਹ ਦੇਸ਼ ਦੀਆਂ 2024 ਦੇ ਲੋਕ ਸਭਾ ਚੋਣਾਂ ਦਾ ਚੋਣ ਸੈਮੀਫਾਈਨਲ ਗਿਣਿਆ ਗਿਆ।

ਫਰਵਰੀ - ਮਾਰਚ 2022 'ਚ ਪੰਜ ਰਾਜਾਂ ਉਤਰ ਪ੍ਰਦੇਸ਼, ਉਤਰਾਖੰਡ, ਮਣੀਪੁਰ, ਗੋਆ ਅਤੇ ਪੰਜਾਬ ਦੀਆਂ 690 ਸੀਟਾਂ ਲਈ ਚੋਣਾਂ ਸੰਪਨ ਹੋਈਆਂ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਹਨਾਂ ਦੀ ਪਾਰਟੀ ਭਾਜਪਾ ਦੇ ਆਗੂਆਂ ਅੱਡੀ ਚੋਟੀ ਦਾ ਜ਼ੋਰ ਲਾਇਆ ਚੋਣਾਂ ਜਿੱਤਣ ਲਈ ਅਤੇ ਉਤਰ ਪ੍ਰਦੇਸ਼ ਜਿਸਨੂੰ ਜਿੱਤਣਾ ਉਹਨਾਂ ਇੱਜ਼ਤ ਦਾ ਸਵਾਲ ਬਣਾਇਆ ਸੀ , ਭਾਜਪਾ ਨੇ ਜਿੱਤ ਲਿਆ ਹਾਲਾਂਕਿ ਦਿੱਲੀ ਕਿਸਾਨ ਮੋਰਚੇ ਕਾਰਨ ਉਸਦਾ ਵੱਡਾ ਸਿਆਸੀ ਨੁਕਸਾਨ ਹੋਇਆ , ਪਰ ਇਸਦੀ ਭਰਪਾਈ ਭਾਜਪਾ ਨੇ ਫ਼ਿਰਕੂ ਧਰੁਵੀਕਰਨ ਨਾਲ ਕਰਨ ਦਾ ਯਤਨ ਕੀਤਾ।

ਪੰਜਾਬ 'ਚ ਆਮ ਆਦਮੀ ਪਾਰਟੀ ਨੇ ਆਪਣਾ ਝੰਡਾ ਗੱਡ ਲਿਆ ਤੇ ਕਾਂਗਰਸ ਨੂੰ ਪੰਜਾਬ ਤੋਂ ਰੁਖ਼ਸਤ ਕਰ ਦਿੱਤਾ। ਦੇਸ਼ ਦੇ ਰਾਸ਼ਟਰਪਤੀ ਦੀ ਚੋਣ 'ਚ ਭਾਜਪਾ ਨੇ ਆਪਣਾ ਉਮੀਦਵਾਰ ਖੜਾ ਕਰਕੇ , ਵਿਰੋਧੀ ਧਿਰ ਦੇ ਕੁਝ ਵਿਧਾਇਕ , ਲੋਕ ਸਭਾ ਮੈਂਬਰ ਵੀ ਆਪਣੇ ਪਾਲੇ 'ਚ ਕਰ ਲਏ ਅਤੇ ਇੱਕ ਆਦਿਵਾਸੀ ਤ੍ਰੀਮਤ ਨੇਤਾ ਦਰੋਪਦੀ ਮੁਰਮੂ ਨੂੰ ਰਾਸ਼ਟਰਪਤੀ ਦੇ ਅਹੁਦੇ 'ਤੇ ਬਿਠਾ ਲਿਆ ਅਤੇ ਇਹ ਸਿੱਧ ਕਰਨ ਦਾ ਯਤਨ ਕੀਤਾ ਕਿ ਭਾਜਪਾ , ਗਰੀਬ ਲੋਕਾਂ, ਆਦਿਵਾਸੀਆਂ ਦਾ ਪੂਰਾ ਸਨਮਾਨ ਕਰਦੀ ਹੈ, ਅਤੇ ਉਹਨਾਂ ਨੂੰ ਦੇਸ਼ ਦੀ ਸਿਆਸਤ ਵਿੱਚ ਪੂਰਾ ਮਾਣ -ਤਾਣ ਦਿੰਦੀ ਹੈ।

ਅਗਸਤ 2022 'ਚ ਭਾਜਪਾ ਨੇ ਉਪ ਰਾਸ਼ਟਰਪਤੀ ਦੀ ਚੋਣ ਜਿੱਤ ਲਈ। ਰਾਜਸਥਾਨ ਦੇ ਨੇਤਾ ਜਗਦੀਸ਼ ਧਨਖੜ, ਜੋ ਪੱਛਮੀ ਬੰਗਾਲ ਦੇ ਰਾਜਪਾਲ ਸਨ, ਨੂੰ ਪੱਛਮੀ ਬੰਗਾਲ ਤ੍ਰਿਮੂਲ ਕਾਂਗਰਸ ਸਰਕਾਰ ਨੂੰ ਪ੍ਰੇਸ਼ਾਨ ਕਰਨ ਲਈ ਦਿੱਤੇ ਯੋਗਦਾਨ ਵਜੋਂ ਦੇਸ਼ ਦਾ ਉਪ ਰਾਸ਼ਟਰਪਤੀ ਬਣਾ ਦਿੱਤਾ। ਨਵੰਬਰ -ਦਸੰਬਰ 2022 'ਚ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਦੀਆਂ ਚੋਣਾਂ 'ਚ ਭਾਜਪਾ ਨੇ ਚੋਣਾਂ ਜਿੱਤਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਅਤੇ ਗੁਜਰਾਤ 'ਚ ਰਿਕਾਰਡ ਤੋੜ ਜਿੱਤ ਪ੍ਰਾਪਤ ਕਰਕੇ ,ਇਹ ਦਰਸਾਉਣ ਦਾ ਯਤਨ ਕੀਤਾ ਕਿ ਉਹ ਦੇਸ਼ ਦੀ ਇਹੋ ਜਿਹੀ ਪਾਰਟੀ ਹੈ ਜਿਹੜੀ ਹਿੰਦੂਤਵ ਦੇ ਅਜੰਡੇ ਨੂੰ ਗੁਜਰਾਤ ਵਾਂਗਰ ਪੂਰੇ ਦੇਸ਼' ਚ ਲਾਗੂ ਕਰ ਸਕਦੀ ਹੈ ਅਤੇ ਇਕ ਵਿਸ਼ੇਸ਼ ਵਰਗ ਵਲੋਂ ਭਾਜਪਾ ਦੀ ਇਸ ਸੋਚ ਨੂੰ ਗੁਜਰਾਤ ਵਿੱਚ ਪੂਰਾ ਹੁੰਗਾਰਾ ਦਿੱਤਾ ਗਿਆ।

ਗੁਜਰਾਤ ਵਿਚ ਭਾਜਪਾ 182 ਵਿਧਾਨ ਸਭਾ ਸੀਟਾਂ ਉਤੇ ਜੇਤੂ ਰਹੀ । ਕਾਂਗਰਸ 17 ਸੀਟਾਂ ਤਕ ਸਿਮਟ ਗਈ । ਭਾਜਪਾ ਨੇ ਉੱਤਰ ਪ੍ਰਦੇਸ਼ ਦੇ ਨਾਲ-ਨਾਲ ਉਤਰਾਖੰਡ, ਗੋਆ, ਮਨੀਪੁਰ 'ਚ ਵੀ ਜਿੱਤ ਪਰਾਪਤ ਕੀਤੀ ਅਤੇ ਆਪਣੀਆਂ ਵਜ਼ਾਰਤਾਂ ਬਣਾਈਆਂ। ਪਰ ਇੱਕ ਨਿਵੇਕਲੀ ਗੱਲ ਇਹ ਵਾਪਰੀ ਕਿ ਆਮ ਆਦਮੀ ਪਾਰਟੀ ਗੁਜਰਾਤ ਵਿੱਚ ਪਹਿਲੀ ਵੇਰ ਚੋਣ ਲੜਕੇ 13 ਫ਼ੀਸਦੀ ਵੋਟਾਂ ਲੈ ਗਈ ਅਤੇ ਹਿਮਾਚਲ ,ਗੁਜਰਾਤ 'ਚ ਚੋਣਾਂ ਲੜਕੇ ਇਕ ਰਾਸ਼ਟਰੀ ਸਿਆਸੀ ਪਾਰਟੀ ਬਣਨ ਦੀ ਦਾਅਵੇਦਾਰ ਬਣ ਗਈ।

ਭਾਵੇਂ ਕਿ ਹਿਮਾਚਲ ਅਤੇ ਗੁਜਰਾਤ ਵਿੱਚ ਉਹ ਚੰਗੀ ਕਾਰਗੁਜ਼ਾਰੀ ਤਾਂ 'ਆਪ' ਨਹੀਂ ਕਰ ਸਕੀ ਪਰ ਦਿੱਲੀ ਕਾਰਪੋਰੇਸ਼ਨ ਦੀਆਂ ਚੋਣਾਂ 'ਚ ਉਸ ਵਲੋਂ ਭਾਜਪਾ ਨੂੰ ਤਕੜੀ ਹਾਰ ਦਿੱਤੀ ਗਈ।

ਇਥੇ ਇਕ ਅਦੁੱਤੀ ਘਟਨਾ ਇਹ ਵਾਪਰੀ ਕਿ ਕਾਂਗਰਸ ਪਾਰਟੀ ਦੇ ਜਿੱਤੇ ਹੋਏ ਤਿੰਨੇ ਕੌਂਸਲਰ 'ਆਪ' 'ਚ ਸ਼ਾਮਲ ਕਰ ਲਏ ਹਨ, ਇਸ ਡਰੋਂ ਕਿ ਭਾਜਪਾ 'ਆਪ' ਦੇ ਕੌਂਸਲਰ ਨਾ ਤੋੜ ਲਵੇ ਅਤੇ 'ਆਪ' ਕੌਂਸਲਰਾਂ ਦੀ ਗਿਣਤੀ ਨਾ ਘੱਟ ਜਾਵੇ ਕਿਉਂਕਿ ਭਾਜਪਾ ਹਰ ਹੀਲੇ, ਹਰ ਸੂਬੇ 'ਚ ਆਪਣੀ ਵਜ਼ਾਰਤ ਬਨਾਉਣਾ ਚਾਹੁੰਦੀ ਹੈ ਅਤੇ ਹਰ ਸੰਸਥਾ 'ਤੇ ਕਬਜ਼ਾ ਚਾਹੁੰਦੀ ਹੈ। ਪਰ ਲੋਕ ਰੋਹ 'ਤੇ ਇਹਨਾ ਹਲਕਿਆਂ 'ਚ ਕਾਂਗਰਸ ਦੇ ਵਿਰੋਧ ਮੁਜ਼ਾਹਰਿਆਂ ਕਾਰਨ ਇਹਨਾ ਕੌਂਸਲਰਾਂ ਨੂੰ ਮੁੜ ਕਾਂਗਰਸ 'ਚ ਮੁਆਫ਼ੀ ਮੰਗਕੇ ਆਉਣਾ ਪਿਆ। ਕਾਂਗਰਸ ਨੇ ਹਿਮਾਚਲ ਪ੍ਰਦੇਸ਼ ਵਿੱਚ ਭਾਜਪਾ ਤੋਂ ਹਕੂਮਤ ਖੋਹ ਲਈ। ਇਹਨਾਂ ਸਭ ਕੁਝ ਦੇ ਵਿਚਕਾਰ ਗੋਦੀ ਮੀਡੀਆ ਨੇ ਨਰੇਂਦਰ ਮੋਦੀ ਦੀ ਗੁਜਰਾਤ ਜਿੱਤ ਨੂੰ ਹੀ ਅਹਿਮ ਦੱਸਿਆ ਅਤੇ 2024 'ਚ ਪ੍ਰਧਾਨ ਮੰਤਰੀ ਬਣਨ ਦਾ ਰਸਤਾ ਸਾਫ਼ ਹੋਣ ਨੂੰ ਵੱਡੀ ਪੱਧਰ ਉੱਤੇ ਪ੍ਰਚਾਰਿਆ।

ਖਾਲੀ ਹੋਈਆਂ ਲੋਕ ਸਭਾ, ਵਿਧਾਨ ਸਭਾ ਸੀਟਾਂ ਉਤੇ ਸਾਲ 2022 'ਚ ਉਪ ਚੋਣ ਹੋਈ, ਉਸ 'ਚ ਭਾਜਪਾ ਦੀ ਕਾਰਗੁਜ਼ਾਰੀ ਚੰਗੀ ਨਹੀਂ ਰਹੀ, ਸਮਾਜਵਾਦੀ ਪਾਰਟੀ ਯੂ.ਪੀ. 'ਚ ਲੋਕ ਸਭਾ ਚੋਣ ਜਿੱਤ ਗਈ, ਕੁਲ ਮਿਲਾਕੇ 28 ਵਿਧਾਨ ਸਭਾ ਦੀਆਂ ਉਪ ਚੋਣਾਂ 'ਚ ਭਾਜਪਾ 12 ਸੀਟਾਂ ਜਿੱਤ ਸਕੀ। ਮਹਾਂਰਾਸ਼ਟਰ ਦੀਆਂ 2 ਵਿਧਾਨ ਸਭਾ ਉਪ ਚੋਣਾਂ 'ਚ ਉਸਨੂੰ ਕਰਾਰੀ ਹਾਰ ਹੋਈ, ਜਿਥੇ ਉਸਨੇ ਰਾਜ ਪਲਟਾ ਕਰਵਾਇਆ ਸੀ। ਜਦਕਿ ਲੋਕ ਸਭਾ ਦੀਆਂ 5 ਉਪ ਚੋਣਾਂ 'ਚ ਉਸਦੇ ਹਿੱਸੇ 2 ਸੀਟਾਂ ਆਈਆਂ ਹਨ। ਜਦਕਿ ਲੋਕ ਸਭਾ ਉਪ ਚੋਣਾਂ 'ਚ ਇੱਕ ਸੀਟ ਪੱਛਮੀ ਬੰਗਾਲ ਦੀ ਤ੍ਰਿਮੂਲ ਕਾਂਗਰਸ, ਇੱਕ ਸਮਾਜਵਾਦੀ ਪਾਰਟੀ ਯੂ.ਪੀ. 'ਚ, ਇੱਕ ਸੀਟ ਪੰਜਾਬ ਲੋਕ ਸਭਾ ਦੀ ਸ਼੍ਰੋਮਣੀ ਅਕਾਲੀ ਦਲ ਦੇ ਹਿੱਸੇ ਆਈ।

ਭਾਜਪਾ ਆਂਧਰਾ ਪ੍ਰਦੇਸ਼ , ਅਸਾਮ, ਹਰਿਆਣਾ, ਉੜੀਸਾ, ਉਤਰਾਖੰਡ 'ਚ ਇੱਕ ਇੱਕ ਵਿਧਾਨ ਸਭਾ ਸੀਟ ਅਤੇ ਯੂ.ਪੀ. 'ਚ ਦੋ, ਬਿਹਾਰ 'ਚ ਦੋ, ਤ੍ਰਿਪੁਰਾ 'ਚ ਤਿੰਨ ਵਿਧਾਨ ਸਭਾ ਉਪ ਚੋਣਾਂ 'ਚ ਜਿੱਤੀ। ਇਸੇ ਤਰ੍ਹਾਂ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਪਾਰਟੀ ਝਾਰਖੰਡ, ਕੇਰਲਾ, ਮਹਾਂਰਾਸ਼ਟਰ, ਰਾਜਸਥਾਨ, ਤ੍ਰਿਪੁਰਾ 'ਚ ਇੱਕ-ਇੱਕ ਅਤੇ ਛੱਤੀਸਗੜ੍ਹ ਵਿੱਚ ਦੋ ਸੀਟਾਂ 'ਤੇ ਜੇਤੂ ਰਹੀ ਜਦਕਿ ਆਪ ਦਿੱਲੀ ਦੀ ਇੱਕ ਸੀਟ ਜਿੱਤੀ, ਮਹਾਂਰਾਸ਼ਟਰ 'ਚ ਸ਼ਿਵ ਸੈਨਾ ਇੱਕ, ਉੜੀਸਾ 'ਚ ਬੀਜੂ ਪਟਨਾਇਕ ਜਨਤਾ ਦਲ ਦੋ, ਤਿਲੰਗਾਣਾ 'ਚ ਭਾਰਤੀ ਰਾਸ਼ਟਰ ਸੰਮਤੀ ਇੱਕ, ਯੂ.ਪੀ. ਰਾਸ਼ਟਰੀ ਲੋਕ ਦਲ ਇੱਕ ਅਤੇ ਪੱਛਮੀ ਬੰਗਾਲ 'ਚ ਤ੍ਰਿਮੂਲ ਕਾਂਗਰਸ ਇੱਕ ਸੀਟ 'ਤੇ ਜੇਤੂ ਹੋਈ।

ਭਾਜਪਾ ਦੀ ਪੂਰੇ ਦੇਸ਼ 'ਚ ਵਿਰੋਧੀਆਂ ਨੂੰ ਨੁਕਰੇ ਲਾਉਣ ਲਈ ਹਰ ਹਰਬਾ ਵਰਤਣ ਦੀ ਇੱਕ ਵੱਡੀ ਮਿਸਾਲ ਇਹ ਦੇਖਣ ਨੂੰ ਮਿਲੀ ਕਿ ਭਾਜਪਾ ਨੇ ਸ਼ਿਵ ਸੈਨਾ ਨਾਲ ਸ਼ਰੀਕਬਾਜੀ 'ਚ ਬਦਲਾਖੋਰੀ ਕਰਦਿਆਂ, ਸ਼ਿਵ ਸੈਨਾ ਵਿੱਚ ਫੁੱਟ ਪਵਾ ਦਿੱਤੀ ਅਤੇ ਏਕਨਾਥ ਸ਼ਿੰਦੇ ਨੂੰ ਭਾਜਪਾ ਦੀ ਹਿਮਾਇਤ ਨਾਲ ਗੱਦੀ ਸੌਂਪ ਦਿੱਤੀ।

ਦੇਸ਼ ਦੀਆਂ ਪਹਿਲੀਆਂ 2014 ਅਤੇ 2019 ਵਾਲੀਆਂ ਲੋਕ ਸਭਾ ਚੋਣਾਂ ਨਰੇਂਦਰ ਮੋਦੀ ਦੇ ਨਾਮ ਉੱਤੇ ਲੜੀਆਂ ਗਈਆਂ ਸਨ, ਪਰ ਹੁਣ ਐਤਕਾਂ ਵੀ ਗੁਜਾਰਤ, ਹਿਮਾਚਲ , ਉੱਤਰਪ੍ਰਦੇਸ਼ ਅਤੇ ਹੋਰ ਸੂਬਿਆਂ 'ਚ ਵੀ ਨਰੇਂਦਰ ਮੋਦੀ ਦੀ ਸ਼ਖ਼ਸੀਅਤ ਅਤੇ ਕਾਰਗੁਜ਼ਾਰੀ ਨੂੰ ਉਭਾਰਕੇ ਚੋਣਾਂ ਲੜੀਆਂ ਗਈਆਂ ਜਾਂ ਅੱਗੋਂ ਲੜੀਆਂ ਜਾਣਗੀਆਂ, ਭਾਵੇਂ ਕਿ ਦੇਸ਼ ਇਹਨਾਂ 8 ਵਰ੍ਹਿਆਂ 'ਚ ਕੰਗਾਲ ਹੋਇਆ ਹੈ, ਆਰਥਿਕ ਪੱਖੋਂ ਕਮਜ਼ੋਰ ਹੋਇਆ ਹੈ, ਲੋਕਤੰਤਰ ਦਾ ਦੇਸ਼ 'ਚ ਘਾਣ ਹੋਇਆ ਹੈ, ਮਨੁੱਖੀ ਅਧਿਕਾਰਾਂ ਦਾ ਹਨਨ ਹੋਇਆ ਹੈ, ਸੂਬਿਆਂ ਦੇ ਅਧਿਕਾਰ ਸੀਮਤ ਕਰਨ ਦਾ ਯਤਨ ਹੋਇਆ ਹੈ ਅਤੇ ਇੱਥੇ ਹੀ ਬਸ ਨਹੀਂ , ਦੇਸ਼ 'ਚ ਫਿਰਕੂ ਪਾੜਾ ਵਧਾਉਣ ਅਤੇ ਹਿੰਦੀ ,ਹਿੰਦੂ, ਹਿੰਦੋਸਤਾਨ ਦੀ ਨੀਤੀ ਨੂੰ ਲਾਗੂ ਕਰਨ, ਇਸਨੂੰ ਪ੍ਰਚਾਰਨ ਲਈ ਅੱਡੀ ਚੋਟੀ ਦਾ ਜ਼ੋਰ ਮੌਜੂਦਾ ਹਾਕਮਾਂ ਵਲੋਂ ਲਗਾਇਆ ਗਿਆ ਹੈ।

ਦੇਸ਼ ਵਿੱਚ ਲੋਕ-ਹਿਤੈਸ਼ੀ ਲੋਕਾਂ ਦੀ ਕਿੰਤੂ -ਪਰੰਤੂ ਵਾਲੀ ਆਵਾਜ਼ ਨੂੰ ਪ੍ਰੈਸ ਮੀਡੀਆ, ਇਲੈਕਟ੍ਰੋਨਿਕ ਮੀਡੀਆ 'ਚ ਬੰਦ ਕਰਨ ਦਾ ਯਤਨ ਲਗਾਤਾਰ ਦੇਸ਼ ਦੇ ਹਾਕਮ ਕਰ ਰਹੇ ਹਨ। ਵਿਰੋਧੀ ਵਿਚਾਰਾਂ ਵਾਲੇ ਲੋਕ ਜੇਲ੍ਹਾਂ 'ਚ ਡੱਕੇ ਜਾ ਰਹੇ ਹਨ।

ਨੀਊ ਇੰਡੀਆ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਧਰਮ ਨੂੰ ਰਾਜਨੀਤੀ ਨਾਲ ਮਿਲਾਉਣ 'ਚ ਸਭ ਤੋਂ ਅੱਗੇ ਹੈ। ਜਦੋਂ ਚੋਣਾਂ ਆਉਂਦੀਆਂ ਹਨ, ਮੁਸਲਮਾਨ, ਇਸਾਈ ਅਤੇ ਹੋਰ ਘੱਟ ਗਿਣਤੀਆਂ ਨਿਸ਼ਾਨੇ 'ਤੇ ਆ ਜਾਂਦੀਆਂ ਹਨ। ਭਗਵਾਂਕਰਨ ਦੀ ਆਵਾਜ਼ ਉੱਚੀ ਹੋ ਜਾਂਦੀ ਹੈ। ਧੰਨ ਦੀ ਵਰਤੋਂ ਹੁੰਦੀ ਹੈ। ਨਸ਼ੇ ਦੀ ਵਰਤੋਂ ਹੁੰਦੀ ਹੈ। ਤਾਕਤ ਦੀ ਵਰਤੋਂ ਹੁੰਦੀ ਹੈ। ਨਸ਼ੇ ਅਪਰਾਧਿਕ ਪਿਛੋਕੜ ਵਾਲੇ ਲੋਕ ਚੋਣਾਂ 'ਚ ਅੱਗੇ ਕਰਕੇ ਚੋਣਾਂ ਜਿੱਤਣ ਦਾ ਯਤਨ ਹੁੰਦਾ ਹੈ।

ਏ.ਡੀ.ਆਰ. ਦੀ ਇੱਕ ਰਿਪੋਰਟ ਅਨੁਸਾਰ ਗੁਜਰਾਤ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਜੋ ਮੰਤਰੀ ਮੰਡਲ ਭਾਜਪਾ ਵਲੋਂ ਬਣਾਇਆ ਗਿਆ, ਉਸ ਵਿੱਚ 24 ਫ਼ੀਸਦੀ ਮੰਤਰੀ ਅਪਰਾਧਿਕ ਪਿੱਠ ਭੂਮੀ ਵਾਲੇ ਹਨ, 96 ਫ਼ੀਸਦੀ ਮੰਤਰੀ ਕਰੋੜਪਤੀ ਹਨ। ਰਿਪੋਰਟ ਅਨੁਸਾਰ ਗੁਜਰਾਤ ਦੇ ਨਵੇਂ ਚੁਣੇ 182 ਵਿਧਾਨ ਸਭਾ ਮੈਂਬਰਾਂ 'ਚ 40 ਦੇ ਵਿਰੁੱਧ ਅਪਰਾਧਿਕ ਮਾਮਲੇ ਲੰਬਿਤ ਹਨ, ਇਹਨਾ ਵਿੱਚ 29 ਦੇ ਖ਼ਿਲਾਫ਼ ਹੱਤਿਆ ਦੀ ਕੋਸ਼ਿਸ਼ ਅਤੇ ਬਲਾਤਕਾਰ ਜਿਹੇ ਸੰਗੀਨ ਦੋਸ਼ ਹਨ।

> ਏ.ਡੀ. ਆਰ. ਦੀ ਇੱਕ ਰਿਪੋਰਟ ਅਨੁਸਾਰ ਗੁਜਰਾਤ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਜੋ ਮੰਤਰੀ ਮੰਡਲ ਭਾਜਪਾ ਵਲੋਂ ਬਣਾਇਆ ਗਿਆ, ਉਸ ਵਿੱਚ 24 ਫ਼ੀਸਦੀ ਮੰਤਰੀ ਅਪਰਾਧਿਕ ਪਿੱਠ ਭੂਮੀ ਵਾਲੇ ਹਨ, 96 ਫ਼ੀਸਦੀ ਮੰਤਰੀ ਕਰੋੜਪਤੀ ਹਨ। ਰਿਪੋਰਟ ਅਨੁਸਾਰ ਗੁਜਰਾਤ ਦੇ ਨਵੇਂ ਚੁਣੇ 182 ਵਿਧਾਨ ਸਭਾ ਮੈਂਬਰਾਂ 'ਚ 40 ਦੇ ਵਿਰੁੱਧ ਅਪਰਾਧਿਕ ਮਾਮਲੇ ਲੰਬਿਤ ਹਨ, ਇਹਨਾ ਵਿੱਚ 29 ਦੇ ਖ਼ਿਲਾਫ਼ ਹੱਤਿਆ ਦੀ ਕੋਸ਼ਿਸ਼ ਅਤੇ ਬਲਾਤਕਾਰ ਜਿਹੇ ਸੰਗੀਨ ਦੋਸ਼ ਹਨ।

ਸਾਲ 2022 'ਚ ਸਿਆਸੀ ਤਿਕੜਮਬਾਜੀ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ। ਬਿਹਾਰ 'ਚ ਮੁੱਖ ਮੰਤਰੀ ਨਤੀਸ਼ ਕੁਮਾਰ ਨੇ ਭਾਜਪਾ ਨਾਲੋਂ ਨਾਤਾ ਤੋੜ ਲਿਆ ਅਤੇ ਲਾਲੂ ਪ੍ਰਸ਼ਾਦ ਯਾਦਵ ਦੀ ਪਾਰਟੀ ਨਾਲ ਸਾਂਝ ਪਾਕੇ ਮੁੜ ਮੁੱਖ ਮੰਤਰੀ ਬਣ ਗਿਆ। ਪੰਜਾਬ 'ਚ ਭਾਜਪਾ ਨੂੰ ਮਜ਼ਬੂਤ ਕਰਨ ਅਤੇ ਆਮ ਆਦਮੀ ਪਾਰਟੀ ਦਾ ਰਾਜ ਖ਼ਤਮ ਕਰਨ, ਭਾਜਪਾ ਵਲੋਂ ਕਾਂਗਰਸ ਅਤੇ ਹੋਰ ਪਾਰਟੀਆਂ ਦੇ ਨੇਤਾਵਾਂ ਨੂੰ ਲਗਾਤਾਰ ਭਾਜਪਾ 'ਚ ਸ਼ਾਮਲ ਕਰਕੇ ਉੱਚ ਅਹੁਦੇ ਬਖ਼ਸ਼ੇ ਜਾ ਰਹੇ ਹਨ, ਜਿਹਨਾ 'ਚ ਸਾਬਕਾ ਕਾਂਗਰਸੀ ਪ੍ਰਧਾਨ ਸੁਨੀਲ ਜਾਖੜ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਉੱਘੇ ਨੇਤਾ ਸ਼ਾਮਲ ਸਨ।

2021 'ਚ ਬੁਰੀ ਤਰ੍ਹਾਂ ਸਿਆਸੀ ਤੌਰ 'ਤੇ ਝੰਜੋੜੀ ਗਈ ਅਤੇ ਪੱਛੜੀ ਕਾਂਗਰਸ ਨੂੰ ਕੋਈ ਰਸਤਾ ਨਹੀਂ ਸੀ ਮਿਲ ਰਿਹਾ, ਪਰ 'ਭਾਰਤ ਜੋੜੋ ਯਾਤਰਾ' ਕਾਂਗਰਸੀ ਮੁਹਿੰਮ ਨੇ ਕਾਂਗਰਸ 'ਚ ਥੋੜ੍ਹਾ ਉਤਸ਼ਾਹ ਅਤੇ ਸਾਹ ਸਤ ਪੈਦਾ ਕੀਤਾ ਹੈ। ਪੰਜਾਬ ਚੋਣਾਂ ਹਾਰਨ ਅਤੇ ਮੁੜ ਗੁਜਰਾਤ 'ਚ ਬੁਰੀ ਹਾਰ ਨੇ ਕਾਂਗਰਸ ਨੂੰ ਹਿਮਾਚਲ ਚੋਣਾਂ 'ਚ ਹੋਈ ਜਿੱਤ ਨੇ ਥੋੜ੍ਹੀ ਰਾਹਤ ਦਿੱਤੀ ਹੈ। ਪਰ ਪੂਰੇ ਦੇਸ਼ 'ਚ ਜਿਥੇ ਕਿਧਰੇ ਵੀ ਕਾਂਗਰਸ ਹਾਕਮ ਧਿਰ ਵਜੋਂ ਵਿਚਰ ਰਹੀ ਹੈ, ਉਥੇ ਪਾਟੋਧਾੜ ਹੈ। ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਸੁਚੱਜੀ ਲੀਡਰਸ਼ਿਪ ਦੀ ਅਣਹੋਂਦ ਕਾਰਨ ਪੂਰੇ ਦੇਸ਼ ਵਿੱਚ ਬੁਰੀ ਤਰ੍ਹਾਂ ਵਿਖ਼ਰ ਰਹੀ ਹੈ। ਰਾਜਸਥਾਨ 'ਚ ਅੰਦਰਲੀ ਉਥਲ-ਪੁਥਲ ਨੇ ਕਾਂਗਰਸੀਆਂ ਨੂੰ ਝੰਜੋੜ ਦਿੱਤਾ ਹੈ।

ਭਾਵੇਂ ਕਿ ਦੇਸ਼ ਦੀਆਂ ਵਿਰੋਧੀ ਪਾਰਟੀਆਂ ਵਲੋਂ ਸਾਂਝਾ ਫਰੰਟ ਬਣਾਕੇ "ਭਾਜਪਾ" ਸਰਕਾਰ ਵਿਰੁੱਧ 2024 'ਚ ਮੈਦਾਨ 'ਚ ਆਉਣ ਦਾ ਯਤਨ ਹੋ ਰਿਹਾ ਹੈ, ਪਰ ਸਾਂਝੇ ਫਰੰਟ ਦੀ ਰੂਪ ਰੇਖਾ ਕਿਹੋ ਜਿਹੀ ਹੋਵੇਗੀ, ਪ੍ਰਧਾਨ ਮੰਤਰੀ ਦਾ ਉਮੀਦਵਾਰ ਕੌਣ ਹੋਏਗਾ, ਮੁੱਖ ਵਿਰੋਧੀ ਪਾਰਟੀ ਕਿਹੜੀ ਹੋਵੇਗੀ, ਇਸ ਬਾਰੇ ਭੰਬਲਭੂਸ ਜਾਰੀ ਹੈ। ਬਿਹਾਰ ਦਾ ਮੁੱਖ ਮੰਤਰੀ ਨਤੀਸ਼ ਕੁਮਾਰ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਕਾਂਗਰਸ ਦਾ ਰਾਹੁਲ ਗਾਂਧੀ, ਮਹਾਰਸ਼ਾਟਰ ਦਾ ਸ਼ਰਦ ਪਵਾਰ ਅਤੇ ਆਮ ਆਦਮੀ ਪਾਰਟੀ ਦਾ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਆਦਿ ਇਹੋ ਜਿਹੇ ਨਾਮ ਹਨ, ਜਿਹੜੇ ਦੇਸ਼ ਦੀ ਵਾਂਗਡੋਰ ਸੰਭਾਲਣ ਦੇ ਯਤਨ 'ਚ ਹਨ, ਪਰ ਉਹ ਭਾਜਪਾ ਦੇ ਚੋਣ ਪ੍ਰਚਾਰ, ਗੋਦੀ ਮੀਡੀਆ, ਕਾਰਪੋਰੇਟ ਘਰਾਣਿਆਂ ਦਾ ਕੀ ਕਰਨਗੇ, ਜਿਹੜੇ ਹਰ ਹੀਲੇ ਨਰੇਂਦਰ ਮੋਦੀ ਨੂੰ ਮੁੜ ਪ੍ਰਧਾਨ ਮੰਤਰੀ ਦੀ ਗੱਦੀ ਉਤੇ ਬਿਠਾਉਣ ਲਈ 2024 ਦੀਆਂ ਚੋਣਾਂ ਲਈ ਹੁਣੇ ਤੋਂ ਹੀ ਤਿਆਰੀਆਂ ਕਰੀ ਬੈਠੇ ਹਨ।ਉਂਜ ਸਾਲ 2022 ਦਾ ਸਿਆਸੀ ਮਾਹੌਲ ਬਹੁਤ ਗਰਮ ਰਿਹਾ ਹੈ। "ਆਇਆ ਰਾਮ ਗਿਆ ਰਾਮ" ਦੀ ਸਿਆਸਤ ਭਾਰੂ ਰਹੀ। ਅਸੂਲਾਂ ਦੀ ਥਾਂ ਲਾਲਚ ਦੀ ਨੀਤੀ ਨੇ ਵਧੇਰੇ ਕੰਮ ਕੀਤਾ। ਸਮੁੱਚੇ ਦੇਸ਼ 'ਚ ਸਾਮ,ਦਾਮ, ਦੰਡ ਦਾ ਹਥਿਆਰ ਹਾਕਮਾਂ ਨੇ ਵਰਤਿਆ।

ਬਿਨ੍ਹਾਂ ਸ਼ੱਕ 2022 'ਚ ਇੱਕ ਸਿਆਸੀ ਧਿਰ ਨੇ ਲੋਕਾਂ ਦੇ ਜਜ਼ਬਿਆਂ ਨੂੰ ਭੜਕਾ ਆਪਣੇ ਹਿੱਤ ਸਾਧਣ ਦਾ ਯਤਨ ਕੀਤਾ ਪਰ ਲੋਕਾਂ ਨੇ ਕੁਝ ਥਾਈਂ ਸੰਘਰਸ਼ ਕਰਕੇ, ਕੁਝ ਥਾਈਂ ਚੋਣਾਂ ਰਾਹੀਂ ਮੌਕਾਪ੍ਰਸਤ, ਸਵਾਰਥੀ ਹਾਕਮਾਂ ਨੂੰ ਇਹ ਸੰਦੇਸ਼ ਦਿੱਤਾ ਕਿ ਦੇਸ਼ ਕਿਸੇ ਵਿਸ਼ੇਸ਼ ਪਾਰਟੀ, ਕਿਸੇ ਵੱਡੇ ਨੇਤਾ ਜਾਂ ਕਿਸੇ ਚੌਧਰੀ ਦੀ ਜਗੀਰ ਨਹੀਂ ਹੈ ਅਤੇ ਦੇਸ਼ ਨੂੰ ਕਾਰਪੋਰੇਟਾਂ ਦਾ ਗਲਬਾ ਅਤੇ ਡਿਕਟੇਟਰਸ਼ਿਪ ਪਸੰਦ ਨਹੀਂ ਹੈ।

# ਐਲਬਰਟਾ ਦੀ ਖੁਦਮੁਖ਼ਤਿਆਰੀ, ਕਿਉਬੈਕ ਦੀ ਖੁਦਮੁਖ਼ਤਿਆਰੀ ਤੋਂ ਬਹੁਤ ਵੱਖ ਹੈ!






ਕਿਉਬੈਕ ਨਾਲ ਐਲਬਰਟਾ ਦਾ ਮੁਹੱਬਤ ਅਤੇ ਨਫ਼ਰਤ ਭਰਿਆ ਰਿਸ਼ਤਾ ਰਿਹਾ ਹੈ। ਐਲਬਰਟਾ ਵਾਸੀਆਂ ਨੂੰ ਕਿਉਬੈਕ ਦੀ ਇਹ ਗੱਲ ਚੰਗੀ ਨਹੀਂ ਲੱਗਦੀ ਕਿ ਉਹ ਪਾਇਪਲਾਇਨ ਪ੍ਰੋਜੈਕਟਾਂ ਦਾ ਤਾਂ ਵਿਰੋਧ ਕਰਦਾ ਹੈ ਪਰ ਫੈਡਰਲ ਐਕੁਆਲਾਇਜ਼ੇਸ਼ਨ ਪੇਅਮੈਂਟਸ ਵਿਚੋਂ ਹਰ ਸਾਲ ਬਿਲੀਅਨ ਡਾਲਰ ਵੀ ਸਾਂਭ ਜਾਂਦਾ ਹੈ – ਇਹਨਾਂ ਵਿਚੋਂ ਵੱਡੀ ਰਕਮ ਐਲਬਰਟਾ ਦੇ ਟੈਕਸ ਪੇਅਰਜ਼ ਵੱਲੋਂ ਫੈਡਰਲ ਟੈਕਸ ਵਿੱਚ ਹਰ ਸਾਲ ਦਿੱਤੀ ਜਾਂਦੀ ਹੈ। ਐਲਬਰਟਾ ਵਾਸੀਆਂ ਨੂੰ ਇਹ ਗੱਲ ਚੰਗੀ ਲੱਗਦੀ ਹੈ ਕਿ ਉਹ ਆਪਣਾ ਇਨਕਮ ਟੈਕਸ ਆਪ ਵਸੂਲ ਕਰਦਾ ਹੈ, ਉਸ ਦਾ ਆਪਣਾ ਪੈਂਸ਼ਨ ਪਲੈਨ ਹੈ ਅਤੇ ਆਪਣੀ ਸੂਬਾਈ ਪੁਲਿਸ ਫੋਰਸ ਹੈ। ਉਹਨਾਂ ਨੂੰ ਇਹ ਗੱਲ ਵੀ ਚੰਗੀ ਲੱਗਦੀ ਹੈ ਕਿ ਕਿਉਬੈਕ, ਨੋਟਵਿਦਸਟੈਂਡਿੰਗ ਕਲੌਜ਼ ਦੀ ਵਰਤੋਂ ਕਰਕੇ ਫੈਡਰਲ ਸਰਕਾਰ ਦੇ ਉਹਨਾਂ ਫੈਸਲਿਆਂ ਨੂੰ ਆਪਣੇ ਉੱਪਰ ਲਾਗੂ ਨਹੀਂ ਹੋਣ ਦਿੰਦਾ ਜਿਹਨਾਂ ਨੂੰ ਉਹ ਸਹੀ ਨਹੀਂ ਮੰਨਦਾ ਹੈ।
ਐਲਬਰਟਾ ਦੇ ਕੰਜ਼ਰਵੇਟਿਵ ਸੋਚ ਦੇ ਲੋਕਾਂ ਦਾ ਮੰਤਰ ਹੈ ਕਿ ਉਹ ਚਾਹੁੰਦੇ ਹਨ ਕਿ ਉਹ ਵੀ ਕਿਉਬੈਕ ਵਾਂਗ ਹੋਣ। ਉਹਨਾਂ ਨੂੰ ਲੱਗਦਾ ਹੈ ਕਿ ਹਾਲੀਆ ਪਾਸ ਹੋਏ 'ਸੌਵਰੈਨਿਟੀ ਵਿਦਿਨ ਏ ਯੂਨਾਇਟਿਡ ਕੈਨੇਡਾ ਐਕਟ' ਨਾਲ ਉਹਨਾਂ ਨੂੰ ਕਿਉਬੈਕ ਵਾਂਗ ਵੇਖਿਆ ਜਾਵੇਗਾ ਪਰ ਠੀਕ ਉਸ ਤਰ੍ਹਾਂ ਨਹੀਂ ਜਿਵੇਂ ਉਹ ਚਾਹੁੰਦੇ ਹਨ ਕਿ ਉਹਨਾਂ ਨੂੰ ਵੇਖਿਆ ਜਾਵੇ।
ਐਲਬਰਟਾ ਦੇ ਕੰਜ਼ਰਵੇਟਿਵ ਸੋਚ ਦੇ ਲੋਕਾਂ ਦਾ ਮੰਨਣਾ ਹੈ ਕਿ ਕਿਉਬੈਕ ਦੀਆਂ ਭਾਸ਼ਾ, ਕਲਚਰ ਅਤੇ ਇਤਿਹਾਸ ਦੇ ਅਧਾਰ 'ਤੇ ਵੱਖ ਹੋਣ ਦੀਆਂ ਧਮਕੀਆਂ ਕਰਕੇ ਫੈਡਰਲ ਸਰਕਾਰ ਉਸ ਤੋਂ ਡਰਦੀ ਹੈ ਜਿਸ ਕਰਕੇ ਉਸ ਨੂੰ ਵੱਧ ਅਧਿਕਾਰ ਮਿਲੇ ਹੋਏ ਹਨ। ਬਦਕਿਸਮਤੀ ਦੀ ਗੱਲ ਇਹ ਵੀ ਹੈ ਕਿ ਇਹਨਾਂ ਕਾਰਨਾਂ ਕਰਕੇ ਸੂਬੇ ਦੀ ਅਬਾਦੀ ਘਟੀ ਹੈ ਅਤੇ ਵੱਡੇ ਕਾਰੋਬਾਰ ਉਥੋਂ ਨੱਸਣੇ ਸ਼ੁਰੂ ਹੋ ਚੁੱਕੇ ਹਨ।
1970 ਦੇ ਦਹਾਕੇ ਵਿੱਚ ਮੌਂਟ੍ਰੀਆਲ ਦੇਸ਼ ਦਾ ਸਭ ਤੋਂ ਵੱਧ ਜਨਸੰਖਿਆ ਵਾਲਾ ਸ਼ਹਿਰ ਸੀ ਅਤੇ ਕਿਉਬੈਕ ਕੋਲ ਦੇਸ਼ ਦੀ 28% ਜਨਸੰਖਿਆ ਸੀ।1980 ਆਉਂਦਿਆਂ-ਆਉਂਦਿਆਂ ਸਾਇਜ਼ ਵਿੱਚ ਟੋਰੰਟੋ, ਮੌਂਟ੍ਰੀਆਲ ਤੋਂ ਵੱਡਾ ਹੋ ਗਿਆ ਅਤੇ ਕਿਉਬੈਕ ਵਿੱਚ ਦੇਸ਼ ਦੀ ਰਹਿਣ ਵਾਲੀ 28% ਅਬਾਦੀ ਘਟ ਕੇ ਸਾਢੇ 26% ਰਹਿ ਗਈ। ਸਾਲ 2022 ਵਿੱਚ ਮੌਂਟ੍ਰੀਆਲ ਹੁਣ ਟੋਰੰਟੋ ਦਾ ਦੋ-ਤਿਹਾਈ ਰਹਿ ਗਿਆ ਹੈ ਅਤੇ ਦੇਸ਼ ਦੀ ਅਬਾਦੀ ਦਾ 22.5% ਹਿੱਸਾ ਹੀ ਹੁਣ ਕਿਉਬੈਕ ਵਿੱਚ ਰਹਿ ਰਿਹਾ ਹੈ।
ਵੱਡੀਆਂ ਕੰਪਨੀਆਂ ਅਤੇ ਕਾਰੋਬਾਰਾਂ ਦਾ ਕਿਉਬੈਕ ਵਿਚੋਂ ਜਾਣਾ ਵੀ ਵੱਡੀ ਗੱਲ ਹੈ। 1970 ਦਹਾਕੇ ਵਿੱਚ ਕਿਉਬੈਕ, ਕੈਨੇਡਾ ਦੀ ਜੀਡੀਪੀ (ਆਮਦਨੀ) ਦਾ 25% ਹਿੱਸਾ ਪੈਦਾ ਕਰਦਾ ਸੀ ਪਰ ਹੁਣ ਇਹ ਸਿਰਫ਼ 20% ਰਹਿ ਗਿਆ ਹੈ। ਉਸ ਦੀ ਆਰਥਕ ਗਿਰਾਵਟ ਦਾ ਪੱਧਰ ਇਹ ਹੈ ਕਿ ਉਹ ਐਲਬਰਟਾ ਦੇ ਮੁਕਾਬਲੇ ਲਗਪਗ ਦੁੱਗਣੀ ਜਨਸੰਖਿਆ ਵਾਲਾ ਸੂਬਾ ਹੋਣ ਦੇ ਬਾਵਜੂਦ, ਉਸ ਦੀ ਜੀਡੀਪੀ (ਆਮਦਨੀ), ਐਲਬਰਟਾ ਦੇ ਮੁਕਾਬਲੇ ਬਹੁਤ ਥੋੜ੍ਹੀ ਹੀ ਵੱਧ ਹੈ।
ਇਹ ਵੀ ਸੱਚ ਹੈ ਕਿ ਕੁਝ ਅਜਿਹੇ ਫੈਕਟਰ ਵੀ ਹਨ ਜਿਹਨਾਂ ਕਰਕੇ ਐਲਬਰਟਾ ਦਾ ਹਾਲ ਕਿਉਬੈਕ ਵਾਲਾ ਨਾ ਹੋ ਸਕਦਾ ਹੋਵੇ। ਪਹਿਲਾ, ਫਾਇਨੈਂਸ਼ੀਅਲ ਸੈਕਟਰ ਨੈਚੁਰਲ ਰਿਜ਼ੋਰਸਿਜ਼ ਦੇ ਮੁਕਾਬਲੇ ਵਧੇਰੇ ਮੋਬਾਇਲ ਹੈ। ਇਹ ਜਾਣਦਿਆਂ ਹੋਇਆਂ ਕਿ ਤੇਲ ਅਤੇ ਕੁਦਰਤੀ ਗੈਸ ਦੇ ਭੰਡਾਰ ਐਲਬਰਟਾ ਵਿੱਚ ਹਨ, ਐਨਰਜੀ ਕੰਪਨੀਆਂ ਨੂੰ ਉਥੋਂ ਔਪਰੇਟ ਕਰਨ ਦੀ ਲੋੜ ਹੁੰਦੀ ਹੈ ਜਿਥੇ ਇਹ ਸਰੋਤ ਮੌਜੂਦ ਹੁੰਦੇ ਹਨ। ਇਹੀ ਕਾਰਨ ਹੈ ਕਿ ਉਹ ਰਾਜਨੀਤਕ ਤੌਰ 'ਤੇ ਅਸਥਿਰ ਦੇਸ਼ਾਂ, ਜਿਵੇਂ ਨਾਇਜੀਰੀਆ ਅਤੇ ਇਰਾਕ ਆਦਿ ਤੋਂ ਸੰਚਾਲਿਤ ਹੁੰਦੀਆਂ ਹਨ। ਦੂਜੀ ਗੱਲ, ਐਲਬਰਟਾ ਸਰਕਾਰ ਨੇ ਕਦੀ ਵੀ ਉਸ ਤਰ੍ਹਾਂ ਵੱਖ ਹੋਣ ਦੀ ਗੱਲ ਨਹੀਂ ਕੀਤੀ ਜਿਸ ਤਰ੍ਹਾਂ ਕਿਉਬੈਕ ਕਰਦਾ ਰਿਹਾ ਹੈ। ਤੀਜੀ ਗੱਲ, ਵੱਖਵਾਦ ਦੇ ਨਾਮ ਉੱਪਰ ਐਲਬਰਟਾ ਵਿੱਚ ਕਦੀ ਉਸ ਤਰ੍ਹਾਂ ਦੀ ਹਿੰਸਾ ਨਹੀਂ ਹੋਈ ਜਿਸ ਤਰ੍ਹਾਂ ਦੀ ਕਿਉਬੈਕ ਵਿੱਚ ਹੋ ਚੁੱਕੀ ਹੈ।

> ਇਹ ਵੀ ਸੱਚ ਹੈ ਕਿ ਕੁਝ ਅਜਿਹੇ ਫੈਕਟਰ ਵੀ ਹਨ ਜਿਹਨਾਂ ਕਰਕੇ ਐਲਬਰਟਾ ਦਾ ਹਾਲ ਕਿਉਬੈਕ ਵਾਲਾ ਨਾ ਹੋ ਸਕਦਾ ਹੋਵੇ। ਪਹਿਲਾ, ਫਾਇਨੈਂਸ਼ੀਅਲ ਸੈਕਟਰ ਨੈਚੁਰਲ ਰਿਜ਼ੋਰਸਿਜ਼ ਦੇ ਮੁਕਾਬਲੇ ਵਧੇਰੇ ਮੋਬਾਇਲ ਹੈ। ਇਹ ਜਾਣਦਿਆਂ ਹੋਇਆਂ ਕਿ ਤੇਲ ਅਤੇ ਕੁਦਰਤੀ ਗੈਸ ਦੇ ਭੰਡਾਰ ਐਲਬਰਟਾ ਵਿੱਚ ਹਨ, ਐਨਰਜੀ ਕੰਪਨੀਆਂ ਨੂੰ ਉਥੋਂ ਔਪਰੇਟ ਕਰਨ ਦੀ ਲੋੜ ਹੁੰਦੀ ਹੈ ਜਿਥੇ ਇਹ ਸਰੋਤ ਮੌਜੂਦ ਹੁੰਦੇ ਹਨ। ਇਹੀ ਕਾਰਨ ਹੈ ਕਿ ਉਹ ਰਾਜਨੀਤਕ ਤੌਰ 'ਤੇ ਅਸਥਿਰ ਦੇਸ਼ਾਂ, ਜਿਵੇਂ ਨਾਇਜੀਰੀਆ ਅਤੇ ਇਰਾਕ ਆਦਿ ਤੋਂ ਸੰਚਾਲਿਤ ਹੁੰਦੀਆਂ ਹਨ।

ਇਹਨਾਂ ਦੇ ਬਾਵਜੂਦ, ਕੁਝ ਸਮਾਨਤਾਵਾਂ ਵੀ ਹਨ ਜਿਸ ਕਰਕੇ ਸੌਵਰੈਨਿਟੀ ਐਕਟ ਦੇ ਭੈੜੇ ਅਸਰ ਐਲਬਰਟਾ ਦੀ ਆਰਥਿਕਤਾ 'ਤੇ ਪੈ ਸਕਦੇ ਹਨ। 1970 ਦੇ ਦਹਾਕੇ ਵਿੱਚ ਬਿਜ਼ਨਸ ਭਾਈਚਾਰੇ ਨੇ ਕਾਫੀ ਰੌਲਾ-ਰੱਪਾ ਪਾਇਆ ਪਰ ਉਹਨਾਂ ਨੂੰ ਅਣਡਿਠ ਕਰ ਦਿੱਤਾ ਗਿਆ ਜਿਸ 'ਤੇ ਉਹ ਬੋਰੀਆ-ਬਿਸਤਰ ਸਾਂਭ ਕੇ ਉਥੋਂ ਨਿੱਕਲ ਗਏ ਸਨ। ਇਸੇ ਤਰ੍ਹਾਂ, ਐਲਬਰਟਾ ਦੇ ਕਈ ਬਿਜ਼ਨਸ ਭਾਈਚਾਰਿਆਂ ਨੇ ਵੀ ਖ਼ਦਸ਼ੇ ਪ੍ਰਗਟ ਕਰਨੇ ਸ਼ੁਰੂ ਕਰ ਦਿੱਤੇ ਹਨ। ਕੈਲਗਰੀ ਚੇਂਬਰ ਔਫ਼ ਕੌਮਰਸ ਅਤੇ ਯੂਸੀਪੀ ਲੀਡਰਸ਼ਿਪ ਦੇ ਉਮੀਦਵਾਰ ਰਹੇ ਅਤੇ ਬਾਦ ਵਿੱਚ ਵਿਚਾਰਾਂ ਦਾ ਮੋੜਾ ਕੱਟ ਕੇ ਮੁੜ ਵਿੱਤ ਮੰਤਰੀ ਬਣੇ ਟ੍ਰੈਵਿਸ ਟੇਵਜ਼ ਦਾ ਕਹਿਣਾ ਸੀ ਕਿ ਇਸ ਨਵੇਂ ਐਕਟ ਨਾਲ ਆਰਥਕ ਗ਼ੈਰ-ਯਕੀਨੀ ਵਧੇਗੀ। ਚਾਹੇ ਕਿਉਬੈਕ ਹੋਵੇ ਜਾਂ ਐਲਬਰਟਾ, ਇਹ ਕਾਨੂੰਨ ਉਹਨਾਂ ਲੋਕਾਂ ਵਾਸਤੇ ਆਪਣੇ ਦਰਵਾਜ਼ੇ ਬੰਦ ਕਰਦਾ ਹੈ ਜਿਹਨਾਂ ਨੂੰ ਉਹ ਅਸਲ ਕਿਉਬੈਕ ਵਾਸੀ ਜਾਂ ਅਸਲ ਐਲਬਰਟਾ ਵਾਸੀ ਨਹੀਂ ਸਮਝਦੇ। ਇਹ ਉਸ ਵੇਲੇ ਵੀ ਦੇਖਿਆ ਗਿਆ ਸੀ ਜਦੋਂ ਕਿਉਬੈਕ ਨੇ ਦੋ ਲੋਕ-ਫਤਵੇ (ਰੈਫ਼ਰੰਡਮ) ਲਏ ਤਾਂ ਮੂਲ ਨਿਵਾਸੀਆਂ ਨੇ ਸਾਫ਼ ਕਿਹਾ ਸੀ ਕਿ ਸੁਤੰਤਰ ਕਿਉਬੈਕ ਤੋਂ ਚਲੇ ਜਾਣਗੇ। 1995 ਵਿੱਚ ਆਏ ਬਹੁਤ ਟਾਇਟ ਰਿਜ਼ਲਟਾਂ ਕਰਕੇ ਕੋਈ ਵੀ ਧਿਰ ਜਿੱਤ ਨਹੀਂ ਸੀ ਸਕੀ। ਇਸੇ ਤਰ੍ਹਾਂ ਐਲਬਰਟਾ ਦੀਆਂ 6,7 ਅਤੇ 8 ਸੰਧੀਆਂ ਵਾਲੇ ਮੂਲ ਨਿਵਾਸੀਆਂ ਨੇ ਸੌਵਰੈਨਿਟੀ ਐਕਟ ਦਾ ਵਿਰੋਧ ਕੀਤਾ ਹੈ। ਇਸ ਸੌਵਰੈਨਿਟੀ ਐਕਟ ਨੂੰ ਇਸ ਲਈ ਵੀ ਡਿਜ਼ਾਇਨ ਕੀਤਾ ਗਿਆ ਹੈ ਕਿ ਇਹ ਐਲਬਰਟਾ ਦੇ ਕੱਚੇ ਤੇਲ ਅਤੇ ਕੁਦਰਤੀ ਗੈਸ ਨੂੰ ਸਮੁੰਦਰੀ ਕਿਨਾਰੇ ਤੱਕ ਲੈਜਾਣ ਵਾਸਤੇ ਸਹਾਈ ਹੋ ਸਕਦਾ ਹੈ ਪਰ ਇਸ ਨਾਲ ਸਮੱਸਿਆ ਹੋਰ ਵਧੇਰੇ ਗੁੰਝਲਦਾਰ ਹੋ ਸਕਦੀ ਹੈ। ਇਸ ਬਿਲ ਦੇ ਕਾਨੂੰਨ ਬਣ ਜਾਣ ਨਾਲ ਨੌਰਦਰਨ ਗੇਟਵੇਅ ਜਾਂ ਐਨਰਜੀ ਈਸਟ ਪਾਇਪਲਾਇਨਾਂ ਚਾਲੂ ਨਹੀਂ ਹੋ ਜਾਣਗੀਆਂ। ਪਰ ਜੇ ਬ੍ਰਿਟਿਸ਼ ਕੋਲੰਬੀਆ ਨੇ ਵੀ ਇਸ ਤਰ੍ਹਾਂ ਦਾ ਬਿਲ ਪਾਸ ਕਰ ਲਿਆ ਤਾਂ ਫੈਡਰਲ ਹਿਦਾਇਤਾਂ ਨੂੰ ਛਿੱਕੇ ਟੰਗ ਕੇ ਉਹ ਬਣ ਰਹੀ ਟ੍ਰਾਂਸ ਮਾਊਨਟੇਨ ਪਾਇਪਲਾਇਨ ਨੂੰ ਵੀ ਬੰਦ ਕਰਵਾ ਸਕਦਾ ਹੈ। ਜੇਸਨ ਕੈਨੀ ਨੇ ਇਹੀ ਗੱਲ ਯੂਸੀਪੀ ਦੀ ਲੀਡਰਸ਼ਿਪ ਰੇਸ ਵੇਲੇ ਵੀ ਆਖੀ ਸੀ।
ਸਾਫ਼ ਹੈ ਕਿ ਕਿਉਬੈਕ ਨੇ ਭਾਰੀ ਆਰਥਕ ਕੀਮਤ ਅਦਾ ਕੀਤੀ ਹੈ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਕਲਚਰ ਅਤੇ ਭਾਸ਼ਾ ਨੂੰ ਬਚਾਉਣਾ ਇਸ ਆਰਥਕ ਨੁਕਸਾਨ ਨਾਲੋਂ ਵੱਧ ਮਹਤਵਪੂਰਨ ਹੈ। ਦੂਜੇ ਪਾਸੇ, ਇਸ ਦੇ ਉਲਟ, ਮੈਨੂੰ ਨਹੀਂ ਲੱਗਦਾ ਕਿ ਦੇਸ਼ ਭਰ ਵਿੱਚ ਸਭ ਤੋਂ ਘਟ ਟੈਕਸ ਅਦਾ ਕਰਨ ਵਾਲੇ ਐਲਬਰਟਾ ਵਾਸੀ ਆਰਥਕ ਨੁਕਸਾਨ ਦੇ ਹਾਮੀ ਹੋਣਗੇ।ਸੌਵਰੈਨਿਟੀ ਐਕਟ ਤਾਂ ਇਕ ਪਾਸੇ, ਆਪਣੀ ਸੂਬਾਈ ਪੁਲਿਸ ਫੋਰਸ, ਸੂਬਾਈ ਟੈਕਸ ਕੁਲੈਕਸ਼ਨ, ਅਤੇ ਸੂਬਾਈ ਪੈਂਸ਼ਨ ਪਲੈਨ ਵਾਸਤੇ ਵੀ ਉਹ ਰਾਜ਼ੀ ਨਹੀਂ ਹੋਣਗੇ। ਇਸ ਦਾ ਇਕ ਮਾਤਰ ਕਾਰਨ ਹੈ ਕਿ ਐਲਬਰਟਾ ਦੀ ਖੁਦਮੁਖਤਿਆਰੀ ਆਰਥਕ ਹੈ। ਬਦਕਿਸਮਤੀ ਨਾਲ, ਬਹੁਤ ਐਲਬਰਟਾ ਵਾਸੀ ਮੰਨਦੇ ਹਨ ਕਿ ਕਿਉਬੈਕ ਨੇ ਗਰਦਨ 'ਤੇ ਛੁਰੀ ਰੱਖ ਕੇ ਆਪਣਾ ਕੰਮ ਕੱਢਿਆ ਹੈ। ਉਹਨਾਂ ਨੂੰ ਚਾਹੀਦਾ ਹੈ ਕਿ ਉਹ 1970 ਦੇ ਦਹਾਕੇ ਵਿੱਚ ਕਿਉਬੈਕ ਵਿੱਚ ਰਹਿਣ ਵਾਲੇ ਲੋਕਾਂ ਨਾਲ ਗੱਲ ਕਰਕੇ ਤਾਂ ਵੇਖਣ ਇਕ ਵਾਰੀ!

ਡੁਏਨ ਬਰੈਟ
ਪੁਲਿਟਿਕਲ ਸਾਇੰਟਿਸਟ, ਮਾਊਂਟ ਰੌਇਲ ਯੂਨਿਵਰਸਿਟੀ, ਕੈਲਗਰੀ!

**(*ਇਹ ਲੇਖ ਅੰਗਰੇਜ਼ੀ ਅਖ਼ਬਾਰ 'ਦ ਗਲੋਬ ਐਂਡ ਮੇਲ' ਵਿੱਚ 13 ਦਸੰਬਰ ਨੂੰ ਛਪੇ ਡਾ. ਡੁਏਨ ਬਰੈਟ ਦੇ ਲੇਖ ਦਾ ਲੱਗਪਗ ਤਰਜੁਮਾ ਹੈ ਅਤੇ ਸਾਰੇ ਵਿਚਾਰ ਲੇਖਕ ਦੇ ਹੀ ਹਨ)**

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**


Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com


Edmonton
Parminder Singh Balluana
780-258-5800
780 599 2000
Email: balluana.parminder@gmail.com


Regina
Gurbinder Singh Gagowal
306 520 4313, 639 999 1000
Email: gur.gago@gmail.com


Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਕੁੜੀਆਂ ਹੱਥ ਚਿੱਟੇ ਦੀਆਂ ਪੁੜੀਆਂ



ਮੋਹਨ ਸ਼ਰਮਾ

ਪੰਜਾਬ ਇਸ ਵੇਲੇ ਚਿੱਟੇ ਦੇ ਅੱਤਵਾਦ ਦਾ ਸੰਤਾਪ ਭੋਗ ਰਿਹਾ ਹੈ ਅਤੇ ਇਸ ਪ੍ਰਕੋਪ ਕਾਰਨ ਜਿੱਥੇ ਜਵਾਨੀ ਦਾ ਵੱਡਾ ਵਰਗ ਖੇਡਾਂ, ਸਾਹਿਤ, ਕ੍ਰਿਤ, ਨੈਤਿਕ ਕਦਰਾਂ ਕੀਮਤਾਂ ਅਤੇ ਪੁਸਤਕ ਸਭਿਆਚਾਰ ਤੋਂ ਬੇਮੁੱਖ ਹੋਇਆ ਹੈ, ਉੱਥੇ ਹੀ ਬਦਮਾਸ਼ੀ, ਅਯਾਸ਼ੀ, ਆਸ਼ਕੀ ਅਤੇ ਆਵਾਰਗੀ ਦਾ ਸ਼ਿਕਾਰ ਵੀ ਹੋਇਆ ਹੈ। ਸ਼ਰਾਬ, ਭੁੱਕੀ, ਅਫੀਮ, ਸਿਗਰੇਟ ਜਿਹੇ ਰਵਾਇਤੀ ਨਸ਼ਿਆਂ ਨੂੰ ਤਿਲਾਂਜਲੀ ਦੇ ਕੇ ਮਹਿੰਗੇ ਅਤੇ ਜਾਨਲੇਵਾ ਨਸ਼ਾ ਚਿੱਟੇ ਦੀ ਵਰਤੋਂ ਕਰਕੇ ਸਿਵਿਆਂ ਦੇ ਰਾਂਹ ਪਿਆ ਹੋਇਆ ਹੈ। ਦੁਖਾਂਤਕ ਪੱਖ ਇਹ ਵੀ ਹੈ ਕਿ ਹੁਣ ਮੁੰਡਿਆਂ ਦੇ ਨਾਲ ਨਾਲ ਬਹੁਤ ਸਾਰੀਆਂ ਕੁੜੀਆਂ ਜਿੱਥੇ ਚਿੱਟੇ ਦੀ ਵਰਤੋਂ ਕਰਦੀਆਂ ਹਨ, ਉੱਥੇ ਹੀ ਨਸ਼ੇ ਦੀ ਖੇਪ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਲਈ ਕੋਰੀਅਰ ਵਜੋਂ ਵੀ ਕੰਮ ਕਰ ਰਹੀਆਂ ਹਨ। ਅਜਿਹੇ ਵਰਤਾਰੇ ਵਿੱਚ ਨੈਤਿਕ ਕਦਰਾਂ-ਕੀਮਤਾਂ, ਸਦਾਚਾਰ, ਭਾਈਚਾਰਕ ਤੰਦਾਂ, ਉੱਚ ਆਦਰਸ਼ ਅਤੇ ਸ਼ਹਿਨਸ਼ੀਲਤਾ ਖੇਰੂੰ ਖੇਰੂੰ ਹੋਣ ਦੇ ਨਾਲ ਨਾਲ ਪਰਿਵਾਰ ਅਤੇ ਪ੍ਰਾਂਤ ਦੀ ਅਰਥ ਵਿਵਸਥਾ, ਸਿੱਖਿਆ, ਸਿਹਤ, ਰੁਜ਼ਗਾਰ, ਵਿਅਕਤੀਤਵ ਵਿਕਾਸ, ਕਾਨੂੰਨ ਦੀ ਉਲੰਘਨਾ, ਅਨੁਸ਼ਾਸ਼ਨਹੀਨਤਾ ਆਦਿ ਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਇਸ ਵੇਲੇ ਸਮਾਜ ਬਿਮਾਰ ਹੈ ਅਤੇ ਬਿਮਾਰ ਸਮਾਜ ਕਦੇ ਵੀ ਤਰੱਕੀ ਦੀਆਂ ਬੁਲੰਦੀਆਂ ਨਹੀਂ ਛੋਹ ਸਕਦਾ। ਭਲਾਂ, ਜਿੱਥੇ ਬਜ਼ੁਰਗਾਂ ਦੀ ਚਿੱਟੀ ਦਾੜ੍ਹੀ ਹੰਝੂਆਂ ਨਾਲ ਭਰੀ ਹੋਵੇ, ਜਿੱਥੇ ਮਾਂਵਾਂ ਦੇ ਕੀਰਨੇ ਕੰਧਾਂ ਨੂੰ ਵੀ ਰਵਾ ਰਹੇ ਹੋਣ, ਜਿੱਥੇ ਵਿਹੜੇ ਵਿੱਚ ਵਿਛੇ ਸੱਥਰਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੋਵੇ ਅਤੇ ਹਰ ਰੋਜ਼ ਨਸ਼ਿਆਂ ਕਾਰਨ ਸਿਵਿਆਂ ਦੀ ਅੱਗ ਪ੍ਰਚੰਡ ਹੋ ਰਹੀ ਹੋਵੇ, ਉੱਥੇ 'ਵਿਕਾਸ ਦੀ ਹਨੇਰੀ' ਦਾ ਦਾਅਵਾ ਥੋਥਾ ਜਿਹਾ ਜਾਪਦਾ ਹੈ।

ਪੰਜਾਬ ਵਿੱਚ ਬਹੁਤ ਸਾਰੀਆਂ ਅਜਿਹੀਆਂ ਵੀਡੀਓ ਸ਼ੋਸ਼ਲ ਮੀਡੀਆ ਤੇ ਵਾਇਰਲ ਹੋ ਰਹੀਆਂ ਹਨ, ਜਿੱਥੇ ਕੁੜੀਆਂ ਨੂੰ ਨਸ਼ੇ ਵਿੱਚ ਟੱਲੀ ਹੋ ਕੇ ਸੜਕ ਤੇ ਬੇਹੋਸ਼ੀ ਦੀ ਹਾਲਤ ਵਿੱਚ ਡਿੱਗੀਆਂ ਪਈਆਂ ਵਿਖਾਇਆ ਗਿਆ ਹੈ। ਬੱਸ ਵਿੱਚ ਕੁੜੀਆਂ ਦੀਆਂ ਢਾਣੀਆਂ ਨੂੰ ਨਸ਼ੱਈ ਹਾਲਤ ਵਿੱਚ ਸਭਿਅਤਾਹੀਨ ਹਰਕਤਾਂ ਕਰਦਿਆਂ ਵੀ ਵੇਖਿਆ ਗਿਆ ਹੈ। ਕਿਸੇ ਵਿਦਵਾਨ ਦੇ ਬੋਲ ਹਨ, "ਮਰਦ ਆਪਣੀ ਹਿੰਮਤ ਨਾਲ ਮਕਾਨ ਬਣਾਉਂਦਾ ਹੈ ਅਤੇ ਔਰਤ ਉਸ ਨੂੰ ਆਪਣੇ ਸੁਚੱਜੇ ਵਰਤਾਓ, ਪਿਆਰ ਅਤੇ ਅਪਣੱਤ ਨਾਲ 'ਘਰ' ਦਾ ਰੂਪ ਦਿੰਦੀ ਹੈ।" ਗੰਭੀਰ ਹੋ ਕੇ ਸੋਚਣ ਵਾਲੀ ਗੱਲ ਹੈ ਕਿ ਅਜਿਹੀਆਂ ਕੁੜੀਆਂ ਜਦੋਂ ਪਤਨੀ ਦੇ ਰੂਪ ਵਿੱਚ ਘਰ ਸੰਭਾਲਣਗੀਆਂ ਤਾਂ ਕੀ ਮਕਾਨ ਨਰਕ ਦਾ ਰੂਪ ਧਾਰਨ ਨਹੀਂ ਕਰੇਗਾ? ਬੱਚਿਆਂ ਦੇ ਮਾਹਿਰ ਡਾ. ਰਿਚਰਡ ਰੌਡ ਨੇ ਪ੍ਰਗਟਾਵਾ ਕੀਤਾ ਹੈ, "ਨਸ਼ਾ ਕਰਨ ਵਾਲੀਆਂ ਔਰਤਾਂ ਦੇ ਪੇਟ ਵਿੱਚ ਪਲ ਰਹੇ ਬੱਚੇ ਦੇ ਦਿਮਾਗੀ ਵਿਕਾਸ ਤੇ ਬੁਰਾ ਅਸਰ ਪੈਂਦਾ ਹੈ ਅਤੇ ਉਹ ਯਹੂਦੀ ਟਾਈਪ ਵੀ ਹੋਵੇਗਾ।" ਦੂਜੇ ਸ਼ਬਦਾਂ ਵਿੱਚ ਅਜਿਹੀ ਮਾਰੂ ਅਤੇ ਚਿੰਤਾਜਨਕ ਸਥਿਤੀ ਵਿੱਚ ਪੰਜਾਬ ਦੇ ਭਵਿੱਖ ਦੇ ਨਾਲ-ਨਾਲ ਨਸਲਾਂ ਨੂੰ ਵੀ ਗੰਭੀਰ ਖ਼ਤਰਾ ਹੈ।

> **ਪੰਜਾਬ ਵਿੱਚ ਬਹੁਤ ਸਾਰੀਆਂ ਅਜਿਹੀਆਂ ਵੀਡੀਓ ਸ਼ੋਸ਼ਲ ਮੀਡੀਆ ਤੇ ਵਾਇਰਲ ਹੋ ਰਹੀਆਂ ਹਨ, ਜਿੱਥੇ ਕੁੜੀਆਂ ਨੂੰ ਨਸ਼ੇ ਵਿੱਚ ਟੱਲੀ ਹੋ ਕੇ ਸੜਕ ਤੇ ਬੇਹੋਸ਼ੀ ਦੀ ਹਾਲਤ ਵਿੱਚ ਡਿੱਗੀਆਂ ਪਈਆਂ ਵਿਖਾਇਆ ਗਿਆ ਹੈ। ਬੱਸ ਵਿੱਚ ਕੁੜੀਆਂ ਦੀਆਂ ਢਾਣੀਆਂ ਨੂੰ ਨਸ਼ੱਈ ਹਾਲਤ ਵਿੱਚ ਸਭਿਅਤਾਹੀਨ ਹਰਕਤਾਂ ਕਰਦਿਆਂ ਵੀ ਵੇਖਿਆ ਗਿਆ ਹੈ। ਕਿਸੇ ਵਿਦਵਾਨ ਦੇ ਬੋਲ ਹਨ, "ਮਰਦ ਆਪਣੀ ਹਿੰਮਤ ਨਾਲ ਮਕਾਨ ਬਣਾਉਂਦਾ ਹੈ ਅਤੇ ਔਰਤ ਉਸ ਨੂੰ ਆਪਣੇ ਸੁਚੱਜੇ ਵਰਤਾਓ, ਪਿਆਰ ਅਤੇ ਅਪਣੱਤ ਨਾਲ 'ਘਰ' ਦਾ ਰੂਪ ਦਿੰਦੀ ਹੈ।"**

ਕੁਝ ਸਮਾਂ ਪਹਿਲਾਂ ਰੋਪੜ ਦੇ ਹਸਪਤਾਲ ਵਿੱਚ ਇੱਕ 8-9 ਸਾਲਾਂ ਦੀ ਕੁੜੀ ਨੂੰ ਦਾਖ਼ਲ ਕਰਵਾਇਆ ਗਿਆ, ਜਿਸ ਨੂੰ ਭੁੱਕੀ ਖਾਣ ਦੀ ਆਦਤ ਸੀ। ਬਾਅਦ ਵਿੱਚ ਪਤਾ ਲੱਗਿਆ ਕਿ ਉਸ ਦੇ ਮਾਂ-ਬਾਪ ਭੁੱਕੀ ਵੇਚਣ ਦਾ ਧੰਦਾ ਕਰਦੇ ਸਨ ਅਤੇ ਘਰ ਵਿੱਚ ਭੁੱਕੀ ਆਮ ਪਈ ਹੋਣ ਕਾਰਨ ਮਾਸੂਮ ਬੱਚੀ ਨਸ਼ੇ ਦਾ ਸੇਵਨ ਕਰਨ ਲੱਗ ਪਈ। ਇਸ ਮੰਦਭਾਗੀ ਘਟਨਾ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਬੱਚਿਆਂ ਨੂੰ ਮਾੜੇ ਸੰਸਕਾਰ ਅਤੇ ਬੁਰੀਆਂ ਆਦਤਾਂ ਪ੍ਰਦਾਨ ਕਰਨ ਵਿੱਚ ਮਾਪਿਆਂ ਦੀ ਅਹਿਮ ਭੂਮਿਕਾ ਹੁੰਦੀ ਹੈ। ਬਹੁਤ ਸਾਰੀਆਂ ਕੁੜੀਆਂ ਦਾ ਨਸ਼ਿਆਂ ਦੀ ਪੂਰਤੀ ਲਈ ਪੈਸਿਆਂ ਦਾ ਜੁਗਾੜ ਦੇਹ ਵਿਉਪਾਰ ਦੇ ਧੰਦੇ ਨਾਲ ਜੁੜ ਕੇ ਕਰਨ ਦੀਆਂ ਘਟਨਾਵਾਂ ਨੇ ਵੀ ਮਨੁੱਖੀ ਮਨ ਨੂੰ ਸੁੰਨ੍ਹ ਕਰ ਦਿੱਤਾ ਹੈ। ਚਿੱਟੇ ਦੀਆਂ ਪੁੜੀਆਂ ਹੱਥਾਂ ਵਿੱਚ ਆਉਣ ਕਾਰਨ ਨਸ਼ਿਆਂ ਦੀ ਤਸਕਰੀ, ਲੁੱਟ-ਖੋਹ ਦੀਆਂ ਵਾਰਦਾਤਾਂ ਅਤੇ ਦੇਹ ਵਿਉਪਾਰ ਦੇ ਧੰਦੇ ਦਾ ਪ੍ਰਫੁੱਲਤ ਹੋਣਾ ਗੰਭੀਰ ਚਿੰਤਾ ਦਾ ਵਿਸ਼ਾ ਹੋਣ ਦੇ ਨਾਲ ਨਾਲ ਸਮਾਜ ਲਈ ਧੱਬਾ ਵੀ ਹੈ।

ਪੁਲਿਸ ਅਕੈਡਮੀ ਫਿਲੌਰ ਵਿੱਚ ਚਿੱਟੇ ਦੀ ਘੁਸਪੈਟ ਜਿੱਥੇ ਚਿੰਤਾ ਦਾ ਵਿਸ਼ਾ ਹੈ, ਉੱਥੇ ਹੀ ਲਾਗਲੇ ਪਿੰਡ ਦੀ ਨਸ਼ਾ ਸਪਲਾਈ ਕਰਨ ਵਾਲੀ ਔਰਤ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਇਸ ਪੁਲਿਸ ਅਕੈਡਮੀ ਵਿੱਚ ਇੱਕ ਪੁਲਿਸ ਕਰਮਚਾਰੀ ਦੀ ਓਵਰਡੋਜ਼ ਨਾਲ ਮੌਤ ਹੋ ਗਈ ਹੈ ਅਤੇ ਇਸ ਅਕੈਡਮੀ ਦੀ ਇਸਤਰੀ ਪੁਲਿਸ ਮੁਲਾਜ਼ਮ ਦਾ ਨਸ਼ਿਆਂ ਦੀ ਦਲਦਲ ਵਿੱਚ ਧਸਣ ਦਾ ਸਨਸਨੀਖੇਜ਼ ਪ੍ਰਗਟਾਵਾ ਵੀ ਹੋਇਆ ਹੈ। ਇੱਥੇ ਵਰਨਣਯੋਗ ਹੈ ਕਿ ਇਸ ਅਕੈਡਮੀ ਵਿੱਚ ਅਪਰ ਕੋਰਸ ਕੀਤੇ ਬਿਨਾਂ ਅਗਲੀ ਤਰੱਕੀ ਸੰਭਵ ਨਹੀਂ। ਗੰਭੀਰ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਹੈ ਕਿ ਜੇਕਰ ਅਜਿਹੀ ਪੁਲਿਸ ਅਕੈਡਮੀ ਵਿੱਚ ਨਸ਼ਿਆਂ ਦਾ ਮੱਕੜ ਜਾਲ ਹੈ, ਫਿਰ ਇੱਥੋਂ ਅਪਰ ਕੋਰਸ ਕਰਨ ਉਪਰੰਤ ਜਦੋਂ ਪੁਲਿਸ ਮੁਲਾਜ਼ਮ ਫੀਲਡ ਵਿੱਚ ਜਾਣਗੇ ਤਾਂ ਉਨ੍ਹਾਂ ਦੀ 'ਨਸ਼ਾ ਮੁਕਤ ਸਮਾਜ ਸਿਰਜਨ' ਵਿੱਚ ਸ਼ੱਕੀ ਭੂਮਿਕਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਭਲਾਂ ਜਦੋਂ ਦਰਬਾਨ ਦੀ ਅੱਖ ਚੋਰਾ ਨਾਲ ਮਿਲ ਜਾਵੇ, ਫਿਰ ਜਾਨ ਅਤੇ ਮਾਲ ਦੋਨਾਂ ਨੂੰ ਹੀ ਗੰਭੀਰ ਖ਼ਤਰਾ ਹੁੰਦਾ ਹੈ। ਜਦੋਂ ਮਾਲੀ ਦਗ਼ਾਬਾਜ਼ ਹੋ ਜਾਣ ਤਾਂ ਮਹਿਕਾਂ ਦੀ ਪੱਤ ਸੁਰੱਖਿਅਤ ਨਹੀਂ ਰਹਿੰਦੀ।



ਸਿਰਵੇਖਣ ਵਿੱਚ ਇਹ ਖੌਫਨਾਕ ਪ੍ਰਗਟਾਵਾ ਵੀ ਸਾਹਮਣੇ ਆਇਆ ਹੈ ਕਿ ਪੀ.ਜੀ. ਵਿੱਚ ਰਹਿੰਦੀਆਂ ਕਾਲਜ, ਯੂਨੀਵਰਸਿਟੀ, ਆਈਲੈਟਸ ਕਰਦੀਆਂ ਬਹੁਤ ਸਾਰੀਆਂ ਲੜਕੀਆਂ ਜਿੱਥੇ ਨਸ਼ੇ ਦੇ ਮੱਕੜ ਜਾਲ ਵਿੱਚ ਫੱਸ ਕੇ ਥਿੜਕ ਚੁੱਕੀਆਂ ਹਨ, ਉੱਥੇ ਹੀ ਨਸ਼ੇ ਦੇ ਵਿਉਪਾਰੀ ਅਜਿਹੀਆਂ ਲੜਕੀਆਂ ਰਾਹੀਂ ਸਮਗਲਿੰਗ ਕਰਵਾਉਣੀ ਸੁਰੱਖਿਅਤ ਸਮਝਦੇ ਹਨ। ਕੁਝ ਮਹੀਨੇ ਪਹਿਲਾਂ ਹੀ ਅਮ੍ਰਿਤਸਰ ਦੇ ਇੱਕ ਕਾਲਜ ਵਿੱਚ ਐਮ.ਐਸ.ਸੀ. ਕਰਦੀ ਲੜਕੀ ਆਪਣੇ ਦੋਸਤ ਲੜਕੇ ਨਾਲ ਇੱਕ ਮਹਿੰਗੀ ਕਾਰ ਵਿੱਚ ਸਫ਼ਰ ਕਰ ਰਹੀ ਸੀ। ਪੁਲਿਸ ਨੇ ਮੁਖ਼ਬਰੀ ਦੇ ਆਧਾਰ ਤੇ ਜਦੋਂ ਉਨ੍ਹਾਂ ਦੀ ਕਾਰ ਰੋਕ ਕੇ ਤਲਾਸ਼ੀ ਲਈ ਤਾਂ ਕਾਰ ਵਿੱਚੋਂ 30 ਕਰੋੜ ਦਾ ਚਿੱਟਾ ਬਰਾਮਦ ਹੋਇਆ ਸੀ। ਇਸ ਤੋਂ ਪਹਿਲਾਂ ਭੁੱਕੀ, ਅਫੀਮ, ਸ਼ਰਾਬ ਆਦਿ ਦੀ ਸਮਗਲਿੰਗ ਔਰਤਾਂ ਕਰਦੀਆਂ ਸਨ, ਪਰ ਹੁਣ ਤਾਂ ਸਰਦੇ-ਪੁਜ਼ਦੇ ਘਰਾਂ ਦੀਆਂ ਧੀ-ਧਿਆਣੀਆਂ ਇਸ ਘਿਨੌਣੇ ਵਿਉਪਾਰ ਦਾ ਹਿੱਸਾ ਬਣਕੇ ਆਪਣੀ ਜ਼ਿੰਦਗੀ ਬਰਬਾਦ ਕਰਨ ਦੇ ਨਾਲ ਨਾਲ ਸਮਾਜ ਨੂੰ ਤਬਾਹੀ ਵੱਲ ਲੈ ਕੇ ਜਾਣ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਇਸ ਮਹਿੰਗੇ ਅਤੇ ਜਾਨਲੇਵਾ ਨਸ਼ੇ ਦਾ ਸ਼ਿਕਾਰ ਹੋਈਆਂ ਕੁੜੀਆਂ ਦਾ ਦੇਹ ਵਿਉਪਾਰ ਦੇ ਧੰਦੇ ਵਿੱਚ ਧੱਸ ਕੇ ਏਡਜ਼ ਦਾ ਸ਼ਿਕਾਰ ਹੋਣ ਦੀਆਂ ਸੁੰਨ੍ਹ ਕਰਨ ਵਾਲੀਆਂ ਘਟਨਾਵਾਂ ਵੀ ਸਾਹਮਣੇ ਆ ਰਹੀਆਂ ਹਨ। ਅਜਿਹੀ ਅਣਸੁਖਾਂਵੀਂ ਅਤੇ ਡਰਾਉਣੀ ਤਸਵੀਰ ਸਾਡੇ ਸਮਾਜ ਦੇ ਮੱਥੇ ਤੇ ਧੱਬਾ ਹੈ ਅਤੇ ਅਜਿਹਾ ਵਰਤਾਰਾ ਨੈਤਿਕਤਾ ਅਤੇ ਕਿਰਦਾਰ ਦੇ ਨਿਘਾਰ ਦੀ ਸ਼ਿਖ਼ਰ ਹੈ। ਕੁਝ ਸਮਾਂ ਪਹਿਲਾਂ ਲੁਧਿਆਣਾ ਵਿੱਚ ਗਿਰੋਹ ਬਣਾ ਕੇ ਚਿੱਟਾ ਵੇਚਦੀਆਂ ਕੁੜੀਆਂ ਪੁਲਿਸ ਦੀ ਗ੍ਰਿਫਤ ਵਿੱਚ ਆਈਆਂ ਸਨ। ਉਨ੍ਹਾਂ ਵੱਲੋਂ ਵੀ ਅਜਿਹੇ ਸੁੰਨ੍ਹ ਕਰਨ ਵਾਲੇ ਕਾਰਨਾਮਿਆਂ ਦਾ ਪ੍ਰਗਟਾਵਾ ਕੀਤਾ ਗਿਆ ਸੀ।

26 ਜੂਨ, 2018 ਨੂੰ ਨਸ਼ਾ ਵਿਰੋਧੀ ਦਿਵਸ ਦੇ ਮੌਕੇ ਕਪੂਰਥਲਾ ਵਿੱਚ ਨਸ਼ੱਈ ਲੜਕੀਆਂ ਦੇ ਇਲਾਜ਼ ਲਈ ਸਰਕਾਰੀ ਤੌਰ ਤੇ ਨਸ਼ਾ ਛੁਡਾਊ ਕੇਂਦਰ ਖੋਲ੍ਹਣਾ ਅਤੇ ਵੱਡੇ ਸ਼ਹਿਰਾਂ ਵਿੱਚ ਖੁੱਲ੍ਹੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਅੱਗੇ ਇਸ ਤਰ੍ਹਾਂ ਦਾ ਲੱਗਿਆ ਬੋਰਡ, "ਇੱਥੇ ਲੜਕੀਆਂ ਦਾ ਨਸ਼ਾ ਛੁਡਾਉਣ ਦਾ ਵਿਸ਼ੇਸ਼ ਪ੍ਰਬੰਧ ਹੈ।" ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪੰਜਾਬ ਵਿੱਚ ਬਹੁਤ ਸਾਰੀਆਂ ਲੜਕੀਆਂ ਨੂੰ ਵੀ ਨਸ਼ੇ ਦਾ ਸੇਕ ਲੱਗ ਚੁੱਕਿਆ ਹੈ। ਪਿਛਲੇ ਦਿਨੀਂ ਅਮ੍ਰਿਤਸਰ ਅਤੇ ਹੁਸ਼ਿਆਰਪੁਰ ਵਿੱਚ ਬੈਂਕ ਲੁੱਟਣ ਦੀ ਕੋਸ਼ਿਸ਼ ਕੀਤੀ ਗਈ। ਇਸ ਸਬੰਧ ਵਿੱਚ ਦੋ ਔਰਤਾਂ ਗ੍ਰਿਫਤਾਰ ਕੀਤੀਆਂ ਗਈਆਂ। ਗਿਰੋਹ ਨਾਲ ਸਬੰਧਤ ਇਹ ਦੋਨੋਂ ਔਰਤਾਂ ਭਾਰੀ ਮਾਤਰਾ ਵਿੱਚ ਚਿੱਟੇ ਦਾ ਸੇਵਨ ਕਰਦੀਆਂ ਸਨ। ਨਸ਼ੇ ਦੀ ਪੂਰਤੀ ਅਤੇ ਐਸ਼-ਪ੍ਰਸਤੀ ਭਰਿਆ ਜੀਵਨ ਬਤੀਤ ਕਰਨ ਲਈ ਉਨ੍ਹਾਂ ਨੇ ਲੁੱਟਾਂ-ਖੋਹਾਂ ਨੂੰ ਅੰਜ਼ਾਮ ਦੇਣਾ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਹੀ ਬਠਿੰਡਾ ਵਿਖੇ ਨਸ਼ੇ ਦੀ ਓਵਰਡੋਜ਼ ਕਾਰਨ ਬੇਹੋਸ਼ ਹੋਈਆਂ ਤਿੰਨ ਕੁੜੀਆਂ ਦਾ ਰੇਲਵੇ ਦੀ ਪਟੜੀ ਲਾਗੇ ਡਿੱਗੀਆਂ ਪਈਆਂ ਮਿਲਣਾ ਵੀ ਸਮਾਜਿਕ ਨਾਮੋਸ਼ੀ ਦਾ ਕਾਰਨ ਬਣਿਆ ਸੀ। ਕੁਝ ਦਿਨ ਪਹਿਲਾਂ ਹੀ ਐਸ.ਟੀ.ਐਫ. ਦੀ ਟੀਮ ਨੇ ਲੁਧਿਆਣਾ ਦੇ ਇੱਕ ਥਾਣੇ ਵਿੱਚ ਨਿਯੁਕਤ ਵਧੀਕ ਥਾਣੇਦਾਰ ਨੂੰ ਗ੍ਰਿਫ਼ਤਾਰ ਕੀਤਾ ਹੈ। ਜੋ ਆਪਣੀ ਨਸ਼ਾ ਤਸਕਰ ਔਰਤ ਨਾਲ ਮਿਲਕੇ 10 ਤੋਂ ਵੱਧ ਠਿਕਾਣਿਆਂ ਤੇ ਚਿੱਟੇ ਦੀ ਸਪਲਾਈ ਕਰਦਾ ਸੀ। ਔਰਤ ਅਤੇ ਥਾਣੇਦਾਰ ਸਲਾਖਾਂ ਪਿੱਛੇ ਹਨ। ਇਨ੍ਹਾਂ ਕੋਲੋਂ ਅੰਦਾਜ਼ਨ ਸਵਾ 400 ਕਰੋੜ ਮੁੱਲ ਦਾ ਚਿੱਟਾ ਬਰਾਮਦ ਹੋਇਆ ਹੈ। ਭਲਾਂ ਜੇ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਅਤੇ ਕੁੱਤੀ ਚੋਰਾਂ ਨਾਲ ਰੱਲ ਜਾਵੇ, ਫਿਰ ਘਰਾਂ ਦੀ ਬਰਕਤ, ਸ਼ਾਂਤੀ ਅਤੇ ਸਮਾਜਿਕ ਸੁਰੱਖਿਆ ਤੇ ਪ੍ਰਸ਼ਨ ਚਿੰਨ੍ਹ ਲੱਗਣਾ ਹੀ ਹੈ।

ਵਿਦਵਾਨ ਚਾਣਕਯ ਨੇ ਲਿਖਿਆ ਹੈ, "ਮੈਨੂੰ ਉਨ੍ਹਾਂ ਲੋਕਾਂ ਤੇ ਗੁੱਸਾ ਨਹੀਂ ਆਉਂਦਾ, ਜੋ ਗੁਨਾਹ ਕਰਦੇ ਨੇ। ਉਨ੍ਹਾਂ ਲੋਕਾਂ ਤੇ ਗੁੱਸਾ ਆਉਂਦਾ ਹੈ, ਜੋ ਗੁਨਾਹ ਹੁੰਦਿਆਂ ਵੇਖ ਕੇ ਚੁੱਪ ਕਰ ਜਾਂਦੇ ਨੇ। ਜਦੋਂ ਬੁਰੇ ਲੋਕ ਜੁੰਡਲੀ ਬਣਾ ਲੈਣ ਤਾਂ ਭਲੇ ਲੋਕਾਂ ਦਾ ਇਕੱਠੇ ਹੋਣਾ ਬਹੁਤ ਜ਼ਰੂਰੀ ਹੈ।" ਅਜਿਹੀ ਸਥਿਤੀ ਨੂੰ ਸੁਖਾਂਵਾਂ ਮੋੜ ਦੇਣ ਲਈ ਸਰਕਾਰ ਦੀ ਦ੍ਰਿੜ ਇੱਛਾ ਸ਼ਕਤੀ, ਲੋਕਾਂ ਦਾ ਭਰਵਾਂ ਸਹਿਯੋਗ, ਪ੍ਰਸ਼ਾਸਨਿਕ ਅਧਿਕਾਰੀਆਂ ਦੀ ਸਮੱਰਪਿਤ ਭਾਵਨਾਂ, ਅਧਿਆਪਕਾਂ, ਰੰਗ ਕਰਮੀਆਂ, ਲੇਖਕਾਂ, ਪੱਤਰਕਾਰਾਂ, ਬੁੱਧੀ ਜੀਵੀਆਂ ਅਤੇ ਚਿੰਤਕਾਂ ਦੇ ਸੰਯੁਕਤ ਰੂਪ ਵਿੱਚ ਉਪਰਾਲਿਆਂ ਨਾਲ ਜਿੱਥੇ ਕੁਰਾਹੇ ਪਈਆਂ ਲੜਕੀਆਂ ਨੂੰ ਮੁੱਖ ਧਾਰਾ ਵਿੱਚ ਲਿਆਂਦਾਂ ਜਾ ਸਕਦਾ ਹੈ, ਉੱਥੇ ਹੀ ਨਸ਼ਿਆਂ ਦੇ ਦੈਂਤ ਨੂੰ ਵੀ ਢਹਿ ਢੇਰੀ ਕੀਤਾ ਜਾ ਸਕਦਾ ਹੈ। ਜੇਕਰ ਅਜਿਹਾ ਸੰਭਵ ਨਾ ਹੋਇਆ ਤਾਂ ਇਤਿਹਾਸ ਸਾਡੀ ਹੋਣੀ ਤੇ ਕੀਰਨੇ ਪਾਵੇਗਾ ਅਤੇ ਅਸੀਂ ਬੁਜ਼ਦਿਲਾਂ ਦੀ ਕਤਾਰ ਵਿੱਚ ਸ਼ਾਮਲ ਹੋਵਾਂਗੇ।

ਮੋ-94171-48866



> **ਇੱਥੇ ਲੜਕੀਆਂ ਦਾ ਨਸ਼ਾ ਛੁਡਾਉਣ ਦਾ ਵਿਸ਼ੇਸ਼ ਪ੍ਰਬੰਧ ਹੈ। ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪੰਜਾਬ ਵਿੱਚ ਬਹੁਤ ਸਾਰੀਆਂ ਲੜਕੀਆਂ ਨੂੰ ਵੀ ਨਸ਼ੇ ਦਾ ਸੇਕ ਲੱਗ ਚੁੱਕਿਆ ਹੈ। ਪਿਛਲੇ ਦਿਨੀਂ ਅਮ੍ਰਿਤਸਰ ਅਤੇ ਹੁਸ਼ਿਆਰਪੁਰ ਵਿੱਚ ਬੈਂਕ ਲੁੱਟਣ ਦੀ ਕੋਸ਼ਿਸ਼ ਕੀਤੀ ਗਈ। ਇਸ ਸਬੰਧ ਵਿੱਚ ਦੋ ਔਰਤਾਂ ਗ੍ਰਿਫਤਾਰ ਕੀਤੀਆਂ ਗਈਆਂ।**

# ਕੁੱਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ



ਸੁਰਜੀਤ ਪਾਤਰ

**ਕੁੱਝ** ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ ।
ਗੀਤ ਦੀ ਮੌਤ ਇਸ ਰਾਤ ਜੇ ਹੋ ਗਈ
ਮੇਰਾ ਜੀਣਾ ਮੇਰੇ ਯਾਰ ਕਿੰਞ ਸਹਿਣਗੇ ।

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ ।
ਆਖੋ ਏਨ੍ਹਾਂ ਨੂੰ ਉੱਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਇਥੇ ਖੜ੍ਹੇ ਰਹਿਣਗੇ ।

ਯਾਰ ਮੇਰੇ ਜੁ ਇਸ ਆਸ 'ਤੇ ਮਰ ਗਏ
ਕਿ ਮੈਂ ਉਨ੍ਹਾਂ ਦੇ ਦੁੱਖ ਦਾ ਬਣਾਵਾਂਗਾ ਗੀਤ
ਜੇ ਮੈਂ ਚੁੱਪ ਹੀ ਰਿਹਾ ਜੇ ਮੈਂ ਕੁਝ ਨਾ ਕਿਹਾ
ਬਣਕੇ ਰੂਹਾਂ ਸਦਾ ਭਟਕਦੇ ਰਹਿਣਗੇ ।

ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ ।

ਕੀ ਇਹ ਇਨਸਾਫ਼ ਹਉਮੈਂ ਦੇ ਪੁੱਤ ਕਰਨਗੇ
ਕੀ ਇਹ ਖ਼ਾਮੋਸ਼ ਪੱਥਰ ਦੇ ਬੁੱਤ ਕਰਨਗੇ ।
ਜੋ ਸਲੀਬਾਂ ਤੇ ਟੰਗੇ ਨੇ ਲੱਥਣੇ ਨਹੀਂ
ਰਾਜ ਬਦਲਣਗੇ ਸੂਰਜ ਚੜ੍ਹਨ ਲਹਿਣਗੇ ।

ਇਹ ਜੁ ਰੰਗਾਂ 'ਚ ਚਿੱਤਰੇ ਨੇ ਖੁਰ ਜਾਣਗੇ
ਇਹ ਜੁ ਮਰਮਰ 'ਚ ਉੱਕਰੇ ਨੇ ਮਿਟ ਜਾਣਗੇ ।
ਬਲਦੇ ਹਥਾਂ ਨੇ ਜਿਹੜੇ ਹਵਾ ਵਿਚ ਲਿਖੇ
ਹਰਫ਼ ਉਹੀ ਹਮੇਸ਼ਾ ਲਿਖੇ ਜਾਣਗੇ ।

ਇਹ ਵੀ ਸ਼ਾਇਦ ਮੇਰਾ ਆਪਣਾ ਵਹਿਮ ਹੈ
ਕੋਈ ਦੀਵਾ ਜਗੇਗਾ ਮੇਰੀ ਕਬਰ 'ਤੇ
ਜੇ ਹਵਾ ਇਹ ਰਹੀ ਕਬਰਾਂ ਉੱਤੇ ਤਾਂ ਕੀ
ਸਭ ਘਰਾਂ 'ਚ ਵੀ ਦੀਵੇ ਬੁਝੇ ਰਹਿਣਗੇ ।

## ਧੁੱਪ ਸੂਰਜ ਦੀ ਦਿਖਾਵੇ ਹੋਰ ਰਾਹ

ਧੁੱਪ ਸੂਰਜ ਦੀ ਦਿਖਾਵੇ ਹੋਰ ਰਾਹ
ਚਾਨਣੀ ਵਿਚ ਹੋਰ ਰਸਤੇ ਚਮਕਦੇ
ਹੋਰ ਮੰਜ਼ਿਲ ਦੱਸਦਾ ਘਰ ਦਾ ਚਿਰਾਗ
ਸਿਵਿਆਂ ਲੋਏ ਹੋਰ ਪਗ-ਚਿੰਨ੍ਹ ਸੁਲਗਦੇ

ਇਹ ਸਿਵਾ, ਇਹ ਚੰਨ, ਸੂਰਜ, ਇਹ ਚਿਰਾਗ
ਵੱਖੋ ਵੱਖਰੇ ਰਸਤਿਆਂ ਵੱਲ ਖਿੱਚਦੇ
ਮੈਂ ਚੁਰਾਹੇ 'ਤੇ ਖੜਾ ਹਾਂ ਸੋਚਦਾ
ਕਿੰਨੇ ਟੋਟੇ ਕਰ ਦਿਆਂ ਇਕ ਹੋਂਦ ਦੇ

ਐ ਮਨਾ ਤੂੰ ਬੇਸੁਰਾ ਏਂ ਸਾਜ਼ ਕਿਉਂ
ਏਨੀ ਗੰਧਲੀ ਹੈ ਤੇਰੀ ਆਵਾਜ਼ ਕਿਉਂ
ਸੁਰ ਨਹੀਂ ਹੁੰਦਾ ਤੂੰ ਕਿਉਂ ਕੀ ਗੱਲ ਹੈ
ਇਲਮ ਦੇ ਮਸਲੇ ਨੇ ਜਾਂ ਇਖਲਾਕ ਦੇ

ਮਨ ਹੈ ਇਕ ਪੁਸਤਕ ਜਿਵੇਂ ਲਿਖ ਹੋ ਰਹੀ
ਜਿਸ ਦਾ ਕੋਈ ਆਦ ਹੈ ਨਾ ਅੰਤ ਹੈ
ਇਕ ਇਬਾਰਤ ਹੈ ਜੋ ਅੰਦਰ ਤੜਪਦੀ
ਵਾਕ ਨੇ ਇਕ ਦੂਸਰੇ ਨੂੰ ਕੱਟਦੇ

# ਮਜ਼ਦੂਰਾਂ ਦਾ ਨਵਾਂ ਸਾਲ





ਜਸਵੰਤ ਗਿੱਲ ਸਮਾਲਸਰ
97804-51878

ਅਮੀਰਾਂ ਦੀ ਹੋਊ ਇੱਕ ਜਨਵਰੀ,ਮਜ਼ਦੂਰਾਂ ਦਾ ਨਿੱਤ ਨਵਾਂ ਸਾਲ ਹੁੰਦਾ ਏ।
ਜਦ ਬਣਕੇ ਸੂਰਜ ਕਾਲੀਆਂ ਰਾਤਾਂ ਨੂੰ ਸਿਰ ਤੋਂ ਟਾਲ ਹੁੰਦਾ ਏ।

ਜਿਸ ਭੱਠੇ 'ਚ ਇੱਟਾਂ ਪੱਕਣ,ਉੱਥੇ ਹੀ ਪੱਕੇ ਖ਼ੂਨ ਮਜ਼ਦੂਰਾਂ ਦਾ,
ਏਸੇ ਕਰਕੇ ਤਾਂ ਇੱਟਾਂ 'ਤੇ ਚੜ੍ਹਿਆ ਰੰਗ ਲਾਲ ਹੁੰਦਾ ਏ।

ਔਰਤ ਉਹ ਮੈਨੂੰ ਸੱਚਮੁੱਚ ਹੀ ਦੇਵੀ ਕੋਈ ਲੱਗਦੀ ਏ,
ਜਿਸ ਦੇ ਸਿਰ ਉੱਤੇ ਪੰਡ ਭਾਰੀ,ਕੁੱਛੜ ਚੁੱਕਿਆ ਬਾਲ ਹੁੰਦਾ ਏ।

ਸਾਇਕਲ ਚੁੱਕ ਕੇ ਸਾਜਰੇ ਹੀ ਦੂਰ ਕੰਮ 'ਤੇ ਨਿਕਲ ਜਾਂਦਾ,
ਵਾਪਸ ਆਉਂਦੇ ਤੋਂ ਦੂਜੇ ਦਿਨ ਦਾ ਨਾਲ ਖ਼ਿਆਲ ਹੁੰਦਾ ਏ।

ਚਿਹਰੇ ਉੱਤੇ ਹਿੰਮਤ,ਹੌਂਸਲਾ, ਅੱਖੀਂ ਸੁਪਨੇ ਭਰ ਕੇ ਰੱਖਦਾ,
ਭਾਵੇਂ ਹਰ ਤਿੜਕਿਆ ਸੁਪਨਾ ਲਾਇਆ ਕਲੇਜੇ ਨਾਲ ਹੁੰਦਾ ਏ।

ਕਿਰਤੀਆਂ ਦੀ ਕਿਰਤ ਦਾ ਖੌਰੇ ਕਦੋਂ ਪੈਣਾ ਹੈ ਅਸਲ ਮੁੱਲ ?
ਦਿਨ ਢਲਦੇ ਹੀ ਮਜ਼ਦੂਰ ਦੀਆਂ ਅੱਖਾਂ 'ਚ ਇਹ ਸਵਾਲ ਹੁੰਦਾ ਏ।

ਨਿੱਕੇ ਨਿੱਕੇ ਬਾਲਾਂ ਦੇ, ਨਿੱਕੇ ਨਿੱਕੇ ਚਾਵਾਂ ਲਈ ਭੱਜਦਾ ਹੈ,
ਕਿੱਥੇ ਰੱਖੇ ਲੁਕਾਕੇ, ਕਰਦਾ ਐਸੀ ਥਾਂ ਦੀ ਭਾਲ ਹੁੰਦਾ ਏ।

ਭਾਵੇਂ ਡੰਗ ਦੀ ਰੋਟੀ ਖਾਤਰ, ਸਮਾਂ ਘਰਾਣੇ ਨੂੰ ਨਾ ਦੇ ਪਾਉਂਦਾ,
ਉਂਝ ਹੱਕਾਂ ਲਈ ਲੜਣੇ ਦਾ ਉਸ ਅੰਦਰ ਚੱਲਦਾ ਭੂਚਾਲ ਹੁੰਦਾ ਏ।

ਵੰਡ ਖਾਣ ਦੀ ਇੱਛਾ ਰੱਖਦਾ ਦਰ ਆਇਆ ਕੋਈ ਮੁੜਦਾ ਨਾ,
ਉਂਝ ਭਾਵੇਂ ਉਸਦੇ ਆਪਣੇ ਘਰ ਕਿੰਨਾ ਮੰਦੜਾ ਹਾਲ ਹੁੰਦਾ ਏ।

ਮਿਹਨਤ ਨਾਲ ਮਿੱਟੀ ਨੂੰ ਸੋਨਾ ਕਰਦਾ, ਪੱਥਰਾਂ ਨੂੰ ਹੀਰੇ,
ਕਿਰਤੀ ਦੇ ਹੱਥਾਂ ਵਿੱਚ 'ਗਿੱਲ' ਇਹ ਜਾਦੂ ਕਮਾਲ ਹੁੰਦਾ ਏ।

# ਸਮਾਜਿਕ ਕੁਰੀਤੀਆਂ ਪ੍ਰਤੀ ਚੁੱਪ ਕਿਉਂ?

ਰਜਵਿੰਦਰ ਪਾਲ ਸ਼ਰਮਾ

ਮੋ. 70873-67969



ਸਮਾਜ ਦੇ ਸਰਵਪੱਖੀ ਵਿਕਾਸ ਅਤੇ ਨਿਰੰਤਰ ਤਰੱਕੀ ਲਈ ਸਮਾਜ ਵਿੱਚ ਨੈਤਿਕਤਾ ਦਾ ਪੱਧਰ ਕਾਇਮ ਰੱਖਣ ਦੇ ਨਾਲ-ਨਾਲ ਸਮਾਜ ਵਿੱਚ ਲੋਕ ਏਕਤਾ ਅਤੇ ਸੱਭਿਆਚਾਰ ਨੂੰ ਦੂਸ਼ਿਤ ਕਰਨ ਵਾਲੀਆਂ ਕੁਰੀਤੀਆਂ ਅਤੇ ਸਮੱਸਿਆਵਾਂ ਦੇ ਠੋਸ ਹੱਲ ਲੱਭਣਾ ਬਹੁਤ ਜ਼ਰੂਰੀ ਹੈ ਕਿਉਂਕਿ ਸਮੱਸਿਆਵਾਂ ਦੇ ਵਾਧੇ ਨਾਲ ਸਮਾਜ ਵਿੱਚ ਅਰਾਜਕਤਾ ਵਿੱਚ ਵਾਧਾ ਹੁੰਦਾ ਹੈ ਜਿਸ ਨਾਲ ਹੌਲੀ-ਹੌਲੀ ਸਮਾਜ ਦਾ ਪਤਨ ਸ਼ੁਰੂ ਹੋਣ ਨਾਲ ਸਮਾਜ ਦੀ ਹੋਂਦ ਖਤਰੇ ਵਿੱਚ ਪੈ ਜਾਂਦੀ ਹੈ। ਸਮੇਂ-ਸਮੇਂ 'ਤੇ ਸਾਡੇ ਸਮਾਜ ਨੂੰ ਸਮਾਜਿਕ ਕੁਰੀਤੀਆਂ ਅਤੇ ਕਈ ਪ੍ਰਕਾਰ ਦੀਆਂ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸਮੱਸਿਆਵਾਂ ਸਮੇਂ ਸਿਰ ਸਹੀ ਅਤੇ ਲੋੜੀਂਦਾ ਹੱਲ ਨਾ ਅਖਤਿਆਰ ਕਰਨ ਕਰਕੇ ਹੋਰ ਗੰਭੀਰ ਰੂਪ ਧਾਰਨ ਕਰਦੀਆਂ ਹੋਈਆਂ ਆਪਣੀਆਂ ਜੜ੍ਹਾਂ ਹੋਰ ਮਜ਼ਬੂਤ ਕਰ ਲੈਂਦੀਆਂ ਹਨ। ਇਹਨਾਂ ਮਜ਼ਬੂਤ ਹੋ ਰਹੀਆਂ ਜੜ੍ਹਾਂ ਨੂੰ ਪਾਣੀ ਦੇਣ ਦਾ ਕੰਮ ਸਮਾਜ ਵਿੱਚ ਨਫਰਤ ਅਤੇ ਫਿਰਕਾਪ੍ਰਸਤੀ ਦੀ ਅੱਗ ਨੂੰ ਹੋਰ ਝੋਕਾ ਦੇਣ ਵਾਲੇ ਦਹਿਸ਼ਤਗਰਦ ਲੋਕ ਕਰਦੇ ਹਨ ਤਾਂ ਜੋ ਸਮਾਜ ਦੇ ਲੋਕਾਂ ਦੀ ਚੇਤਨਾ ਅਤੇ ਸੋਚ ਕਦੇ ਵੀ ਇਹਨਾਂ ਦੇ ਖਾਤਮੇ ਦੀ ਦਿਸ਼ਾ ਵੱਲ ਨਾ ਵਧ ਸਕੇ ਜਿਸ ਦੇ ਨਤੀਜੇ ਵਜੋਂ ਸਮਾਜਿਕ ਕੁਰੀਤੀਆਂ ਪ੍ਰਤੀ ਇੱਕਜੁਟ ਹੋ ਕੇ ਉਹਨਾਂ ਦਾ ਡਟ ਕੇ ਸਾਹਮਣਾ ਕਰਦੇ ਹੋਏ ਖਤਮ ਕਰਨ ਦੇ ਰਸਤੇ ਤੇ ਲੋਕ ਸੰਘਰਸ ਅੱਗੇ ਨਾ ਵਧ ਸਕੇ।

ਲੋਕ ਸੰਘਰਸ਼ ਹੀ ਸਮਾਜਿਕ ਕੁਰੀਤੀਆਂ ਨੂੰ ਖਤਮ ਕਰਨ ਲਈ ਜ਼ਿੰਮੇਵਾਰ ਹੈ ਕਿਉਂਕਿ ਲੋਕਤੰਤਰ ਵਿੱਚ ਲੋਕਾਂ ਨੂੰ ਅੱਜ ਵੀ ਤਵੱਜੋ ਦਿੱਤੀ ਜਾਂਦੀ ਹੈ ਫਿਰ ਚਾਹੇ ਉਹ ਕੇਵਲ ਵੋਟਾਂ ਬਟੋਰਨ ਲਈ ਹੀ ਕਿਉਂ ਨਾ ਹੋਵੇ। ਇਤਿਹਾਸ ਦੇ ਗੁਜ਼ਰੇ ਅਤੇ ਬੀਤੇ ਪਲ ਸਾਡੇ ਸਾਹਮਣੇ ਇਹ ਬਾਖ਼ੂਬੀ ਚਿੱਤਰ ਪੇਸ਼ ਕਰਦੇ ਹਨ ਕਿ ਲੋਕ ਸੰਘਰਸ਼ ਕਾਇਮ ਕਰਕੇ ਹੀ ਏਕਤਾ ਅਤੇ ਇੱਕਜੁਟਤਾ ਨਾਲ ਜਦੋਂ ਵੀ ਕਿਸੇ ਸਮਾਜ ਵਿਰੁੱਧ ਫੈਸਲੇ ਅਤੇ ਆਪਣੀ ਅਜਾਦੀ ਨੂੰ ਕਾਇਮ ਰੱਖਦਾ ਹੋਇਆ ਆਪਣੀ ਅਵਾਜ ਨੂੰ ਬੁਲੰਦ ਕਰਨ ਲਈ ਚੱਲਿਆ ਹੈ ਤਾਂ ਸਮੇਂ-ਸਮੇਂ 'ਤੇ ਰਸਤੇ ਵਿੱਚ ਆ ਰਹੀਆਂ ਰੁਕਾਵਟਾਂ ਨੂੰ ਚੀਰਦਾ ਹੋਇਆ ਜਿੱਤ ਦੇ ਨਿਸ਼ਾਨ ਵੱਲ ਵਧਦਾ ਹੋਇਆ ਫਤਹਿ ਹਾਸਲ ਕਰਕੇ ਸਮਾਜਿਕ ਬੰਧਨ ਅਤੇ ਇੱਕਜੁਟਤਾ ਨੂੰ ਹੋਰ ਮਜਬੂਤ ਕਰਕੇ ਅਲੱਗ-ਅਲੱਗ ਫਿਰਕੇ ਅਤੇ ਵੱਖ-ਵੱਖ ਪਹਿਰਾਵੇ, ਭਾਸ਼ਾ, ਖਾਣ-ਪਾਣ ਅਤੇ ਖਿੱਤੇ ਨਾਲ ਸਬੰਧਤ ਹੋਣ ਦੇ ਬਾਵਜੂਦ ਵੀ ਰਾਸ਼ਟਰ ਦੀ ਮਜਬੂਤੀ ਵਿੱਚ ਆਪਣਾ ਯੋਗਦਾਨ ਪਾਇਆ ਹੈ।

ਭਰੂਣ ਹੱਤਿਆ, ਸਤੀ ਪ੍ਰਥਾ, ਦਾਸ ਪ੍ਰਥਾ, ਬਾਲ ਵਿਆਹ, ਬਾਲ ਮਜ਼ਦੂਰੀ, ਬੱਚਿਆਂ ਅਤੇ ਔਰਤਾਂ ਦਾ ਸ਼ੋਸ਼ਣ, ਭ੍ਰਿਸ਼ਟਾਚਾਰ ਵਿੱਚ ਵਾਧਾ, ਬੇਰੁਜ਼ਗਾਰੀ, ਰੇਤ ਮਾਫੀਆ, ਕਿਸਾਨ ਖੁਦਕੁਸ਼ੀਆਂ, ਨਸ਼ਿਆਂ ਦੀ ਦਲਦਲ, ਨੌਜਵਾਨਾਂ ਦਾ ਵਿਦੇਸ਼ਾਂ ਵੱਲ ਵਧਦਾ ਰੁਝਾਨ, ਧਰਤੀ ਹੇਠਲੇ ਪਾਣੀ ਦਾ ਪੱਧਰ ਘਟਣਾ, ਰਸਾਇਣਕ ਖੇਤੀ ਅਤੇ ਬਦਲਦੀ ਜੀਵਨਸ਼ੈਲੀ ਅਜਿਹੀਆਂ ਸਮੱਸਿਆਵਾਂ ਬਣ ਚੁੱਕੀਆਂ ਹਨ ਜਿਨ੍ਹਾਂ ਨੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਧਰਤੀ ਨੂੰ ਉਪਜ ਅਤੇ ਸੱਭਿਆਚਾਰ ਪੱਖੋਂ ਖੋਖਲਾ ਕਰ ਦੇਣਾ ਹੈ।

ਸਮਾਜਿਕ ਮਸਲਿਆਂ ਪ੍ਰਤੀ ਆਵਾਜ ਨੂੰ ਬੁਲੰਦ ਕਰਨਾ ਤੇ ਉਸ ਆਵਾਜ ਨੂੰ ਹਾਕਮਾਂ ਦੁਆਰਾ ਦਬਾਏ ਜਾਣ ਦਾ ਯਤਨ ਕਰਨਾ ਕੋਈ ਨਵੀਂ ਗੱਲ ਨਹੀਂ। ਪੁਰਾਤਨ ਸਮੇਂ ਤੋਂ ਹੀ ਆਵਾਜ ਨੂੰ ਦਬਾਉਣ ਦਾ ਸਿਲਸਿਲਾ ਚੱਲ ਰਿਹਾ ਹੈ ਜੋ ਅੰਗਰੇਜੀ ਸਾਮਰਾਜ ਵਿੱਚੋਂ ਗੁਜ਼ਰਦਾ ਹੋਇਆ ਅੱਜ ਤੱਕ ਜਾਰੀ ਹੈ। ਅਜਾਦੀ ਦੇ ਸੰਘਰਸ ਵਿੱਚ ਅਜਾਦੀ ਦੀ ਲਹਿਰ ਨੂੰ ਕਾਮਯਾਬ ਕਰਨ ਤੇ ਅਜਾਦੀ ਦੀ ਹਵਾ ਵਿੱਚ ਸਾਹ ਲੈਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਦਬਾਉਣ ਲਈ ਸਾਈਮਨ ਕਮਿਸ਼ਨ ਅਤੇ ਸਿਵਲ ਨਾ ਫੁਰਮਾਨੀ ਵਰਗੇ ਕਾਨੂੰਨਾਂ ਨੂੰ ਘੜਿਆ ਗਿਆ। ਦੇਸ਼ ਭਗਤਾਂ ਨੂੰ ਫੜਨ ਅਤੇ ਸਜਾ ਦੇਣ ਦਾ ਰਾਹ ਅਪਣਾਇਆ ਗਿਆ ਪਰ ਦੇਸ਼ ਭਗਤਾਂ ਦੀ ਦ੍ਰਿੜ ਇੱਛਾ ਅਤੇ ਬੁਲੰਦ ਹੌਂਸਲਿਆਂ ਅੱਗੇ ਅੰਗਰੇਜੀ ਸਾਮਰਾਜ ਦੀ ਇੱਕ ਨਾ ਚੱਲੀ ਤੇ ਆਖਰ ਅੰਗਰੇਜੀ ਸਰਕਾਰ ਨੂੰ ਦੇਸ਼ ਭਗਤਾਂ ਦੇ ਅੱਗੇ ਗੋਡੇ ਟੇਕ ਕੇ ਭਾਰਤ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਮੁਕਤ ਕਰਨ ਦਾ ਰਾਹ ਅਪਣਾਉਣਾ ਹੀ ਪਿਆ। ਅਜ਼ਾਦੀ ਤੋਂ ਬਾਅਦ ਗੋਰਿਆਂ ਦਾ ਰਾਜ ਤਾਂ ਖਤਮ ਹੋ ਗਿਆ ਪਰ ਸਮੇਂ-ਸਮੇਂ 'ਤੇ ਰਾਜ ਕਰਨ ਵਾਲਿਆਂ ਹਾਕਮਾਂ ਦੁਆਰਾ ਬਣਾਈਆਂ ਗਈਆਂ ਨੀਤੀਆਂ ਅਤੇ ਲੋਕ ਸੇਵਾ ਦੇ ਕੀਤੇ ਜਾਂਦੇ ਦਾਅਵਿਆਂ ਦੀ ਪੋਲ ਖੋਲ੍ਹਣ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਲੋਕ ਸੰਘਰਸ਼ ਕਾਇਮ ਰਿਹਾ। ਹਰੀ ਕ੍ਰਾਂਤੀ ਵਿੱਚ ਯੋਗਦਾਨ ਪਾਉਣ ਵਾਲਾ ਕਿਸਾਨ, ਜਿਸ ਨੇ ਭਾਰਤ ਦੀ ਆਰਥਿਕਤਾ ਨੂੰ ਮਜਬੂਤ ਕੀਤਾ, ਅੱਜ ਖੁਦ ਆਪਣੀਆਂ ਅਤੇ ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਅਸਮਰੱਥ ਹੋਣ ਕਰਕੇ ਖੁਦਕੁਸ਼ੀ ਦਾ ਰਾਹ ਚੁਣ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਰਿਹਾ ਹੈ। ਖੇਤੀ ਨੂੰ ਵਪਾਰ ਨਾਲ ਜੋੜਨ ਲਈ ਹਾਕਮਾਂ ਦੁਆਰਾ ਘੜੇ ਜਾਂਦੇ ਕਾਨੂੰਨ ਅਤੇ ਬਣਾਈਆਂ ਜਾਂਦੀਆਂ ਨੀਤੀਆਂ ਕਿਸਾਨਾਂ ਨੂੰ ਖੁਸ਼ਹਾਲ ਕਰਨ ਦੀ ਬਜਾਏ ਹੋਰ ਗਰੀਬੀ ਵਿੱਚ ਧੱਕ ਰਹੀਆਂ ਹਨ।

> **ਭਰੂਣ ਹੱਤਿਆ, ਸਤੀ ਪ੍ਰਥਾ, ਦਾਸ ਪ੍ਰਥਾ, ਬਾਲ ਵਿਆਹ, ਬਾਲ ਮਜ਼ਦੂਰੀ, ਬੱਚਿਆਂ ਅਤੇ ਔਰਤਾਂ ਦਾ ਸ਼ੋਸ਼ਣ, ਭ੍ਰਿਸ਼ਟਾਚਾਰ ਵਿੱਚ ਵਾਧਾ, ਬੇਰੁਜ਼ਗਾਰੀ, ਰੇਤ ਮਾਫੀਆ, ਕਿਸਾਨ ਖੁਦਕੁਸ਼ੀਆਂ, ਨਸ਼ਿਆਂ ਦੀ ਦਲਦਲ, ਨੌਜਵਾਨਾਂ ਦਾ ਵਿਦੇਸ਼ਾਂ ਵੱਲ ਵਧਦਾ ਰੁਝਾਨ, ਧਰਤੀ ਹੇਠਲੇ ਪਾਣੀ ਦਾ ਪੱਧਰ ਘਟਣਾ, ਰਸਾਇਣਕ ਖੇਤੀ ਅਤੇ ਬਦਲਦੀ ਜੀਵਨਸ਼ੈਲੀ ਅਜਿਹੀਆਂ ਸਮੱਸਿਆਵਾਂ ਬਣ ਚੁੱਕੀਆਂ ਹਨ ਜਿਨ੍ਹਾਂ ਨੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਧਰਤੀ ਨੂੰ ਉਪਜ ਅਤੇ ਸੱਭਿਆਚਾਰ ਪੱਖੋਂ ਖੋਖਲਾ ਕਰ ਦੇਣਾ ਹੈ**

ਸੜਕਾਂ 'ਤੇ ਰੁਲ ਰਹੇ ਅਤੇ ਆਪਣੇ ਹੱਕਾਂ ਦੀ ਮੰਗ ਰੱਖਣ ਵਾਲੇ ਕਰਮਚਾਰੀ ਪੁਲਿਸ ਦੀਆਂ ਲਾਠੀਆਂ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਦੀ ਵਿੱਦਿਆ ਅਤੇ ਕਾਬਲੀਅਤ ਸੜਕਾਂ 'ਤੇ ਰੁਲ ਰਹੀ ਹੈ। ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਕਰਨ ਤੇ ਉਨ੍ਹਾਂ ਨੂੰ ਕਾਮਯਾਬ ਕਰਨ ਵਾਲੇ ਅਧਿਆਪਕ ਬੇਰੁਜ਼ਗਾਰੀ ਅਤੇ ਧੱਕੇਸ਼ਾਹੀ ਦਾ ਸ਼ਿਕਾਰ ਹੋ ਕੇ ਸੜਕਾਂ 'ਤੇ ਰੁਲਦੇ ਹੋਏ ਪੁਲਿਸ ਦੀਆਂ ਡਾਂਗਾਂ ਦਾ ਸ਼ਿਕਾਰ ਹੋ ਰਹੇ ਹਨ। ਆਪਣੇ ਹੱਕਾਂ ਪ੍ਰਤੀ ਆਵਾਜ ਬੁਲੰਦ ਕਰਨਾ ਸਾਡਾ ਫਰਜ ਹੈ ਜਦਕਿ ਹਾਕਮ ਧਿਰਾਂ ਲਈ ਲਈ ਉਹਨਾਂ ਦੁਆਰਾ ਕੀਤੇ ਗਏ ਵਾਅਦੇ ਅਤੇ ਖਾਧੀਆਂ ਝੂਠੀਆਂ ਸਹੁੰਆਂ ਨੂੰ ਲੋਕ ਮੰਚ 'ਤੇ ਲਿਆ ਕੇ ਖੜ੍ਹਾ ਕਰ ਦਿੰਦੀ ਹੈ।

ਦਿਨੋਂ-ਦਿਨ ਵਧ ਰਹੀ ਆਲਮੀ ਤਪਸ਼ ਅਤੇ ਵਿਕਾਸ ਦੇ ਨਾਂਅ 'ਤੇ ਹੋ ਰਹੀ ਰੁੱਖਾਂ ਦੀ ਕਟਾਈ ਵਾਤਾਵਰਨ ਵਿੱਚ ਵਿਗਾੜ ਅਤੇ ਦਿਨੋ-ਦਿਨ ਕੁਦਰਤੀ ਆਫਤਾਂ ਵਿੱਚ ਹੋ ਰਹੇ ਵਾਧੇ ਦੇ ਸੰਕੇਤ ਹਨ। ਵਾਤਾਵਰਨ ਪ੍ਰੇਮੀ ਸੁੰਦਰ ਲਾਲ ਬਹੁਗੁਣਾ ਦੁਆਰਾ ਵਾਤਾਵਰਨ ਨੂੰ ਬਚਾਉਣ ਲਈ ਚਲਾਏ ਗਏ ਚਿਪਕੋ ਅੰਦੋਲਨ ਦੀ ਅੱਜ ਦੁਬਾਰਾ ਲੋੜ ਮਹਿਸੂਸ ਹੋ ਰਹੀ ਹੈ। ਉਦਯੋਗਾਂ ਤੇ ਫੈਕਟਰੀਆਂ ਦੁਆਰਾ ਛੱਡਿਆ ਜਾਂਦਾ ਗੰਦਾ ਪਾਣੀ ਸਾਫ ਪਾਣੀ ਦੇ ਸੋਮਿਆਂ ਵਿੱਚ ਪਹੁੰਚ ਕੇ ਉਹਨਾਂ ਨੂੰ ਖਰਾਬ ਕਰਕੇ ਪੰਜਾਬ ਦੇ ਲੋਕਾਂ ਵਿੱਚ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਵਿੱਚ ਦਿਨੋ-ਦਿਨ ਵਾਧਾ ਕਰ ਰਿਹਾ ਹੈ। ਫਸਲਾਂ ਦੇ ਵਧੇਰੇ ਉਤਪਾਦਨ ਅਤੇ ਨਦੀਨਨਾਸ਼ਕਾਂ ਦੇ ਕੰਟਰੋਲ ਲਈ ਕੀਤੀਆਂ ਜਾਂਦੀਆਂ ਰੇਹਾਂ-ਸਪਰੇਹਾਂ ਧਰਤੀ ਦੀ ਉਪਜਾਊ ਸ਼ਕਤੀ ਘਟਾ ਕੇ ਧਰਤੀ ਨੂੰ ਬੰਜਰ ਬਣਾ ਰਹੀਆਂ ਹਨ ।ਵਾਤਾਵਰਨ ਨੂੰ ਬਚਾਉਣ ਲਈ ਸਾਡੀਆਂ ਸਰਕਾਰਾਂ ਤੇ ਸਾਡੇ ਲੋਕ ਕਦੇ ਗੰਭੀਰ ਨਹੀਂ ਹੋਏ ਪਰ ਜੇਕਰ ਇਸ ਮਸਲੇ ਪ੍ਰਤੀ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਦੇ ਗੰਭੀਰ ਨਤੀਜੇ ਜਰੂਰ ਭੁਗਤਣੇ ਪੈਣਗੇ।

ਸਮੱਸਿਆਵਾਂ ਚਾਹੇ ਕਿਸੇ ਵੀ ਤਰ੍ਹਾਂ ਦੀਆਂ ਕਿਉਂ ਨਾ ਹੋਣ, ਜੋ ਵੀ ਮਸਲੇ ਹੋਣ ਪਰ ਲੋਕ ਮੰਚ ਦੀ ਇੱਕਜੁਟਤਾ ਤੋਂ ਬਿਨਾਂ ਉਸ ਦੀ ਸਹੀ ਦਿਸ਼ਾ ਵਿੱਚ ਅਗਵਾਈ ਕਰਕੇ ਸਫਲ ਕਰਨਾ ਅਸੰਭਵ ਹੈ ਇਸ ਲਈ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਪ੍ਰਤੀ ਸਾਨੂੰ ਆਪਣੀ ਆਵਾਜ ਬੁਲੰਦ ਕਰਦੇ ਹੋਏ ਇਸ ਦੀ ਆਵਾਜ ਹਾਕਮਾਂ ਧਿਰਾਂ ਤੱਕ ਪਹੁੰਚਾਉਣੀ ਚਾਹੀਦੀ ਹੈ ਤਾਂ ਜੋ ਇਹਨਾਂ ਕੁਰੀਤੀਆਂ ਦਾ ਸਮੇਂ ਸਿਰ ਹੱਲ ਲੱਭ ਕੇ ਪੰਜਾਬ ਨੂੰ ਮੁੜ ਸੋਨੇ ਦੀ ਚਿੜੀ ਬਣਾਇਆ ਜਾ ਸਕੇ।

# ਸਤਿਲੁਜ ਯਮੁਨਾ ਲਿੰਕ ਨਹਿਰ







## ਪੰਜਾਬ ਲਈ ਪਾਣੀ ਜੀਵਨ ਹੈ

**ਕਮਲਜੀਤ ਸਿੰਘ ਬਨਵੈਤ (ਉੜਾਪੜ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਰਿਆਣਾ ਤੋਂ ਉਨ੍ਹਾਂ ਦੇ ਹਮਰੁਤਬਾ ਮਨੋਹਰ ਲਾਲ ਖੱਟਰ ਦਰਮਿਆਨ 14 ਅਕਤੂਬਰ ਦੀ ਪਹਿਲੀ ਮੀਟਿੰਗ ਕਿਸੇ ਤਣ-ਪੱਤਣ ਨਾ ਲੱਗਣ ਤੋਂ ਪਿੱਛੋਂ ਕੇਂਦਰ ਸਰਕਾਰ ਨੇ ਸਤਲੁਜ-ਯਮੁਨਾ ਲਿੰਕ ਨਹਿਰ ਬਾਰੇ ਦੋਹਾਂ ਸੂਬਿਆਂ ਦੀ 4 ਜਨਵਰੀ ਨੂੰ ਮੀਟਿੰਗ ਬੁਲਾ ਲਈ ਹੈ। ਕੇਂਦਰ ਨੇ ਪੰਜਾਬ ਅਤੇ ਹਰਿਆਣਾ ਵਿਚਾਲੇ ਪਾਣੀਆਂ ਦਾ ਰੇੜਕਾ ਖਤਮ ਕਰਨ ਲਈ ਗੱਲਬਾਤ ਦਾ ਦੌਰ ਸ਼ੁਰੂ ਕੀਤਾ ਹੈ। ਕੇਂਦਰੀ ਜਲ ਸ਼ਕਤੀ ਮੰਤਰੀ ਗੇਂਜਦਰ ਸਿੰਘ ਸ਼ੇਖਾਵਤ ਮੀਟਿੰਗ ਦੀ ਪ੍ਰਧਾਨਗੀ ਕਰਨਗੇ।ਦੇਸ਼ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਨੇ ਪਾਣੀਆਂ ਦੇ ਮਸਲੇ ਦਾ ਨਿਬੇੜਾ ਕਰਨ ਲਈ ਗੱਲਬਾਤ ਕਰਨ ਵਾਸਤੇ ਹਦਾਇਤ ਦਿੱਤੀ ਸੀ।ਸੁਪਰੀਮ ਕੋਰਟ ਵਿੱਚ ਕੇਸ ਦੀ ਅਗਲੀ ਸੁਣਵਾਈ 19 ਜਨਵਰੀ ਨੂੰ ਹੋਵੇਗੀ ਅਤੇ ਕੇਂਦਰ ਨੇ ਦੋਵੇਂ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਸਿਰ ਜੋੜ ਕੇ ਬੈਠਾਣ ਦਾ ਫੈਸਲਾ ਲਿਆ ਹੈ। ਪਾਣੀ ਦੇ ਮਸਲੇ ਨੂੰ ਲੈ ਕੇ ਸੁਪਰੀਮ ਕੋਰਟ ਵਿੱਚ ਕੇਸ ਚੱਲ ਰਿਹਾ ਹੈ। ਸੱਚ ਕਹੀਏ ਤਾਂ ਕਾਂਗਰਸ ਦੀ ਤਰਾਂ ਭਾਜਪਾ ਇਸ ਮੁੱਦੇ ਉੱਤੇ ਰਾਜਨੀਤੀ ਕਰ ਰਹੀ ਹੈ। ਸ਼ਾਬਾਸ਼ ਪੰਜਾਬ ਦੇ ਜਿਹੜਾ ਹਰ ਵੇਲੇ ਕੇਂਦਰ ਅਤੇ ਹਰਿਆਣਾ ਸਰਕਾਰ ਦੇ ਮੂਹਰੇ ਹਿੱਕ ਡਾਹ ਕੇ ਖੜ੍ਹਦਾ ਰਿਹਾ ਹੈ।ਇਹ ਵੀ ਸੱਚ ਹੈ ਕਿ ਕੇਂਦਰ ਦੀਆ ਸਰਕਾਰਾ ਕਾਨੂੰਨ ਤੋਂ ਬਾਹਰ ਜਾ ਕੇ ਪੰਜਾਬ ਸਰਕਾਰ ਦੀ ਗਿੱਚੀ ਮਰੋੜਦੀਆਂ ਰਹੀਆਂ ਹਨ ਪਰ ਇਹ ਸਮਝ ਲੈਣਾ ਚਾਹੀਦਾ ਹੈ ਕਿ ਪਾਣੀਆਂ ਦੇ ਮਸਲੇ ਦਾ ਨਿਬੇੜਾ ਤਾਂ ਕੌਮਾਂਤਰੀ ਰਿਪੇਰੀਅਨ ਕਾਨੂੰਨ ਤਹਿਤ ਹੀ ਹੋ ਸਕੇਗਾ।

ਇੱਥੇ ਸੁਪਰੀਮ ਕੋਰਟ ਦੀ ਇਕ ਟਿੱਪਣੀ ਦਾ ਜ਼ਿਕਰ ਕਰਨਾ ਅਹਿਮ ਹੋਵੇਗਾ ਜਿਸ ਵਿਚ ਦੇਸ਼ ਦੀ ਸਿਖਰਲੀ ਅਦਾਲਤ ਨੇ ਕਿਹਾ ਸੀ ਕਿ ਪਾਣੀ ਇਕ ਕੁਦਰਤੀ ਸਰੋਤ ਹੈ ਅਤੇ ਜਿਉਂਦੀਆਂ-ਜਾਗਦਿਆਂ ਇਸ ਨੂੰ ਦੂਜਿਆਂ ਨਾਲ ਸਾਂਝਾ ਕਰਨਾ ਸਿੱਖਣਾ ਚਾਹੀਦਾ ਹੈ, ਭਾਵੇਂ ਕੋਈ ਸੂਬਾ ਹੋਵੇ ਜਾਂ ਵਿਅਕਤੀ। ਪੰਜਾਬ ਸਰਕਾਰ ਦੀ ਇਸ ਨਾਲ ਸਹਿਮਤੀ ਭਲਾਂ ਕਿਸ ਤਰ੍ਹਾਂ ਹੋਵੇਗੀ ਜਦੋਂ ਮੁਲਕ ਵਿੱਚ ਕੋਲੇ ,ਲੋਹੇ ਅਤੇ ਹੋਰ ਖਣਿਜ ਪਦਾਰਥਾਂ ਦੀ ਵੰਡ 'ਤੇ ਕੋਈ ਅਜਿਹੀ ਹਦਾਇਤ ਲਾਗੂ ਨਹੀਂ ਹੋ ਰਹੀ ਹੈ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਪੰਜਾਬ ਇਕੋ ਇਕ ਅਜਿਹਾ ਸੂਬਾ ਹੈ ਜਿਹੜਾ ਦਰਿਆਈ ਪਾਣੀਆਂ ਦੇ ਮਸਲੇ ਵਿੱਚ ਹੁਣ ਤੱਕ ਸਭ ਤੋਂ ਵੱਧ ਖੁੱਲ੍ਹਦਿਲੀ ਨਾਲ ਚਲਦਾ ਰਿਹਾ ਹੈ। ਇਹ ਤਾਂ ਸਰਕਾਰੀ ਰਿਕਾਰਡ ਹੈ ਕਿ ਪੰਜਾਬ ਦੇ ਦਰਿਆਵਾਂ ਦਾ 70 ਫ਼ੀਸਦੀ ਪਾਣੀ ਇਹਦੇ ਨਾਲ ਲਗਦੇ ਗੁਆਂਢੀ ਰਾਜਾਂ ਹਰਿਆਣਾ ,ਰਾਜਸਥਾਨ ਅਤੇ ਦਿੱਲੀ ਨੂੰ ਜਾ ਰਿਹਾ ਹੈ। ਇਹ ਵੀ ਚੇਤੇ ਕਰਾਉਣਾ ਜ਼ਰੂਰੀ ਹੋਵੇਗਾ ਕਿ ਪੰਜਾਬ ਪੁਨਰਗਠਨ ਐਕਟ 1966 ਦੇ ਪੰਜਾਬ ਨੂੰ ਯਮੁਨਾ ਦਰਿਆ ਦੇ ਪਾਣੀ ਵਿਚੋਂ ਬਣਦੇ ਹਿੱਸੇ ਦਾ ਪਾਣੀ ਨਹੀਂ ਮਿਲਦਾ ਰਿਹਾ ਹੈ, ਹਾਲਾਂਕਿ ਪੰਜਾਬ ਰਿਪੇਰੀਅਨ ਸੂਬਾ ਹੈ। ਸੁਆਲ ਤਾਂ ਇਹ ਵੀ ਉਠਦਾ ਹੈ ਕਿ ਜਦੋਂ ਹਰਿਆਣਾ ਰਿਪੇਰੀਅਨ ਸੂਬਾ ਨਹੀਂ ਤਾਂ ਉਹ ਦਰਿਆਈ ਪਾਣੀਆਂ ਦਾ ਹੱਕ ਕਿਸ ਵਜਾ ਨਾਲ ਮੰਗ ਰਿਹਾ ਹੈ? ਹਾਂ, ਇਕ ਗੱਲ ਇਹ ਵੀ ਕੇ ਪੁਨਰਗਠਨ ਐਕਟ 1966 ਦੀ ਧਾਰਾ 78,79 ਅਤੇ 80 ਤਹਿਤ ਪਾਣੀਆਂ ਦੀ ਜਿਹੜੀ ਵੰਡ ਕੀਤੀ ਗਈ ਸੀ ਉਸ ਦੇ ਖਿਲਾਫ ਉਸ ਵੇਲੇ ਦੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਨੇ ਲਿਖਤੀ ਤੌਰ 'ਤੇ ਵਿਰੋਧ ਕੀਤਾ ਸੀ ਅਤੇ ਇਤਰਾਜ ਵੀ ਉਠਾਇਆ ਸੀ।

> ਕੇਂਦਰ ਨੇ ਚਲਾਕੀ ਵਰਤਦਿਆਂ ਐਮਰਜੈਂਸੀ ਧਰਾਵਾਂ ਤਹਿਤ ਸਤਲੁਜ ਯਮੁਨਾ ਲਿੰਕ ਨਹਿਰ ਦੀ 1978 ਨੂੰ ਉਸਾਰੀ ਕਰਾ ਦਿੱਤੀ ਸੀ ਪਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਵਿਰੋਧ ਕਾਰਨ ਉਸਾਰੀ ਰੋਕਣੀ ਕਰਨੀ ਪਈ ਸੀ। ਹਰਿਆਣਾ ਸਰਕਾਰ ਨੇ ਇਸ ਦੇ ਖਿਲਾਫ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾ ਦਿੱਤਾ ਸੀ। ਨਹਿਰ ਦੀ ਉਸਾਰੀ 1980 ਨੂੰ ਰੋਕੀ ਗਈ ਸੀ। ਬਾਵਜੂਦ ਇਸਦੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਬਿਨਾ ਰੋਕ-ਟੋਕ ਗੁਆਂਢੀ ਰਾਜਾਂ ਨੂੰ ਦਿੱਤਾ ਜਾ ਰਿਹਾ ਹੈ। ਨਹਿਰ ਦੀ ਉਸਾਰੀ ਦੇ ਖ਼ਿਲਾਫ਼ ਉਸ ਵੇਲੇ ਦੇ ਚੀਫ ਇੰਜਨੀਅਰ ਦੀ ਹੱਤਿਆ ਕਰ ਦਿੱਤੀ ਗਈ ਸੀ।

ਦੂਜੇ ਬੰਨੇ ਕੇਂਦਰ ਨੇ ਚਲਾਕੀ ਵਰਤਦਿਆਂ ਐਮਰਜੈਂਸੀ ਧਰਾਵਾਂ ਤਹਿਤ ਸਤਲੁਜ ਯਮੁਨਾ ਲਿੰਕ ਨਹਿਰ ਦੀ 1978 ਨੂੰ ਉਸਾਰੀ ਕਰਾ ਦਿੱਤੀ ਸੀ ਪਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਵਿਰੋਧ ਕਾਰਨ ਉਸਾਰੀ ਰੋਕਣੀ ਕਰਨੀ ਪਈ ਸੀ। ਹਰਿਆਣਾ ਸਰਕਾਰ ਨੇ ਇਸ ਦੇ ਖਿਲਾਫ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾ ਦਿੱਤਾ ਸੀ। ਨਹਿਰ ਦੀ ਉਸਾਰੀ 1980 ਨੂੰ ਰੋਕੀ ਗਈ ਸੀ। ਬਾਵਜੂਦ ਇਸਦੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਬਿਨਾ ਰੋਕ-ਟੋਕ ਗੁਆਂਢੀ ਰਾਜਾਂ ਨੂੰ ਦਿੱਤਾ ਜਾ ਰਿਹਾ ਹੈ। ਨਹਿਰ ਦੀ ਉਸਾਰੀ ਦੇ ਖ਼ਿਲਾਫ਼ ਉਸ ਵੇਲੇ ਦੇ ਚੀਫ ਇੰਜਨੀਅਰ ਦੀ ਹੱਤਿਆ ਕਰ ਦਿੱਤੀ ਗਈ ਸੀ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਸ ਵਾਈ ਐਲ ਨਹਿਰ ਦੀ ਉਸਾਰੀ ਰੋਕਣ ਲਈ ਹਰਿਆਣਾ ਨਾਲ ਪਾਣੀਆਂ ਦੇ ਹੋਏ ਸਾਰੇ ਸਮਝੌਤੇ ਰੱਦ ਕਰ ਦਿੱਤੇ ਸਨ। ਜਿਸ ਲਈ ਮਦਦ ਸੂਬੇ ਦੀ ਵਿਧਾਨ ਸਭਾ ਵਿਚ ਪਾਸ ਕਰਵਾ ਲਈ ਗਈ ਸੀ। ਇਸ ਤੋਂ ਕੁਝ ਸਮਾਂ ਬਾਅਦ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਸਰਕਾਰ ਨੇ ਜ਼ਮੀਨ ਅਕਵਾਇਰ ਕਰਨ ਦਾ ਨੋਟੀਫਿਕੇਸ਼ਨ ਵਾਪਸ ਲੈ ਲਿਆ ਸੀ।

ਹਰਿਆਣਾ ਸਰਕਾਰ ਅਨੁਸਾਰ ਸਿਰਫ 1.8 m a f ਪਾਣੀ ਦਾ ਝਗੜਾ ਚੱਲ ਰਿਹਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਇੰਨੇ ਘੱਟ ਮਾਤਰਾ ਦੇ ਪਾਣੀ ਦੀ ਪ੍ਰਾਪਤੀ ਲਈ ਹਰਿਆਣਾ ਜਿੰਨਾ ਪੈਸਾ ਅਤੇ ਤਾਕਤ ਬਰਬਾਦ ਕਲ ਰਹੀ ਹੈ ਓਨੇ ਨਾਲ ਤਾਂ ਹਰਿਆਣਾ ਆਪਣੀ ਪੱਧਰ 'ਤੇ ਪਾਣੀ ਪੈਦਾ ਕਰ ਸਕਦਾ ਹੈ।

ਅੰਕੜਿਆਂ ਮੁਤਾਬਿਕ ਪੰਜਾਬ ਪੂਰੇ ਮੁਲਕ ਦਾ ਅਨਾਜ ਨਾਲ ਢਿੱਡ ਭਰ ਰਿਹਾ ਹੈ।। ਮੁਲਕ ਦਾ ਪੰਜਾਬ ਇਕੋ ਇਕ ਅਜਿਹਾ ਸੂਬਾ ਹੈ ਜਿਥੇ 99.9 ਰਕਬੇ 'ਤੇ ਖੇਤੀ ਕੀਤੀ ਜਾ ਰਹੀ ਹੈ। ਪੰਜਾਬ ਦੀ 70 ਫ਼ੀਸਦੀ ਖੇਤੀ ਧਰਤੀ ਹੇਠਲੇ ਪਾਣੀ ਨਾਲ ਸਿੰਜੀ ਜਾ ਰਹੀ ਹੈ ।ਬਾਕੀ ਦਾ 30 ਫ਼ੀਸਦੀ ਹਿੱਸਾ ਨਹਿਰੀ ਪਾਣੀ ਨਾਲ ਪਲਦਾ ਹੈ। ਕੀ ਇਹ ਪੰਜਾਬ ਨਾਲ ਸਰਾਸਰ ਅਨਿਆਂ ਨਹੀਂ ਹੈ।ਬਾਵਜੂਦ ਇਹਦੇ ਦਰਿਆਵਾਂ ਦਾ 70 ਫੀਸਦੀ ਪਾਣੀ ਬਾਹਰ ਜਾ ਰਿਹਾ ਹੈ। ਪਾਣੀ ਦੇ ਮਾਹਿਰ ਤਾਂ ਇਹ ਵੀ ਕਹਿੰਦੇ ਹਨ ਦੇ ਪਾਣੀਆਂ ਦੇ ਸਮਝੌਤਿਆਂ ਉੱਤੇ ਹਰ ਪੱਚੀ ਸਾਲ ਬਾਅਦ ਪੁਨਰ ਵਿਚਾਰ ਹੋਣਾ ਚਾਹੀਦਾ ਹੈ, ਪੰਜਾਬ ਪੁਨਰਗਠਨ ਐਕਟ ਤਹਿਤ ਹੋਈ ਪਾਣੀਆਂ ਦੀ ਵੰਡ ਨੂੰ ਛੇ ਦਹਾਕਿਆਂ ਤੋਂ ਉਪਰ ਬੀਤ ਗਏ ਹਨ।

ਸਿਤਮ ਦੀ ਗੱਲ ਇਹ ਕੀ ਦੇਸ਼ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਸਮੇਤ ਕੇਂਦਰ ਦੀਆਂ ਸਰਕਾਰਾਂ ਵੱਲੋਂ ਉਸ ਪੰਜਾਬ ਨੂੰ ਮੱਤਾਂ ਦਿੱਤੀਆਂ ਜਾ ਰਹੀਆਂ ਹਨ ਜਿਹੜਾ ਆਪਣੀ ਖੁੱਲ੍ਹ-ਦਿਲੀ ਲਈ ਪੂਰੇ ਵਿਸ਼ਵ ਵਿੱਚ ਜਾਣਿਆ ਜਾਂਦਾ ਹੈ। ਲੋੜ ਤਾਂ ਇਹ ਹੈ ਕੇ ਦੋਹਾਂ ਸੂਬਿਆਂ ਦੀ ਜ਼ਰੂਰਤ ਮੁਤਾਬਕ ਪਾਣੀ ਦੀ ਵੰਡ ਕੀਤੀ ਜਾਵੇ। ਪੰਜਾਬ ਪਾਣੀ ਦੇ ਮਸਲਿਆਂ ਸਮੇਤ ਹੋਰ ਕਈ ਮੁੱਦਿਆਂ ਨੂੰ ਲੈ ਕੇ ਪਹਿਲਾਂ ਹੀ ਬਹੁਤ ਬੁਰੇ ਦਿਨਾਂ ਵਿੱਚੋਂ ਦੀ ਹੋ ਕੇ ਗੁਜ਼ਰਿਆ ਹੈ। ਪੰਜਾਬ ਨੇ ਡੇਢ ਦਹਾਕਾ ਕਾਲੇ ਦਿਨਾਂ ਦਾ ਸੰਤਾਪ ਹੰਢਾਇਆ ਹੈ।

ਸਰਕਾਰਾਂ ਨੂੰ ਰਾਜਨੀਤੀ ਤੋਂ ਉੱਪਰ ਉੱਠ ਕੇ ਪਾਣੀਆਂ ਦੇ ਮਸਲੇ ਦਾ ਨਿਬੇੜਾ ਕਰਨ ਲਈ ਪਹਿਲ ਕਰਨੀ ਚਾਹੀਦੀ ਹੈ। ਸਿਆਸੀ ਲਾਹੇ ਦੀ ਖਾਤਰ ਤਿੱਖੀ ਬਿਆਨਬਾਜ਼ੀ ਨਾਲ ਰੋਟੀਆਂ ਸੇਕਣ ਨਾਲ ਮੁਲਕ ਵਿਸ਼ੇਸ਼ ਕਰਕੇ ਪੰਜਾਬ ਦਾ ਮੁੜ ਤੋਂ ਨੁਕਸਾਨ ਹੋਣ ਬਾਰੇ ਸੋਚ ਕ ਚੇਤਨ ਮਨ ਤਰ੍ਹਾਂ ਲੱਗਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੇ 4 ਜਨਵਰੀ ਦੀ ਮੀਟਿੰਗ ਵਿੱਚ ਆਪਣਾ ਪੱਖ ਪੇਸ਼ ਕਰਨ ਤੋਂ ਪਹਿਲਾਂ ਸਾਰੀਆਂ ਸਿਆਸੀ ਧਿਰਾਂ ਨਾਲ ਮੀਟਿੰਗ ਕਰਕੇ ਸਰਬ ਪਾਰਟੀ ਮੀਟਿੰਗ ਸੱਦ ਲੈਣ ਤਾਂ ਪੱਖ ਹੋਰ ਮਜਬੂਤੀ ਨਾਲ ਰੱਖਿਆ ਜਾ ਸਕੇਗਾ। ਪੰਜਾਬ ਕੋਲ ਪਾਣੀਆਂ ਦੇ ਮਾਹਿਰਾਂ ਦੀ ਵੀ ਘਾਟ ਨਹੀਂ ਜਿਹੜੇ ਮੁੱਖ ਮੰਤਰੀ ਮਾਨ ਨੂੰ ਪੰਜਾਬ ਦਾ ਪੱਖ ਹੋਰ ਠੋਸ ਤਰੀਕੇ ਨਾਲ ਰੱਖਣ ਲਈ ਗੁਰ ਦੱਸ ਸਕਦੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਉੱਤੇ ਪਹਿਲਾਂ ਹੀ ਰਾਜ ਸਭਾ ਦੇ ਮੈਂਬਰਾਂ ਦੀ ਚੋਣ ਕਰਨ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਪ੍ਰਤੀਨਿਧਤਾ ਖਤਮ ਕਰਨ ਅਤੇ ਚੰਡੀਗੜ੍ਹ ਦੇ ਹੱਕ ਵਿਚ ਆਪ ਦਾ ਹੱਕ ਡੱਟ ਕੇ ਨਾ ਰੱਖਣ ਕਰ ਕੇ ਅਲੋਚਨਾ ਵਿੱਚ ਘਿਰ ਚੁੱਕੀ ਹੈ।

9814734035













# ਜਗਰੂਪ ਸਿੰਘ ਬਰਾੜ ਦਾ ਬ੍ਰਿਟਿਸ਼ ਕੋਲੰਬੀਆ 'ਚ ਵਜ਼ੀਰ ਬਣਨ ਦੀ ਖੁਸ਼ੀ ਵਿੱਚ ਦਿਉਣ ਵਾਸੀਆਂ ਨੇ ਕੀਤਾ ਵਾਹਿਗੁਰੂ ਦਾ ਸ਼ੁਕਰਾਨਾ



ਬਠਿੰਡਾ (ਗੁਰਨੈਬ ਸਾਜਨ ਦਿਉਣ)- ਬਠਿੰਡਾ ਦੇ ਪਿੰਡ ਦਿਉਣ ਦੇ ਜੰਮਪਲ ਜਗਰੂਪ ਸਿੰਘ ਬਰਾੜ ਦੇ ਕੈਨੇਡਾ ਦੇ ਬੀ ਸੀ ਅਸੈਂਬਲੀ ਵਿੱਚ ਵਜ਼ੀਰ ਬਣਨ ਦੀ ਖ਼ੁਸ਼ੀ ਵਿੱਚ ਉਸ ਦੇ ਪਰਿਵਾਰ ਅਤੇ ਪਿੰਡ ਵਾਸੀਆਂ ਨੇ ਗੁਰੂ ਦਾ ਸ਼ੁਕਰਾਨਾ ਕਰਦਿਆਂ ਪਿੰਡ ਦੇ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਵਿਖੇ ਜਗਰੂਪ ਸਿੰਘ ਬਰਾੜ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਇਸ ਦੌਰਾਨ ਉਨ੍ਹਾਂ ਦੇ ਵੱਡੇ ਭਰਾ ਜਸਵੰਤ ਸਿੰਘ ਬਰਾੜ ਜੋ ਲੰਬੇ ਸਮੇਂ ਤੋ ਕੈਨੇਡਾ ਉਨ੍ਹਾਂ ਕੋਲ ਰਹਿ ਰਹੇ ਹਨ ਨੇ ਸਮੁੱਚੇ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਐਜੂਕੇਸਨ ਦਿਵਾਉਣ ਇਸ ਤੋਂ ਉੱਤਮ ਕੋਈ ਚੀਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਮਾਤਾ ਪਿਤਾ ਨੇ ਸਮੇਂ ਦੀ ਨਜਾਕਤ ਨੂੰ ਪਛਾਣਦਿਆਂ ਉਨ੍ਹਾਂ ਦੋਵਾਂ ਭਰਾਵਾਂ ਨੂੰ ਚੰਗਾ ਪੜ੍ਹਾ ਲਿਖਾ ਕੇ ਇਸ ਕਾਬਲ ਬਣਾਇਆ ਕਿ ਉਹ ਲੰਬੇ ਅਰਸੇ ਤੋਂ ਕੈਨੇਡਾ ਰਹਿ ਕੇ ਪੰਜਾਬ ਦਾ ਨਾਮ ਰੌਸ਼ਨ ਕਰ ਰਹੇ ਹਨ। ਉਹਨਾਂ ਕਿਹਾ ਕਿ ਉਹਨਾਂ ਦੇ ਪਿਤਾ ਕਾਕਾ ਸਿੰਘ ਬਰਾੜ ਨੂੰ ਪਿੰਡ ਦੇ ਲੋਕ ਡੀਸੀ ਕਹਿ ਕੇ ਬੁਲਾਉਂਦੇ ਸਨ , ਜਿਨ੍ਹਾਂ ਨੇ ਉਨ੍ਹਾਂ ਨੂੰ ਚੰਗੇ ਸੰਸਕਾਰ ਦੇ ਕੇ ਮਿਹਨਤ, ਇਮਾਨਦਾਰੀ, ਸਮਾਜ ਸੇਵਾ ਕਰਨੀ ਸਿਖਾਈ ਉਹ ਇੱਕ ਸਧਾਰਨ ਕਿਸਾਨ ਪਰਿਵਾਰ ਚੋਂ ਉੱਠ ਕੇ ਚੰਗੀ ਪੜ੍ਹਾਈ ਲਿਖਾਈ ਕਰ ਕੇ ਮਿਹਨਤ ਦੇ ਬਲਬੂਤੇ ਵਿਦੇਸਾਂ ਵਿਚ ਮੱਲਾਂ ਮਾਰ ਰਹੇ ਹਨ। ਉਨ੍ਹਾਂ ਕਿਹਾ ਕਿ ਜਗਰੂਪ ਸਿੰਘ ਬਰਾੜ ਪੰਜ ਵਾਰ ਬੀ ਸੀ ਦੇ ਵਿਧਾਇਕ ਰਹੇ ਹਨ ਅਤੇ ਉਹਨਾਂ ਦੀ ਕਾਰਗੁਜ਼ਾਰੀ ਨੂੰ ਦੇਖਦਿਆਂ ਕੈਨੇਡਾ ਸਰਕਾਰ ਨੇ ਉਨ੍ਹਾਂ ਨੂੰ ਕੈਨੇਡਾ ਦੇ ਬੀ ਸੀ ਅਸੰਬਲੀ ਵਿੱਚ ਮੰਤਰੀ ਬਣਾ ਕੇ ਵੱਡੀ ਜ਼ਿੰਮੇਵਾਰੀ ਸੌਂਪੀ ਹੈ। ਜਗਰੂਪ ਸਿੰਘ ਬਰਾੜ ਦੇ ਨਾਲ ਲੰਬਾ ਸਮਾਂ ਪੜ੍ਹਾਈ ਦੌਰਾਨ ਸਮਾਂ ਬਿਤਾਉਣ ਵਾਲੇ ਪ੍ਰੋਫੈਸਰ ਗੁਰਜੀਤ ਸਿੰਘ ਮਾਨ ਨੇ ਕਿਹਾ ਕਿ ਜਸਵੰਤ ਸਿੰਘ ਬਰਾੜ ਅਤੇ ਜਗਰੂਪ ਸਿੰਘ ਬਰਾੜ ਪਿੰਡ ਦੀਆਂ ਗਲੀਆਂ ਵਿੱਚ ਖੇਡ ਕੇ ਇੱਥੋਂ ਦੇ ਸਰਕਾਰੀ ਸਕੂਲ ਵਿੱਚ ਪੜ੍ਹ ਕੇ ਵਿਦੇਸ਼ਾਂ ਵਿੱਚ ਪਦਵੀਆਂ ਤੇ ਪਹੁੰਚੇ ਹਨ ਅਗਲੇ ਸਮੇਂ ਵਿੱਚ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਪਿੰਡ ਦਿਉਣ ਦੇ ਲੋਕਾਂ ਦੀ ਭਲਾਈ ਲਈ ਵੀ ਕੰਮ ਕਰਨ, ਦਿਉਣ ਦੇ ਉੱਘੇ ਗੀਤਕਾਰ ਅਲਬੇਲ ਸਿੰਘ ਬਰਾੜ ਜੋ ਪਿਛਲੇ ਮਹੀਨਿਆਂ ਦੌਰਾਨ ਜਗਰੂਪ ਸਿੰਘ ਬਰਾੜ ਕੋਲ ਕੈਨੇਡਾ ਪਹੁੰਚੇ ਸਨ,ਨੇ ਵੀ ਜਗਰੂਪ ਸਿੰਘ ਬਰਾੜ ਨਾਲ ਬਿਤਾਏ ਪਲਾਂ ਦੀਆਂ ਯਾਦਾਂ ਦੀ ਪਿੰਡ ਵਾਸੀਆਂ ਨਾਲ ਸਾਂਝ ਪਾਈ। ਉਨ੍ਹਾਂ ਕਿਹਾ ਕਿ ਦੇਸ਼ ਦੀ ਸਿਆਸਤ ਅਤੇ ਕੈਨੇਡਾ ਦੀ ਸਿਆਸਤ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ ਕੈਨੇਡਾ ਵਿਚ ਪੰਜਾਬੀਆਂ ਨੇ ਵੀ ਮੱਲਾਂ ਮਾਰੀਆਂ ਹਨ ਅਤੇ ਸਾਡੇ ਭਰਾ ਜਗਰੂਪ ਸਿੰਘ ਬਰਾੜ ਨੇ ਬੜੀ ਮਿਹਨਤ ਕਰਕੇ ਸਾਡੇ ਪਰਿਵਾਰ ਪਿੰਡ ਅਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਬਠਿੰਡਾ ਦਿਹਾਤੀ ਦੇ ਵਿਧਾਇਕ ਅਮਿਤ ਰਤਨ ਕੋਟ ਫੱਤਾ ਦੇ ਪਿਤਾ ਬੀ ਐਸ ਰਤਨ ਨੇ ਜਗਰੂਪ ਸਿੰਘ ਬਰਾੜ ਦੇ ਕੈਨੇਡਾ ਵਿੱਚ ਮੰਤਰੀ ਬਣਨ ਤੇ ਪਿੰਡ ਵਾਸੀਆਂ ਨੂੰ ਮੁਬਾਰਕਬਾਦ ਦਿੰਦਿਆਂ ਜਗਰੂਪ ਸਿੰਘ ਬਰਾੜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਬਾਸਕਟਬਾਲ ਦੇ ਵੀ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਰਹੇ ਹਨ ਇਸ ਤੋਂ ਇਲਾਵਾ ਚੰਗੇ ਇਨਸਾਨ ਮਿਲਾਪੜੇ ਸੁਭਾਅ ਅਤੇ ਮਿਹਨਤ ਕਰਨ ਵਾਲੇ ਵਿਅਕਤੀ ਹਨ।ਉਨ੍ਹਾਂ ਜਸਵੰਤ ਸਿੰਘ ਬਰਾੜ ਅਤੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਅਗਲੇ ਸਮੇਂ ਵਿਚ ਉਹ ਪਿੰਡ ਦਿਉਣ ਅਧੂਰੇ ਵਿਕਾਸ ਨੂੰ ਨੇਪਰੇ ਚਾੜ੍ਹਨ ਲਈ ਸਿਰ ਤੋੜ ਯਤਨ ਕਰਨਗੇ । ਇਸ ਮੌਕੇ ਜਸਪਾਲ ਸਿੰਘ ਸਿੱਧੂ ਪੂਹਲੀ ਉੱਘੇ ਕਾਲਮਨਵੀਸ਼, ਬੂਟਾ ਸਿੰਘ ਐਕਸਾਈਜ਼ ਕਮਿਸ਼ਨਰ, ਪ੍ਰੋ. ਗੁਰਪ੍ਰੀਤ ਸਿੰਘ ਮਾਨ, ਗੀਤਕਾਰ ਅਲਬੇਲ ਸਿੰਘ ਬਰਾੜ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਪਣੇ ਪਿੰਡ ਦੇ ਸਪੂਤ ਜਗਰੂਪ ਸਿੰਘ ਬਰਾੜ ਦੇ ਬੀ ਸੀ ਕੈਨੇਡਾ ਵਿੱਚ ਵਜ਼ੀਰ ਬਣਨ ਦੀ ਖੁਸ਼ੀ ਵਿੱਚ ਪਿੰਡ ਦੇ ਗੁਰੂ-ਘਰ ਵਿਚ ਵਾਹਿਗੁਰੂ ਦੇ ਸੁਕਰਾਨੇ ਲਈ ਪਹੁੰਚੇ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਸਵੰਤ ਸਿੰਘ ਬਰਾੜ, ਬੀ ਐਸ ਰਤਨ, ਬਲਵੰਤ ਸਿੰਘ ਬਰਾੜ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਜਗਰੂਪ ਸਿੰਘ ਬਰਾੜ ਵੱਲੋਂ ਪਿੰਡ ਵਾਸੀਆਂ ਦੇ ਨਾਮ ਸੁਨੇਹਾ ਕੈਨੇਡਾ ਤੋ ਵੀਡੀਓ ਰਾਹੀਂ ਰਿਕਾਰਡ ਕਰਕੇ ਭੇਜਿਆ ਜੋ ਸਮੁੱਚੀ ਸੰਗਤ ਨੂੰ ਸੁਣਾਇਆ ਗਿਆ। ਇਸ ਸੁਨੇਹੇ ਵਿੱਚ ਜਗਰੂਪ ਸਿੰਘ ਬਰਾੜ

ਕੈਨੇਡਾ ਵਿਚ ਰਾਜ ਮੰਤਰੀ ਨੇ ਇਕੱਤਰ ਹੋਏ ਆਪਣੇ ਸ਼ੁੱਭ ਚਿੰਤਕਾਂ ਨੂੰ ਕਿਹਾ ਕਿ ਪੰਜਾਬ ਅੰਦਰ ਚੰਗੇ ਸਮਾਜ ਦੀ ਉਸਾਰੀ ਕਰਨਾ ਬਹੁਤ ਜ਼ਰੂਰੀ ਹੈ। ਅਜਿਹਾ ਸਰਬੱਤ ਦੇ ਭਲੇ ਦਾ ਸਮਾਜ ਹੋਣਾ ਚਾਹੀਦਾ ਹੈ, ਜਿੱਥੇ ਹਰ ਇਕ ਨੂੰ ਬਰਾਬਰਤਾ ਦਾ ਹੱਕ ਮਿਲੇ। ਉਨ੍ਹਾਂ ਕਿਹਾ ਕਿ ਇਸ ਲਈ ਸਾਡਾ ਵਿੱਦਿਅਕ ਢਾਂਚਾ ਅਜਿਹਾ ਹੋਣਾ ਚਾਹੀਦਾ ਹੈ ਜਿੱਥੇ ਹਰ ਬੱਚੇ ਨੂੰ ਪੜ੍ਹਨ ਦੇ ਬਰਾਬਰ ਮੌਕੇ ਮਿਲਣ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਸਿਹਤ ਸੇਵਾਵਾਂ ਬਹੁਤ ਜਰੂਰੀ ਹਨ। ਸਰਕਾਰ ਨੂੰ ਸਿਹਤ ਸੇਵਾਵਾਂ ਦੇਣ ਵਿਚ ਮਾਂ ਵਾਲਾ ਰੋਲ ਅਦਾ ਕਰਨਾ ਚਾਹੀਦਾ ਹੈ। ਇਹ ਨਹੀਂ ਦੇਖਣਾ ਚਾਹੀਦਾ ਕਿ ਬੱਚੇ ਦੇ ਇਲਾਜ ਲਈ ਉਸਦੇ ਮਾਤਾ ਪਿਤਾ ਕੋਲ ਹੈ ਜਾਂ ਨਹੀਂ। ਜਗਰੂਪ ਸਿੰਘ ਬਰਾੜ ਨੇ ਇਨਸਾਫ ਦੀ ਗੱਲ ਕਰਦੇ ਹੋਏ ਕਿਹਾ ਕਿ ਪੁਲਿਸ ਪ੍ਰਸ਼ਾਸ਼ਨ ਨੂੰ ਸਿਆਸੀ ਲੋਕਾਂ ਤੋਂ ਮੁਕਤ ਕਰਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੇ ਹਾਲਾਤ ਇਹ ਹਨ ਕਿ ਕਾਨੂੰਨ ਪਾਸੇ ਹੋ ਚੁੱਕਾ ਹੈ ਅਤੇ ਸਿਆਸੀ ਦਖਲ -ਅੰਦਾਜ਼ੀ ਵਧ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕਾਨੂੰਨ ਦੀ ਕਿਤਾਬ ਅਨੁਸਾਰ ਫ਼ੈਸਲੇ ਹੋਣ ਤਾਂ ਹਰ ਇੱਕ ਨੂੰ ਇਨਸਾਫ਼ ਮਿਲ ਸਕਦਾ ਹੈ। ਉਨ੍ਹਾਂ ਆਪਣੇ ਜੀਵਨ ਬਾਰੇ ਵੀ ਲੋਕਾਂ ਨੂੰ ਵਿਸਥਾਰ ਚ ਚਾਨਣਾ ਪਾਇਆ ਕੇ ਉਹ ਕਿਵੇਂ ਮਾਲਵੇ ਦੇ ਪਿੰਡ ਤੋਂ ਉੱਠ ਕੇ ਮੰਤਰੀ ਬਣੇ ਹਨ।

ਉਹਨਾਂ ਆਪਣੇ ਪਿਤਾ ਵੱਲੋਂ ਪਿੰਡ ਦਿਉਣ ਤੇ ਵਿਕਾਸ ਵਿਚ ਪਾਏ ਯੋਗਦਾਨ ਦਾ ਵੀ ਜ਼ਿਕਰ ਕੀਤਾ। ਅਖ਼ੀਰ ਵਿਚ ਉਨ੍ਹਾਂ ਕਿਹਾ ਕਿ ਤੁਹਾਡਾ ਅਤੇ ਬੱਚਿਆਂ ਦਾ ਭਵਿੱਖ ਸਿੱਖਿਆ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਉਨ੍ਹਾਂ ਨੂੰ ਇਸ ਪੱਧਰ ਦੀ ਸਿੱਖਿਆ ਦਿਵਾ ਰਹੇ ਹੋ ਤਾਂ ਤੁਹਾਡੇ ਬੱਚੇ ਤਰੱਕੀ ਕਰ ਸਕਦੇ ਹਨ। ਉਹਨਾ ਕੈਨੇਡਾ ਦੀ ਖ਼ੂਬਸੂਰਤੀ ਅਤੇ ਸਿਸਟਮ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਪਿੰਡ ਦੇ ਗੁਰੂ-ਘਰ ਵਿਚ ਇਕੱਤਰ ਹੋਏ ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਅਤੇ ਵੱਖ-ਵੱਖ ਪਿੰਡਾਂ ਦੇ ਲੋਕਾਂ ਦਾ ਧੰਨਵਾਦ ਕੀਤਾ।

# ਈ-ਦੀਵਾਨ ਸੁਸਾਇਟੀ ਵੱਲੋਂ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਕੌਮਾਂਤਰੀ ਕਵੀ ਦਰਬਾਰ ਕਰਾਏ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) - ਈ- ਦੀਵਾਨ ਸੋਸਾਇਟੀ ਕੈਲਗਰੀ ਵੱਲੋਂ ਮਾਤਾ ਗੁਜਰੀ ਜੀ ਤੇ ਸਾਹਿਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਨ ਹਿੱਤ, ਔਨਲਾਈਨ ਕੌਮਾਂਤਰੀ ਕਵੀ ਦਰਬਾਰ ਕਰਾਏ ਗਏ।ਬੱਚੀਆਂ ਅਮਿਤੋਜ਼ ਕੌਰ ਤੇ ਅਨੁਰੀਤ ਕੌਰ ਨੇ, ਬਹੁਤ ਹੀ ਸੁਰੀਲੀ ਆਵਾਜ਼ ਵਿੱਚ ਸ਼ਬਦ ਸਰਵਣ ਕਰਾਇਆ। ਲੁਧਿਆਣੇ ਤੋਂ ਗੀਤਕਾਰ ਤੇ ਗਾਇਕ ਕਰਮਜੀਤ ਸਿੰਘ ਗਰੇਵਾਲ ਨੇ 'ਦਾਦੀ ਤੋਂ ਪੁੱਛਦੇ ਬੱਚੇ.' ਸੁਰੀਲੀ ਆਵਾਜ਼ ਵਿੱਚ ਸੁਣਾ ਕੇ ਕਵੀ ਦਰਬਾਰ ਦੀ ਸ਼ੁਰੂਆਤ ਕੀਤੀ।ਜੈਪੁਰ ਤੋਂ ਬ੍ਰਿਜਮਿੰਦਰ ਕੌਰ ,ਲੁਧਿਆਣੇ ਤੋਂ ਹੀ ਉਸਤਾਦ ਸ਼ਾਇਰ, ਡਾ. ਹਰੀ ਸਿੰਘ ਜਾਚਕ,ਲਾਹੌਰ ਤੋਂ ਨਨਕਾਣਾ ਸਾਹਿਬ ਦੇ ਜੰਮਪਲ, ਰੀਸਰਚ ਸਕਾਲਰ ਡਾ. ਕਲਿਆਣ ਸਿੰਘ ਕਲਿਆਣ ਨੇ ਭਾਵਪੂਰਤ ਛੋਟੀ ਨਜ਼ਮ ਨਾਲ ਹਾਜ਼ਰੀ ਭਰੀ।ਉਹਨਾਂ ਨਨਕਾਣਾ ਸਾਹਿਬ ਦੇ ਹੈੱਡ ਗਰੰਥੀ ਰਹੇ ਆਪਣੇ ਪਿਤਾ ਜੀ ਦੀ ਗੱਲ ਕਰਦਿਆਂ ਦੱਸਿਆ ਕਿ- ਸੰਤਾਲੀ ਵੇਲੇ ਭਾਵੇਂ ਸਾਡੇ ਪਰਿਵਾਰ ਨੇ ਬਹੁਤ ਔਖਾ ਸਮਾਂ ਕੱਟਿਆ, ਪਰ ਉਹ ਕਹਿੰਦੇ ਹਨ ਕਿ- 'ਮੈਥੋਂ ਨਨਕਾਣਾ ਸਾਹਿਬ ਨੂੰ ਬੇਦਾਵਾ ਨਹੀਂ ਦੇ ਹੋਇਆ!' ਗੁਰਦਾਸਪੁਰ ਤੋਂ ਹਰਮੀਤ ਕੌਰ ਮੀਤ ,ਚੰਡੀਗੜ੍ਹ ਤੋਂ ਸਿਮਰਜੀਤ ਕੌਰ ਗਰੇਵਾਲ ,ਯਮੁਨਾਨਗਰ ਤੋਂ ਪੰਥਕ ਸ਼ਾਇਰ, ਗੁਰਦਿਆਲ ਸਿੰਘ ਨਿਮਰ,ਸਿਆਟਲ ਨਾਮਵਰ ਬਜ਼ੁਰਗ ਸ਼ਾਇਰ ਗੁਰਦਿਆਲ ਸਿੰਘ ਚੀਮਾ ਅਤੇ ਦੁਨੀਆਂ ਦੀ ਪਹਿਲੀ ਔਰਤ ਹੈੱਡ ਗਰੰਥੀ ਰਹੀ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਦੋ ਕਬਿੱਤ ਤੇ ਇੱਕ ਨਜ਼ਮ ਦੀ ਵਧੀਆ ਪੇਸ਼ਕਾਰੀ ਨਾਲ ਜੈਕਾਰੇ ਖੱਟੇ। ਟੋਰੰਟੋ ਤੋਂ ਪਰਮਜੀਤ ਸਿੰਘ ਜੀ ਨੇ ਆਪਣੀਆਂ ਬੇਟੀਆਂ ਨਾਲ, ਗੁਰਦੀਸ਼ ਕੌਰ ਦਾ ਲਿਖਿਆ ਗੀਤ- 'ਧੰਨ ਮਾਤਾ ਗੁਜਰੀ' ਹਰਮੋਨੀਅਨ ਤੇ ਸੁਣਾ ਕੇ, ਮਹੌਲ ਸੰਗੀਤਮਈ ਬਣਾ ਦਿੱਤਾ।ਗੁਰਦੀਸ਼ ਕੌਰ ਨੇ ਆਪਣੀ ਸੱਜਰੀ ਲਿਖੀ ਛੋਟੀ ਬਹਿਰ ਦੀ ਕਵਿਤਾ, 'ਸੂਬੇ ਦੀ ਕਚਹਿਰੀ' ਸੰਗਤ ਨਾਲ ਸਾਂਝੀ ਕੀਤੀ।ਡਾ. ਸੁਰਜੀਤ ਸਿੰਘ ਭੱਟੀ ਨੇ ਦੂਰੋਂ ਨੇੜਿਉਂ ਪਹੁੰਚੇ ਸਮੂਹ ਕਵੀ ਸਾਹਿਬਾਨ ਦਾ ਸੰਗਤ ਵਲੋਂ ਧੰਨਵਾਦ ਕੀਤਾ ਅਤੇ ਇਸ ਸੰਸਥਾ ਵੱਲੋਂ ਸ਼ੁਰੂ ਕੀਤੇ ਔਨਲਾਈਨ ਮੈਗਜ਼ੀਨ 'ਸਾਂਝੀ ਵਿਰਾਸਤ' ਦੀ ਜਾਣਕਾਰੀ ਦਿੰਦਿਆਂ ਹੋਇਆਂ, ਸਾਰੇ ਕਵੀਆਂ ਨੂੰ ਆਪਣੀਆਂ ਰਚਨਾਵਾਂ ਲਿਖਤੀ ਰੂਪ ਵਿੱਚ, ਇਸ ਮੈਗਜ਼ੀਨ ਲਈ ਭੇਜਣ ਦੀ ਬੇਨਤੀ ਕੀਤੀ।

# ਨਵੇਂ ਵਰ੍ਹੇ 'ਤੇ ਮੂਸੇਵਾਲਾ ਨੂੰ ਯਾਦ ਕਰ ਕੇ ਭਾਵੁਕ ਹੋਈ ਮਾਂ - ਰੜਕਦਾ ਰਹੇਗਾ 2022





ਮਾਨਸਾ (ਪੰਜਾਬੀ ਅਖਬਾਰ ਬਿਊਰੋ)- ਨਵੇਂ ਵਰ੍ਹੇ 2023 'ਤ ਕਿਹਾ ਕਿ ਨਵਾਂ ਸਾਲ 2023 ਸਾਰਿਆਂ ਨੂੰ ਮੁਬਾਰਕ ਹੋਵੇ। ਵਰ੍ਹਾ 2022 ਨੇ ਸਾਡਾ ਪੁੱਤ ਖੋਹਿਆ ਹੈ। ਇਸ ਲਈ ਲੰਘਿਆ ਵਰ੍ਹਾ ਨਹੀਂ ਭੁੱਲ ਸਕਦੇ। ਆਖ਼ਰੀ ਸਾਹਾਂ ਤਕ ਇਹ ਵਰ੍ਹਾ ਰੜਕਦਾ ਰਹੇਗਾ। ਇਹ ਪ੍ਰਗਟਾਵਾ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ 2022 'ਚ ਪੁੱਤਰ ਸ਼ੁੱਭਦੀਪ ਦਾ ਕਤਲ ਹੋ ਗਿਆ ਤੇ ਸੱਤ ਮਹੀਨਿਆਂ ਬਾਅਦ ਵੀ ਇਨਸਾਫ਼ ਨਹੀਂ ਮਿਲ ਸਕਿਆ, ਪਰ ਤੁਹਾਨੂੰ ਸਾਰਿਆਂ ਨੂੰ ਨਵਾਂ ਵਰ੍ਹਾ ਮੁਬਾਰਕ ਹੋਵੇ। ਉਨ੍ਹਾਂ ਅੱਗੇ ਕਿਹਾ, "ਅਸੀਂ ਕਾਤਲਾਂ ਦਾ ਨਾਂ ਦੱਸ-ਦੱਸ ਕੇ ਥੱਕ ਚੁੱਕੇ ਹਾਂ। ਅੰਦਰੋਂ ਬੜੀ ਚੀਸ ਉਠਦੀ ਹੈ ਕਿ ਬੋਲੀਏ ਪਰ ਕੀ ਕਰਾਂਗੇ ਬੋਲ ਕੇ ? ਸਵੇਰ ਵੇਲੇ 3 ਵਜੇ ਅੱਖ ਖੁੱਲ੍ਹ ਜਾਂਦੀ ਹੈ। ਗੋਲੀਆਂ ਖਾਂਦੇ ਹਾਂ ਪਰ ਕੀ ਕਰੀਏ ਦਰਿੰਦਿਆਂ ਨੇ ਸਾਡਾ ਘਰ ਉਜਾੜ ਕੇ ਰੱਖ ਦਿੱਤਾ। ਅੱਜ ਨਵਾਂ ਸਾਲ ਚੜ੍ਹਿਆ ਹੈ। ਤੁਹਾਨੂੰ ਸਾਰਿਆਂ ਨੂੰ ਮੁਬਾਰਕਬਾਦ ਦਿੰਦੇ ਹਾਂ ਨਵੇਂ ਸਾਲ ਦੀ, ਜਿਨ੍ਹਾਂ ਨੇ ਸਾਡਾ ਘਰ ਉਜਾੜਿਆ ਹੈ, ਸਾਡੇ ਪੁੱਤਰ ਨੂੰ ਮਾਰਿਆ ਹੈ, ਅਕਾਲ ਪੁਰਖ ਦੇ ਚਰਨਾਂ 'ਚ ਅਰਦਾਸ ਹੈ ਕਿ ਉਹ ਮਰਨ ਵੀ ਨਾ। ਉਨ੍ਹਾਂ ਨੂੰ ਅਜਿਹੀ ਸਜ਼ਾ ਮਿਲੇ ਅਤੇ ਹਰ ਸਮੇਂ ਇਹ ਯਾਦ ਰਹੇ ਕਿ ਅਸੀਂ ਕਿਸੇ ਰੱਬ ਦੇ ਬੰਦੇ ਨੂੰ ਮਾਰਿਆ ਸੀ। ਪਹਿਲਾਂ ਜਦੋਂ ਨਵਾਂ ਸਾਲ ਚੜ੍ਹਦਾ ਸੀ, ਸ਼ੁੱਭਦੀਪ ਕਹਿੰਦਾ ਹੁੰਦਾ ਸੀ, ਤੁਸੀਂ ਖ਼ੁਸ਼ ਰਹੋ ਤਰੱਕੀ ਕਰੋ, ਮੇਰੀ ਉਮਰ ਤੁਹਾਨੂੰ ਲੱਗ ਜਾਵੇ। ਸਾਡੇ ਪੁੱਤ ਨੂੰ ਮਾਰਨ ਵਾਲਿਓ, ਤੁਹਾਡਾ ਕੱਖ ਨਾ ਰਹੇ। ਰੱਬ, ਸਭ ਨਾਲ ਇਨਸਾਫ਼ ਕਰਦਾ ਹੈ।" ਮੂਸੇਵਾਲਾ ਦੀ ਮਾਂ ਚਰਨ ਕੌਰ ਨੇ ਕਿਹਾ ਹੈ ਕਿ ਪੰਜਾਬ ਪੁਲੀਸ ਹਾਲੇ ਤਕ ਮੇਰੇ ਪੁੱਤ ਦੇ ਅਸਲੀ ਕਾਤਲਾਂ ਨੂੰ ਨਹੀਂ ਫ਼ੜ ਸਕੀ ਅਤੇ ਪੁਲੀਸ ਤੋਂ ਹੁਣ ਇਹ ਉਮੀਦ ਵੀ ਖ਼ਤਮ ਹੁੰਦੀ ਜਾ ਰਹੀ ਹੈ। ਨਵੇਂ ਸਾਲ ਵਾਲੇ ਦਿਨ ਸਿੱਧੂ ਮੂਸੇਵਾਲਾ ਦੀ ਮਾਂ ਚਰਨ ਕੌਰ ਸਮੇਤ ਉਸ ਦੇ ਸੈਂਕੜੇ ਪ੍ਰਸ਼ੰਸਕਾਂ ਨੇ ਮੂਸੇਵਾਲਾ ਹਵੇਲੀ ਵਿਖੇ ਉਸ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਸ਼ਰਧਾਂਜਲੀ ਦਿੱਤੀ। ਇਸ ਦੌਰਾਨ ਚਰਨ ਕੌਰ ਨੇ ਕਿਹਾ, "ਨਵੇਂ ਸਾਲ ਮੌਕੇ ਸ਼ੁੱਭ ਦਾ ਕਿਤੇ ਨਾ ਕਿਤੇ ਪ੍ਰੋਗਰਾਮ ਹੁੰਦਾ ਸੀ, ਪਰ ਅੱਜ ਉਹ ਇਸ ਦੁਨੀਆਂ 'ਚ ਮੌਜੂਦ ਨਹੀਂ। ਇਹ ਦੁੱਖ ਅਤੇ ਅਸਲੀ ਕਾਤਲਾਂ ਦੇ ਨਾ ਫ਼ੜੇ ਜਾਣ ਦੀ ਪੀੜ ਸਹਿਣੀ ਔਖੀ ਹੈ।" ਚਰਨ ਕੌਰ ਨੇ ਅੱਗੇ ਸੰਬੋਧਨ ਕਰਦਿਆਂ ਕਿਹਾ ਕਿ ਜਿਨ੍ਹਾਂ ਨੇ ਉਸ ਦੇ ਪੁੱਤ ਦਾ ਗੋਲੀਆਂ ਮਾਰ ਕੇ ਕਤਲ ਕੀਤਾ ਹੈ, ਅਸਲ 'ਚ ਉਹ ਇੰਨੇ ਦੋਸ਼ੀ ਨਹੀਂ, ਜਿੰਨਾ ਕਤਲ ਕਰਵਾਉਣ ਵਾਲੇ ਹਨ। ਉਨ੍ਹਾਂ ਕਿਹਾ ਕਿ ਪੁਲੀਸ ਦੇ ਹੱਥ ਅਜੇ ਤਕ ਕਿਸੇ ਵੀ ਅਸਲੀ ਕਾਤਲ ਤਕ ਨਹੀਂ ਪਹੁੰਚੇ। ਇੰਝ ਲੱਗਦਾ ਹੈ ਜਿਵੇਂ ਪੁਲੀਸ ਸਿੱਧੂ ਮੂਸੇਵਾਲਾ ਕਤਲਕਾਂਡ 'ਚ ਇਨਸਾਫ਼ ਦੇਣ ਦੀ ਬਜਾਏ ਪਰਿਵਾਰ ਅਤੇ ਉਸ ਦੇ ਪ੍ਰਸ਼ੰਸਕਾਂ ਦੀਆਂ ਸਿਰਫ਼ ਅੱਖਾਂ ਹੀ ਪੂੰਝ ਰਹੀ ਹੈ। ਉਨ੍ਹਾਂ ਕਿਹਾ ਕਿ ਥੋੜ੍ਹਾ ਸਮਾਂ ਹੋਰ ਪੁਲੀਸ ਅਤੇ ਸਰਕਾਰ ਵੱਲ ਦੇਖਦੇ ਹਾਂ, ਨਹੀਂ ਤਾਂ ਇਸ ਤੋਂ ਬਾਅਦ ਸੰਘਰਸ਼ ਤਿੱਖਾ ਕੀਤਾ ਜਾਵੇਗਾ। ਉਨ੍ਹਾਂ ਨੇ ਨਮ ਅੱਖਾਂ ਨਾਲ ਆਪਣੇ ਪੁੱਤਰ ਨੂੰ ਯਾਦ ਕਰਦਿਆਂ ਉਸ ਦੀ ਮੌਤ ਨਾ ਸਿਰਫ਼ ਪਰਿਵਾਰ ਬਲਕਿ ਪੂਰੇ ਪੰਜਾਬ ਅਤੇ ਦੇਸ਼ ਲਈ ਘਾਟੇ ਵਾਲੀ ਦੱਸਿਆ ਹੈ ਅਤੇ ਕਿਹਾ ਹੈ ਕਿ ਮਾੜੇ ਸਿਸਟਮ ਦੀ ਭੇਂਟ ਪੰਜਾਬ ਦਾ ਇੱਕ ਹੀਰਾ ਗਾਇਕ ਸਦਾ ਲਈ ਗਵਾਚ ਗਿਆ ਹੈ ਜਿਸ ਦਾ ਦੁੱਖ ਰਹਿੰਦੀ ਜ਼ਿੰਦਗੀ ਭਰ ਤਕ ਉਨ੍ਹਾਂ ਦੇ ਦਿਲਾਂ 'ਚ ਰਹੇਗਾ। ਉਨ੍ਹਾਂ ਨੇ ਬੀਤ ਚੁੱਕੇ ਸਾਲ 2022 ਨੂੰ ਆਪਣੇ ਜਿਗਰ ਦੀ ਸਭ ਤੋਂ ਵੱਡੀ ਸੱਟ ਦੱਸਿਆ।


ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263



ARROW DRYWALL INC.
The Name You Can Trust
Products of Services:
• Insulation
• Drywall
• Taping
• Texturing
• Blow Insulation
ਇੰਸੂਲੇਸ਼ਨ•
ਡਰਾਈਵਾਲ•
ਟੇਪਿੰਗ•
ਬਲੋ ਇੰਸੂਲੇਸ਼ਨ•
ਟੈਕਸਚਰਿੰਗ•
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ



Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com





# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ
ਕਨੇਡੀਅਨ ਜੰਮਪਲ, ਜੱਟ ਸਿੱਖ ਗਿੱਲ ਪਰਿਵਾਰ ਦੇ ਇਕਲੌਤੇ ਵੈਸ਼ਨੂੰ ਲੜਕੇ ,ਉਮਰ 32 ਸਾਲ, ਕੱਦ 6 ਫੁੱਟ, ਤਿੰਨ ਸਾਲ ਦਾ ਆਟੋਬਾਡੀ ਦਾ ਡਿਪਲੋਮਾ ਕੀਤਾ ਹੋਇਆ ਹੈ ,ਲਈ ਹਾਣ ਪ੍ਰਵਾਣ ਦੀ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਿਰਫ ਉਹੀ ਸੰਪਰਕ ਕਰਨ ਜੋ ਲੜਕੀ ਵਿਨੀਪੈੱਗ ਮੂਵ ਹੋ ਸਕਦੀ ਹੋਵੇ। ਸੰਪਰਕ: 431 997 5121 ***212***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ,ਜੱਟ ਸਿੱਖ ਹੁੰਦਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 30 ਸਾਲ,ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ : ਫਾਰਮੇਸੀ ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 899 9167 ***212***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਜਨਮ 1990, ਕੱਦ 5 ਫੁੱਟ 11 ਇੰਚ, ,ਉੱਚ ਤਕਨੀਕੀ ਯੋਗਤਾ (ਮਕੈਨੀਕਲ ਇੰਜੀਨੀਅਰ) ਕਨੇਡਾ ਤੋਂ ਹੀ ਪਰਾਪਤ, ਵੈਲ ਸੈਟਲਡ ਆਪਣਾ ਬਿਜਨਿਸ ਕਰ ਰਹੇ, ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਵਾਲੀ, ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 403 399 3205 ***212***

### ਲੜਕੀਆਂ ਦੀ ਲੋੜ
ਕਨੇਡੀਅਨ ਪੀ ਆਰ ਢਿੱਲੋਂ ਪਰਿਵਾਰ ਦੇ ਲੜਕੇ ਉਮਰ 30 ਸਾਲ (ਜੁੜਵੇਂ) ਕੱਦ 5 ਫੁੱਟ 7 ਇੰਚ, ਵੈਸਨੂੰ,ਨਸ਼ਾ ਰਹਿਤ, ਵਿਦਿਅਕ ਯੋਗਤਾ ,ਐਮ ਐਸ ਸੀ ਫਿਜਿਕਸ,ਕਨੇਡਾ ਤੋਂ ਇੰਮੀਗ੍ਰੇਸ਼ਨ ਸਲਾਹਕਾਰ ਡਿਪਲੋਮਾ ਹੋਲਡਰ,ਅਤੇ ਇਸਦੇ ਹੀ ਜੁੜਵੇਂ ਭਰਾ,ਜੋ ਇੰਡੀਆ ਰਹਿੰਦਾ ਹੈ। ਜਿਸਦਾ ਕੱਦ ਵੀ 5 ਫੁੱਟ 7 ਇੰਚ ਹੀ ਹੈ । ਉਸਨੇ ਐਮ ਐਸ ਸੀ ਕੈਮਿਸਟਰੀ ਕੀਤੀ ਹੋਈ ਹੈ । ਉਹ ਅੰਮ੍ਰਿਤਧਾਰੀ ਹੈ,ਲਈ ਹਾਣ ਪ੍ਰਵਾਣ ਦੀਆਂ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀਆਂ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟਸ ਲੜਕੀਆਂ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 780 271 7578 ਜਾਂ 01191-98152 01997 ***212***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ,ਖੁਬਸੂਰਤ ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 35 ਸਾਲ,ਕੱਦ 5 ਫੁੱਟ 6 ਇੰਚ, ਲਈ ਹਾਣ ਪ੍ਰਵਾਣ ਦੇ ਚੰਗੀ ਜੌਬ ਜਾਂ ਬਿਜਨਿਸ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਆਪਣਾ ਘਰ ਹੈ ਅਤੇ ਚੰਗੀ ਜੌਬ ਕਰ ਰਹੀ ਹੈ। ਡੀਸੈਂਟ ਮੈਰਿਜ ਡਿਵੋਰਸ ਕੇਸ ਵੀ ਵਿਚਾਰਿਆ ਜਾ ਸਕਦਾ ਹੈ। ਵਿਆਹ ਜਲਦੀ। ਫੋਨ ਕਾਲ ਜਾਂ ਵਟਸਐਪ : 1 204 295 0178 ***212***

### ਲੜਕੀ ਦੀ ਲੋੜ
ਕਨੇਡਾ ਵਿਜਟਿਰ ਵੀਜੇ ਉੱਪਰ, ਜੱਟ ਸਿੱਖ ਗਿੱਲ ਪਰਿਵਾਰ ਦੇ ਕਨੇਡਾ ਰਹਿ ਰਹੇ ਲੜਕੇ,ਉਮਰ 37 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ : ਐਮ ਏ ਪੰਜਾਬੀ, ਐਮ ਏ ਪੋਲੀਟਿਕਲ ਸਾਇੰਸ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈੱਟਲ ਹੈ। ਵਰਕ ਪਰਮਿਟ ਵਾਲੀ ਲੜਕੀ ਜਿਸ ਦੀ ਪੀ ਆਰ ਫਾਈਲ ਲੱਗੀ ਹੋਵੇ ਜਾਂ ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਵਿਆਹ ਜਲਦੀ। ਸੰਪਰਕ: 1 825 733 4897 ਜਾਂ 1 825 712 5990 ***216***

### ਲੜਕੀ ਦੀ ਲੋੜ
Looking a suitable match for Canadian citizen s/c engineer boy. Age 31 yr,Ht 5.7ft. Citizen/PR girl from technical or medical profession prof-fered. Contact : 403 862 6806 / 403 830 5721.Email : askumar_3251@hotmail.com ***216***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 30 ਸਾਲ,ਕੱਦ 6 ਫੁੱਟ, ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਫਾਸਟ ਫੂਡ ਫਰੈਂਚਾਈਜ਼,ਕਾਰੋਬਾਰ ਹੈ। ਲੁਧਿਆਣਾ ਜਿਲੇ ਨਾਲ ਸਬੰਧਿਤ ਛੋਟਾ ਅਤੇ ਕੈਲਗਰੀ ਵਿੱਚ ਵੈੱਲ ਸੈਟਲਡ ਪਰਿਵਾਰ ਹੈ। ਪੀ ਆਰ ਜਾਂ ਸਿਟੀਜਨ ਲੜਕੀ ਦਾ ਕੇਸ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 403 870 2221 ***215***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਗਰੇਵਾਲ ਪਰਿਵਾਰ ਦੀ ਲੜਕੀ, ਉਮਰ 35 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ,ਲਈ ਬਰਾਬਰ ਦੀ ਯੋਗਤਾ ਵਾਲੇ ਨਸ਼ਿਆਂ ਤੋਂ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਲੜਕੇ ਬਾਰੇ ਵੀ ਵੀਚਾਰ ਹੋ ਸਕਦੀ ਹੈ । ਕੈਲਗਰੀ ਅਤੇ ਲੁਧਿਆਣਾ ਜਿਲੇ ਨਾਲ ਸਬੰਧਿਤ ਪਰਿਵਾਰਾਂ ਨੂੰ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 587 350 8755 ਜਾਂ 403 464 8765 ***215***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ,ਜੱਟ ਸਿੱਖ ਸੇਖੋਂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ, 31 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਐਮ ਐਸ ਸੀ ,ਆਈ ਟੀ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਚੰਗੀ ਪੜੀ ਲਿਖੀ ਹੋਵੇ ,ਉਹ ਕਨੇਡਾ ਚਾਹੇ ਪੰਜਾਬ ਕਿਤੇ ਵੀ ਰਹਿੰਦੀ ਹੋਵੇ । ਆਪਣਾ ਬਾਇਓਡਾਟਾ ਅਤੇ ਫੋਟੋ ਵਟਸਐਪ ਭੇਜੋ। ਸੰਪਰਕ: 403 633 0084,ਜਾਂ 306 209 3747 ***211**

### ਲੜਕੀ ਦੀ ਲੋੜ
ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 23 ਸਾਲ, ਕੱਦ 6।0 ਫ਼ੁੱਟ, ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1 780 236 0958 ***215***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ,ਜੱਟ ਸਿੱਖ ਸੋਢਾ ਪਰਿਵਾਰ ਦੇ ਸੋਹਣੇ ਸੁਨੱਖੇ ਤਲਾਕਸੁਦਾ ਲੜਕੇ ਉਮਰ 35 ਸਾਲ ,ਕੱਦ 6 ਫੁੱਟ 2 ਇੰਚ ,ਵਿਦਿਅਕ ਯੋਗਤਾ ਪਲੱਸ ਟੂ ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 991 8099 ***211***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 26 ਸਾਲ, ਕੱਦ 5 ਫੁੱਟ 8 ਇੰਚ, ਆਈ ਟੀ ਡਿਪਲੋਮਾ ਹੋਲਡਰ ਲਈ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ ਸੈੱਟ ਹੈ ਅਤੇ ਪੰਜਾਬ ਵਿੱਚ 18 ਏਕੜ ਜ਼ਮੀਨ ਦਾ ਮਾਲਕ ਹੈ। ਸੰਪਰਕ: 1 431 336 8812 ***214***

### ਲੜਕੀ ਦੀ ਲੋੜ
ਜੱਟ ਸਿੱਖ ਸੇਖੋਂ ਪਰਿਵਾਰ ਦੇ ਸੋਹਣੇ ਸੁਨੱਖੇ ਕਨੇਡਾ ਰਹਿ ਰਹੇ ਲੜਕੇ ਉਮਰ 28 ਸਾਲ , ਕੱਦ 5 ਫੁੱਟ 9 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਆਪਣੀ ਕੰਨਸਟਰੱਕਸ਼ਨ ਕੰਪਨੀ ਹੈ ਅਤੇ ਵੈਲਡਰ ਦਾ ਕੋਰਸ ਵੀ ਕੀਤਾ ਹੋਇਆ ਹੈ। ਸੰਪਰਕ: 1 780 260 7777 ਜਾਂ 1780 290 7777 ***214***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 29 ਸਾਲ,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਬੈਚੂਲਰ ਆਫ ਸਾਇੰਸ ਇਨ ਨਰਸਿੰਗ,ਲਈ ਹਾਣ ਪਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੀ ਸਾਰੀ ਫੈਮਿਲੀ ਕਨੇਡਾ ਹੀ ਸੈਟਲਡ ਹੈ। ਮਾਲਵਾ ਇਲਾਕੇ ਨੂੰ ਪਹਿਲ,ਚੰਗੇ ਪੜ੍ਹੇ ਲਿਖੇ ਵਰਕ ਪਰਮਿਟ ਉੱਪਰ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 403 605 6012 ਜਾਂ 403 479 1325 ***214***

### ਜੀਵਨ ਸਾਥਣ ਦੀ ਲੋੜ
ਅਮਰੀਕਨ ਸਿਟੀਜਨ ,ਜੱਟ ਸਿੱਖ ਸਿੱਧੂ, ਉਮਰ 57 ਸਾਲ,ਕੱਦ 5 ਫੁੱਟ 11 ਇੰਚ,ਚੰਗੀ ਸਿਹਤ ਅਤੇ 34 ਸਾਲ ਤੋਂ ਅਮਰੀਕਾ ਵਿੱਚ ਚੰਗਾ ਕਾਰੋਬਾਰ ਕਰਦੇ ,ਦੋ ਘਰਾਂ ਦੇ ਮਾਲਕ,ਤਲਾਕ ਸੁਦਾ ਲਈ 40-45 ਸਾਲ ਦੀ ਉਮਰ ਦੀ ਜੀਵਨ ਸਾਥਣ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ ਸੰਪਰਕ: 1 317 476 6223 ***225***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 35 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੀਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 1 236 867 4005 ***214***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ,ਜੱਟ ਸਿੱਖ ਸੰਧੂ ਪਰਿਵਾਰ ਦੀ (1988) ਲੜਕੀ,ਕੱਦ 5 ਫੁੱਟ 6 ਇੰਚ,ਅਨਮੈਰਿਡ, ਜੋ ਕਨੇਡਾ ਵਿੱਚ ਹੀ ਪੜ੍ਹ ਲਿਖਕੇ ਵੱਡੀ ਹੋਈ ਹੈ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਬਿਜਨਿਸ ਫਾਇਨਾਂਸ ਵਿੱਚ ਡਿਪਲੋਮਾ ਕਰਨ ਉਪਰੰਤ ਹੁਣ ਫਾਇਨਾਂਸ ਕੰਪਨੀ ਵਿੱਚ ਹੀ ਚੰਗੀ ਜੌਬ ਕਰ ਰਹੀ ਹੈ। ਸਟੂਡੈਂਟ,ਵਿਜਟਿਰ ਜਾਂ ਡਿਵੋਰਸ ਕੇਸ ਵਾਲੇ ਕ੍ਰਿਪਾ ਕਰਕੇ ਸੰਪਰਕ ਨਾ ਕਰਨ । ਸੰਪਰਕ: 403 919 1672 ***214***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਉਮਰ 29 ਸਾਲ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਬੀ ਸੀ ਟੀ ਐਂਡ ਸੀ ਏ, ਧਾਲੀਵਾਲ (ਨਾਈ ਸਿੱਖ) ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 839 1530 ਜਾਂ ਈ ਮੇਲ Jaswinderssingh01@gmail.com ***213***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 33 ਸਾਲ, ਕੱਦ 6 ਫੁੱਟ ,ਬੀ ਟੈੱਕ ਆਈ ਟੀ ਵਿਦਿਅਕ ਯੋਗਤਾ ਵਾਲੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਟਰੱਕਿੰਗ ਇੰਡਸਟਰੀ ਵਿੱਚ ਚੰਗਾ ਕਾਰੋਬਾਰ ਹੈ। ਸੰਪਰਕ: 1 204 963 3976 ***213***

### ਲੜਕੇ ਦੀ ਲੋੜ
ਕੈਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, ਉਮਰ 32 ਸਾਲ, ਕੱਦ 5 ਫੁੱਟ 9 ਇੰਚ, ਹੈਲਥ ਕੇਅਰ ਏਡ ਯੋਗਤਾ, ਵਾਲੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ ਇੰਡੀਆ ਫੋਨ: 8694987000 ਜਾਂ ਈ ਮੇਲ: Charnjeetbrar96@gmail.com ***213***

### ਲੜਕੀ ਦੀ ਲੋੜ
ਮਲੇਸੀਅਨ ਸਿਟੀਜਨ, ਕਨੇਡਾ ਵਿਜਟਿਰ ਵੀਜੇ ਉੱਪਰ ਆਏ, ਜੱਟ ਸਿੱਖ ਪਰਿਵਾਰ ਦੇ ਤਲਾਕਸੁਦਾ ਲੜਕੇ (ਬਿਨਾ ਬੱਚੇ ਤੋਂ), ਉਮਰ 36 ਸਾਲ, ਕੱਦ 5 ਫੁੱਟ 11 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਲੜਕੇ ਦਾ ਬਾਕੀ ਸਾਰਾ ਪਰਿਵਾਰ ਕਨੇਡਾ ਵਿੱਚ ਹੀ ਪੱਕੇ ਤੌਰ ਤੇ ਸੈਟਲ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ।ਕੈਲਗਰੀ ਰਹਿਣ ਵਾਲੀ ਲੜਕੀ ਬਾਰੇ ਪਹਿਲ ਦੇ ਅਧਾਰ ਉੱਪਰ ਵਿਚਾਰ ਕੀਤਾ ਜਾਵੇਗਾ ਸੰਪਰਕ: 403 926 6073 ***212***

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 31 ਸਾਲ,ਕੱਦ 5 ਫੁੱਟ 10 ਇੰਚ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਭਰਾ ਅਤੇ ਭੈਣ ਕਨੇਡੀਅਨ ਪੀ ਆਰ ਹਨ । ਸਾਰਾ ਪਰਿਵਾਰ ਐਡਮੰਟਨ ਵੈੱਲ ਸੈਟਲਡ ਹੈ। ਸੰਪਰਕ: 403 923 8025 ਜਾਂ 1 825 522 1954 ***211**

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, BSc, Health care diploma, ਕਨੇਡਾ ਵਿੱਚ ਹੀ ਚੰਗੀ ਜੌਬ ਕਰ ਰਹੇ, ਲਈ ਹਾਣ ਪ੍ਰਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕਨੇਡਾ ਦੇ ਸੈਸਕੈਚਵਾਨ ਸੂਬੇ ਵਿੱਚ ਵੈੱਲ ਸੈਟਲਡ ਹੈ। ਸੰਪਰਕ: 306 580 4935 ***211***

### ਲੜਕੀ ਦੀ ਲੋੜ
ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵੈਸ਼ਨੂੰ ਹੈ ਅਤੇ ਉਸ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***212***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਉਮਰ 28 ਸਾਲ,ਕੱਦ 5 ਫੁੱਟ 4 ਇੰਚ, ਧਾਲੀਵਾਲ (ਨਾਈ ਸਿੱਖ) ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਕਨੇਡਾ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਅਤੇ ਇੰਡੀਆ ਤੋਂ ਬੈਚੂਲਰ ਡਿਗਰੀ ਹੈ। ਸੰਪਰਕ: 587 839 1530 ਜਾਂ ਈ ਮੇਲ : jagdevssingh12@gmail.com ***211***

### ਲੜਕੇ ਦੀ ਲੋੜ
ਕਨੇਡੀਅਨ ਬੌਰਨ, 1990,ਕੱਦ 5 ਫੁੱਟ 7 ਇੰਚ,ਕਨੇਡਾ ਦੀ ਲੈਥਬਰਿੱਜ ਯੂਨੀਵਰਿਸਟੀ ਤੋਂ ਬੈਚੂਲਰ ਆਫ ਮੈਨੇਜਮੈਂਟ (ਅਕਾਊਂਟਿੰਗ ਮੇਜਰ) ਦੀ ਡਿਗਰੀ ਹੋਲਡਰ,ਜੱਟ ਸਿੱਖ ਬਰਾੜ ਪਰਿਵਾਰ ਦੀ ਸੋਹਣੀ ਸੁਨੱਖੀ ਚੰਗੀ ਨਾਮਵਰ ਕੰਪਨੀ ਵਿੱਚ ਜੌਬ ਕਰਦੀ ਲੜਕੀ ਲਈ ਕਨੇਡਾ ਦੇ ਹੀ ਜਨਮੇ, ਅਤੇ ਕਨੇਡਾ ਵਿੱਚ ਹੀ ਪੜੇ ਲਿਖੇ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 891 7072 ***211***

### ਜੀਵਨ ਸਾਥਣ ਦੀ ਲੋੜ
ਕਨੇਡੀਅਨ ਸਿਟੀਜਨ, ਜੱਟ ਸਿੱਖ ਬਾਠ ,ਤਲਾਕਸੁਦਾ ਉਮਰ 42 ਸਾਲ ,ਕੱਦ 5 ਫੁੱਟ 7 ਇੰਚ,ਲਈ ਹਾਣ ਪ੍ਰਵਾਣ ਦੀ ਜੀਵਨ ਸਾਥਣ ਦੇ ਰਿਸ਼ਤੇ ਦੀ ਲੋੜ ਹੈ। 2 ਬੱਚੇ ਜੋ ਕਿ 18 ਸਾਲ ਤੋਂ ਵੱਧ ਉਮਰ ਦੇ ਹਨ ਉਹ ਮਾਂ ਨਾਲ ਰਹਿੰਦੇ ਹਨ। ਬਿਨਾ ਬੱਚਿਆਂ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 825 438 9687 ਜਾਂ 403 560 7894 ***211***

### ਲੜਕੀ ਦੀ ਲੋੜ
ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020 ***220***

## ਪੰਜਾਬੀ ਗਾਇਕ ਗੈਰੀ ਸੰਧੂ ਦੇ ਘਰ ਚੋਰੀ



ਲੰਡਨ (ਪੰਜਾਬੀ ਅਖਬਾਰ ਬਿਊਰੋ) ਮਸ਼ਹੂਰ ਪੰਜਾਬੀ ਗਾਇੱਕ ਗੈਰੀ ਸੰਧੂ ਦੇ ਇੰਗਲੈਂਡ ਸਥਿਤ ਘਰ 'ਚ ਚੋਰੀ ਹੋਣ ਦਾ ਸਮਾਚਾਰ ਮਿਲਿਆ ਹੈ। ਇਹ ਜਾਣਕਾਰੀ ਖ਼ੁਦ ਗਾਇੱਕ ਗੈਰੀ ਸੰਧੂ ਨੇ ਸ਼ੋਸਲ ਮੀਡੀਆ 'ਤੇ ਦਿੱਤੀ। ਗੈਰੀ ਸੰਧੂ ਨੇ ਸ਼ੋਸਲ ਮੀਡੀਆ 'ਤੇ ਚੋਰਾਂ ਨੂੰ ਰੱਜ ਕੇ ਗਾਲ੍ਹਾਂ ਕੱਢੀਆਂ ਤੇ ਲਾਹਣਤਾਂ ਪਾਈਆਂ। ਉਨ੍ਹਾਂ ਕਿਹਾ ਕਿ ਚੋਰਾਂ ਦਾ ਕੰਮ ਹੈ ਚੋਰੀ ਕਰਨੀ ਪਰ ਘੱਟੋ-ਘੱਟ ਚੱਪਲਾਂ ਤਾਂ ਬਾਹਰ ਲਾਹ ਕੇ ਆਇਆ ਕਰੋ, ਸਾਰੇ ਘਰ 'ਚ ਗੰਦ ਪਾ ਦਿੱਤਾ। ਗੈਰੀ ਨੇ ਕਿਹਾ ਕਿ ਚੋਰ ਉਸ ਦੀ ਮਾਂ ਦੀਆਂ ਕੁਝ ਨਿਸ਼ਾਨੀਆਂ ਲੈ ਗਏ ਜੋ ਉਨ੍ਹਾਂ ਲਈ ਬੇਹੱਦ ਕੀਮਤੀ ਸਨ। ਉਨ੍ਹਾਂ ਦੱਸਿਆ ਕਿ ਬੱਚੇ ਦਾ ਸਾਮਾਨ ਵੀ ਚੋਰੀ ਕਰ ਕੇ ਲੈ ਗਏ। ਗੈਰੀ ਸੰਧੂ ਨੇ ਚੋਰਾਂ ਨੂੰ ਲੱਭਣ ਵਾਲੇ ਨੂੰ 5 ਹਜ਼ਾਰ ਪੌਂਡ ਇਨਾਮ ਵਜੋਂ ਦੇਣ ਦੀ ਗੱਲ ਵੀ ਕਹੀ।


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜਾਇਨਾ- 639 999 1000, ਵਿਨੀਪੈੱਗ- 431 733 3000



ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ। ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ। ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

ਅੱਜ ਹੀ ਕਾਲ ਕਰੋ: 403 680 0436



ਲੜਕੇ ਦੀ ਲੋੜ
ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੁਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 702 0424 ***210***



Need Nanny
Looking for a nanny live in or live out 5 days a week (Mon - Fri) to cook, clean, and babysit 2.5 year old baby girl & 7 year old baby boy.
**Salary: $13 - $15**
**Gurbinder Sohal**
City: Regina, SK
**Contact Number 306-520-4313**



Hiring
Hair and face art salon islooking for hair-dresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com



ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615



ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ
ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।
aerosignandprintinc@gmail.com



ਡਰਾਇਵਰਾਂ ਦੀ ਲੋੜ
Gagan Express LTD o/a VB Ace of Spades is now
Hiring Class 1 long haul driver
Minimum 1 year experience required
Benefits and competitive pay rate plus safety bonus
Contact :
Kanwar Brar
Hiring@vbaspades.com



ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ
ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।
**ਸੰਪਰਕ : 587 854 3124**



Need Office Manager/Assistant
Hiring for a office manager/assistant who has prior proven experience in the field of law. Preference will be given to individuals who can speak and write Punjabi/ Hindi and English at a expert level. This position can be permanent full time. Interested candidates are encouraged to share resume and cover letter at :
info@targetlaw.ca


# ਸੱਜਰੇ ਵਰ੍ਹੇ ਦੀ ਆਮਦ

**ਨਵਾਂ ਸਾਲ ਚੜ੍ਹਨ ਤੋਂ ਪਹਿਲਾਂ ਆਪਸ ਵਿੱਚ ਪੈਦਾ ਹੋਏ ਗਲਤ ਵਿਚਾਰ ਸੁਲਝਾਅ ਲੈਣੇ ਚਾਹੀਦੇ ਹਨ । ਜ਼ਮੀਨੀ ਝਗੜੇ ਨੂੰ ਲੈ ਕੇ ਜੇ ਭਰਾ ਭਰਾ ਵਿੱਚ ਤਕਰਾਰ ਹੈ ਤਾਂ ਉਸ ਨੂੰ ਪਿਆਰ ਨਾਲ ਸੁਲਝਾਓ। ਅਕਸਰ ਕਈ ਵਾਰ ਦੇਖਣ ਵਿਚ ਵੀ ਆਉਂਦਾ ਹੈ ਕਿ ਵੈਰ ਵਿਰੋਧ ਕਾਰਨ ਭਰਾ ਭਰਾ ਦੀ ਸਕਲ ਦੇਖਣਾ ਪਸੰਦ ਨਹੀਂ ਕਰਦਾ ।ਦੋਵਾਂ ਨੂੰ ਗੱਲਬਾਤ ਲਈ ਮੁੱਦਤਾਂ ਹੋ ਜਾਂਦੀਆਂ ਹਨ।**

ਅਸੀਂ ਸਾਲ ਦੇ ਆਖਰੀ ਮਹੀਨੇ ਵਿਚੋਂ ਗੁਜਰ ਰਹੇ ਹਾਂ ।ਪੂਰਾ ਸਾਲ ਪਤਾ ਹੀ ਨਹੀਂ ਲੱਗਦਾ ਕਿਵੇਂ ਗੁਜਰ ਜਾਂਦਾ ਹੈ। ਸਾਲ ਵਿੱਚ ਜਾਣੇ ਅਣਜਾਣੇ ਵਿੱਚ ਸਾਡੇ ਕੋਲੋਂ ਬਹੁਤ ਗਲਤੀਆਂ ਹੁੰਦੀਆਂ ਹਨ। ਕਈ ਵਾਰ ਅਸੀਂ ਅਜਿਹੇ ਸਬਦਾਂ ਦੀ ਵਰਤੋਂ ਕਰਦੇ ਹਾਂ ਜੋ ਕਿਸੇ ਦਾ ਤਨ ਮਨ ਫੂਕ ਦਿੰਦੇ ਹਨ ।ਆਓ ਸਾਲ ਦੇ ਆਖਰੀ ਦਿਨਾਂ ਆਪਣੇ ਅੰਦਰ ਝਾਤੀ ਮਾਰੀਏ ਕਿ ਅਸੀਂ ਕਿਹੜੇ ਕਿਹੜੇ ਸੱਜਣਾਂ ਦਾ ਦਿਲ ਦੁਖਾਇਆ , ਜਿਸ ਕਾਰਨ ਉਹ ਸੱਜਣ ਸਾਡੇ ਕੋਲੋਂ ਦੂਰ ਚਲੇ ਗਏ। ਵਿਚਾਰੀਏ ਕਿ ਅਜਿਹੇ ਸੱਜਣ ਸਾਡੇ ਨਾਲ ਕਿਉਂ ਗੱਲਬਾਤ ਕਰਨਾ ਛੱਡ ਗਏ ।ਸਾਡੀ ਕਿਹੜੀ ਅਜਿਹੀ ਗਲਤੀ ਸੀ, ਜਿਸ ਕਾਰਨ ਅਜਿਹੇ ਸੱਜਣ ਸਾਡੇ ਕੋਲੋ ਦੂਰ ਹੁੰਦੇ ਚਲੇ ਗਏ। ਉਹਨਾਂ ਲੋਕਾਂ ਤੋਂ ਮੁਆਫੀ ਮੰਗੀਏ ਜਿੰਨਾ ਦਾ ਸਾਡੇ ਕਰ ਕੇ ਦਿਲ ਦੁਖਿਆ ।ਅਕਸਰ ਬੱਚੇ ਵੀ ਬਹੁਤ ਗਲਤੀਆਂ ਕਰ ਜਾਂਦੇ ਹਨ। ਉਹ ਮਾਂ ਬਾਪ ਤੇ ਮਾਸਟਰਾਂ ਨਾਲ ਵੀ ਝੂਠ ਬੋਲ ਜਾਂਦੇ ਹਨ। ਛੋਟੇ ਬੱਚੇ ਵੀ ਪ੍ਰਣ ਕਰੀਏ ਕਿ ਨਵੇਂ ਵਰ੍ਹੇ 'ਚ ਬਿਲਕੁਲ ਵੀ ਝੂਠ ਨਹੀਂ ਬੋਲਣਾ। ਜਿਸ ਕਾਰਨ ਸਾਡੇ ਮਾਂ-ਬਾਪ ਸਾਡੇ ਨਾਲੋਂ ਗੁੱਸਾ ਹੋ ਜਾਣ।

ਅਕਸਰ ਕਈ ਘਰਾਂ ਵਿੱਚ ਆਮ ਦੇਖਣ ਨੂੰ ਆਉਂਦਾ ਹੈ ਕਿ ਘਰ ਵਿੱਚ ਨੂੰਹ-ਸੱਸ ਆਪਸ ਵਿੱਚ ਕਈ ਵਰ੍ਹਿਆਂ ਤੋਂ ਨਹੀਂ ਬੋਲੀਆਂ । ਜਾਂ ਨਣਦ ਭਰਜਾਈ ਦੀ ਆਪਸ ਵਿਚ ਨਹੀਂ ਬਣਦੀ ।ਉਨ੍ਹਾਂ ਵਿੱਚ ਮਨ-ਮੁਟਾਵ ਚਲਦਾ ਰਹਿੰਦਾ ਹੈ। ਪਿਓ ਪੁੱਤਰ ਦੀ ਵੀ ਆਪਸ ਵਿੱਚ ਅਣਬਣ ਹੁੰਦੀ ਹੈ। ਨਵਾਂ ਸਾਲ ਚੜ੍ਹਨ ਤੋਂ ਪਹਿਲਾਂ ਆਪਸ ਵਿੱਚ ਪੈਦਾ ਹੋਏ ਗਲਤ ਵਿਚਾਰ ਸੁਲਝਾਅ ਲੈਣੇ ਚਾਹੀਦੇ ਹਨ ।ਜਮੀਨੀ ਝਗੜੇ ਨੂੰ ਲੈ ਕੇ ਜੇ ਭਰਾ ਭਰਾ ਵਿੱਚ ਤਕਰਾਰ ਹੈ ਤਾਂ ਉਸ ਨੂੰ ਪਿਆਰ ਨਾਲ ਸੁਲਝਾਓ। ਅਕਸਰ ਕਈ ਵਾਰ ਦੇਖਣ ਵਿਚ ਵੀ ਆਉਂਦਾ ਹੈ ਕਿ ਵੈਰ ਵਿਰੋਧ ਕਾਰਨ ਭਰਾ ਭਰਾ ਦੀ ਸਕਲ ਦੇਖਣਾ ਪਸੰਦ ਨਹੀਂ ਕਰਦਾ ।ਦੋਵਾਂ ਨੂੰ ਗੱਲਬਾਤ ਲਈ ਮੁੱਦਤਾਂ ਹੋ ਜਾਂਦੀਆਂ ਹਨ। ਜੇ ਪਰਿਵਾਰ ਵਿੱਚ ਕੋਈ ਘਟਨਾ ਵਾਪਰ ਜਾਂਦੀ ਹੈ ਤਾਂ ਫਿਰ ਬਾਅਦ ਵਿੱਚ ਪਛਤਾਵਾ ਹੀ ਹੁੰਦਾ ਹੈ,ਕਿ ਜੇ ਮੈਂ ਆਪਣੀ ਅੜੀ ਛਡ ਕੇ ਭਰਾ ਨਾਲ ਗੱਲਬਾਤ ਕਰਦਾ ਤਾਂ ਮਸਲਾ ਹੱਲ ਹੋ ਸਕਦਾ ਸੀ। ਪਛਤਾਉਣ ਦਾ ਕੋਈ ਫਾਇਦਾ ਨਹੀਂ ਰਹਿੰਦਾ ।ਜੋ ਪਾਣੀ ਪੁਲਾਂ ਤੋਂ ਇਕ ਵਾਰੀ ਲੰਘ ਜਾਂਦਾ ਹੈ, ਉਹ ਵਾਪਸ ਮੁੜ ਕੇ ਨਹੀਂ ਆਉਂਦਾ ।ਜਦੋਂ ਪਰਿਵਾਰਾਂ ਵਿੱਚ ਤਕਰਾਰ ਹੁੰਦਾ ਹੈ ਤਾਂ ਹੋਰ ਬੰਦੇ ਇਸ ਦਾ ਫਾਇਦਾ ਉਠਾਉਂਦੇ ਹਨ। ਸਾਡਾ ਕਿਸੇ ਗੱਲ ਕਰਕੇ ਆਂਢ-ਗੁਆਂਢ ਵਿਚ ਤਕਰਾਰ ਹੈ, ਤਾਂ ਮਾਫੀ ਮੰਗ ਲਵੋ ।ਗਲਤੀ ਕਰਨ ਨਾਲੋਂ ਮੁਆਫ ਕਰਨ ਵਾਲਾ ਵੱਡਾ ਹੁੰਦਾ ਹੈ। ਅਕਸਰ ਅਸੀਂ ਆਮ ਸੁਣਦੇ ਵੀ ਹਨ ਕਿ ਜੇ ਘਰ ਵਿਚ ਕੋਈ ਘਟਨਾ ਹੋ ਜਾਂਦੀ ਹੈ ਤਾਂ ਗੁਆਂਢੀ ਸਭ ਤੋਂ ਪਹਿਲੀ ਆਉਂਦੇ ਹਨ, ਰਿਸਤੇਦਾਰਾਂ ਨੂੰ ਆਉਣ ਵਿੱਚ ਸਮਾਂ ਲੱਗ ਜਾਂਦਾ ਹੈ। ਕੋਈ ਵੀ ਰਿਸਤਾ ਹੈ ਉਸ ਦੀ ਸਮਾਂ ਰਹਿੰਦਿਆਂ ਕਦਰ ਕਰੀਏ। ਪ੍ਰਣ ਦਾ ਮਤਲਬ ਇਹ ਹੈ ਕਿ ਸਾਡੇ ਕੋਲੋਂ ਜੇ ਕਿਸੇ ਦਾ ਵੀ ਦਿਲ ਦੁਖੀ ਹੋਇਆ ਹੈ ਜਾਂ ਅਸੀਂ ਅਜਿਹੀ ਸਬਦਾਵਲੀ ਪ੍ਰਯੋਗ ਹੋਈ ਹੈ। ਤਾਂ ਨਵੇਂ ਵਰ੍ਹੇ ਤੇ ਆਪਣੀ ਜੁਬਾਨ ਤੇ ਕੰਟਰੋਲ ਰੱਖੀਏ । ਕਿਹਾ ਵੀ ਜਾਂਦਾ ਹੈ ਕਿ 'ਪਹਿਲਾਂ ਤੋਲੋ, ਫਿਰ ਬੋਲੋ'। ਜੇ ਗਲਤ ਬੋਲਾਂਗੇ, ਤਾਂ ਰਿਸਤਿਆਂ ਵਿਚ ਕੁੜੱਤਣ ਪੈਦਾ ਹੋਵੇਗੀ। ਹਮੇਸਾ ਸਾਫ-ਸੁਥਰੀ ਬੋਲੀ ਵਰਤੀਏ। ਜੇ ਅਸੀਂ ਵਧੀਆ ਸਬਦਾਂ ਦੀ ਵਰਤੋਂ ਕਰਾਂਗੇ, ਤਾਂ ਸਾਡੇ ਰਿਸਤੇ ਬਹੁਤ ਚਮਕਣਗੇ।

**ਸੰਜੀਵ ਸਿੰਘ ਸੈਣੀ,**
**ਮੋਹਾਲੀ 7888966168**

# ਕਾਨਾਟਾ ਨੂੰ ਕੈਨੇਡਾ ਬਨਣਾ ਬਹੁਤ ਭਾਰੀ ਪਿਆ



ਜਗਦੇਵ ਸਿੱਧੂ
403 351 1136

**ਅਕਾਡੀਅਨ = ਜਿਸ ਖਿੱਤੇ ਵਿਚ ਹੁਣ ਨਿਊ ਬਰੁੰਜ਼ਵਿਕ ਅਤੇ ਨੋਵਾ ਸਕੋਸ਼ੀਆ ਸੂਬੇ ਹਨ, ਇਸ ਥਾਂ ਤੇ ਓਦੋਂ ਅਕਾਡੀਅਨ ਕਬੀਲੇ ਦੇ ਲੋਕ ਰਹਿੰਦੇ ਸਨ। ਜਦੋਂ ਬਰਤਾਨਵੀ ਏਥੇ ਆਏ ਤਾਂ ਉਨ੍ਹਾਂ ਨੇ 8,000 ਅਕਾਡੀਅਨ ਮਰਦਾਂ, ਔਰਤਾਂ ਅਤੇ ਬੱਚਿਆਂ ਨੂੰ ਘੇਰ ਕੇ ਸਮੁੰਦਰੀ ਜਹਾਜ਼ਾਂ ਵਿਚ ਤਾੜ ਕੇ ਹੁਣ ਦੇ ਸੰਯੁਕਤ ਰਾਜ ਅਮਰੀਕਾ ( U.S.A. ) ਵਿਚਲੀਆਂ ਕੋਲੋਨੀਆਂ ਦੀਆਂ ਬੰਦਰਗਾਹਾਂ ਵਿਚ ਭੇਜ ਦਿੱਤਾ। ਇਨ੍ਹਾਂ ਦੀਆਂ ਫਸਲਾਂ ਅਤੇ ਇਨ੍ਹਾਂ ਦੇ ਪਿੰਡਾਂ ਨੂੰ ਅੱਗ ਲਾ ਕੇ ਤਬਾਹ ਕਰ ਦਿੱਤਾ। ਜਹਾਜ਼ਾਂ ਵਿਚ ਤੁੰਨੇ ਅਕਾਡੀਅਨ ਗਰਮੀ ਕਾਰਨ ਬੀਮਾਰੀ ਦਾ ਸ਼ਿਕਾਰ ਹੋਏ। ਇਨ੍ਹਾਂ ਨੇ ਧੱਕੇਸ਼ਾਹੀ ਦਾ ਵਿਰੋਧ ਵੀ ਕੀਤਾ। ਸੈਂਕੜੇ ਅਕਾਡੀਅਨ ਘੇਰੇ ਵਿੱਚੋਂ ਨਿਕਲ ਕੇ ਜੰਗਲਾਂ ਵਿਚ ਜਾ ਛੁਪੇ। ਇੱਕ ਜਹਾਜ਼ ਨੂੰ ਤਾਂ ਬਾਗੀ ਹੋ ਕੇ ਆਨੇ ਆਲ਼ੀ ਥਾਂ ਮੋੜ ਵੀ ਲਿਆਏ ਸਨ। ਇਸ ਵਰਤਾਰੇ ਨੇ ਇਨ੍ਹਾਂ ਲੋਕਾਂ ਅੰਦਰ ਏਕਤਾ ਬਹਾਲ ਕਰਨ ਦਾ ਕੰਮ ਕੀਤਾ।**

ਯੂਰਪੀਨ ਲੋਕਾਂ ਦੇ ਆਉਣ ਤੋਂ ਪਹਿਲਾਂ ਉੱਤਰੀ ਅਮਰੀਕਾ, ਖਾਸ ਕਰ ਕੇ ਹੁਣ ਵਾਲੇ ਕੈਨੇਡਾ ਅੰਦਰ ਮੁੱਦਤਾਂ ਤੋਂ ਰਹਿਣ ਵਾਲੇ ਮੂਲਨਿਵਾਸੀ ਸੁੱਖੀਂ-ਸਾਂਦੀਂ ਵਸਦੇ ਸਨ। ਪਰ ਉਸ ਤੋਂ ਪਹਿਲਾਂ ਇਨ੍ਹਾਂ ਲੋਕਾਂ ਦੀਆਂ ਲੋਕ-ਕਥਾਵਾਂ ਵਿਚ ਇਸ਼ਾਰੇ ਮਿਲਦੇ ਹਨ ਕਿ ਬਾਹਰੋਂ ਆਉਣ ਵਾਲੇ ਲੋਕ ਇਨ੍ਹਾਂ ਮੂਲਨਿਵਾਸੀਆਂ ਦੀ ਬਰਬਾਦੀ ਦਾ ਕਾਰਨ ਬਨਣਗੇ। ਸਿਕਸਿਕਾ (ਬਲੈਕਫੁੱਟ) ਲੋਕਾਂ ਦੀ ਇੱਕ ਦੰਦ-ਕਥਾ ਇਉਂ ਹੈ ਕਿ ਨਾਪੀ ਨੇ ਦੁਨੀਆਂ ਦੀ ਸਿਰਜਣਾ ਕੀਤੀ। ਉਸ ਨੇ ਇੱਕ ਹੱਥ ਵਿਚਲੀ ਚੀਜ਼ ਇਨ੍ਹਾਂ ਨੂੰ ਦਿੱਤੀ - ਇਹ ਸੀ ਇਨ੍ਹਾਂ ਦਾ ਸਭਿਆਚਾਰ। ਦੂਜੇ ਹੱਥ ਵਿਚਲੀ ਚੀਜ਼ ਦੇ ਕੇ ਖ਼ਬਰਦਾਰ ਕੀਤਾ ਕਿ ਇਸ ਨੂੰ ਕਦੇ ਵੀ ਵਰਤਣਾ ਨਹੀਂ, ਜੇ ਵਰਤਿਆ ਤਾਂ ਲੋਕ ਮਰਨਗੇ। ਦੂਜੇ ਹੱਥ ਵਿਚਲੀ ਇਹ ਚੀਜ਼ ਸੀ - ਸਫੈਦ ਆਦਮੀ, ਯੂਰਪੀਨ ਲੋਕਾਂ ਦਾ ਧਰਮ (ਈਸਾਈ)।

ਆਨਿਸ਼ੀਨਾਬੇ ਕਬੀਲਿਆਂ ਦੇ ਲੋਕਾਂ ਅੰਦਰ ਸੱਤ ਅਗਨੀਆਂ (Seven Fires ) ਨਾਂ ਦੀਆਂ ਸੱਤ ਭਵਿੱਖਬਾਣੀਆਂ ਪ੍ਰਚਲਤ ਹਨ। ਹਰੇਕ ਅਗਨੀ ਉੱਤਰੀ ਅਮਰੀਕਾ ਵਿਚਲੇ ਨਿਵਾਸੀਆਂ ਦੇ ਇਤਿਹਾਸਕ ਕਾਲ ਬਾਰੇ ਹੈ। ਪਹਿਲੀਆਂ ਤਿੰਨ ਅਗਨੀਆਂ ਯੂਰਪੀਨ ਲੋਕਾਂ ਦੀ ਆਮਦ ਤੋਂ ਪਹਿਲਾਂ ਦੇ ਸਮੇਂ ਬਾਰੇ ਹਨ ਜਿਸ ਮੁਤਾਬਕ ਇੱਥੋਂ ਦੇ ਲੋਕ ਅਮਨਚੈਨ ਨਾਲ ਰਹਿੰਦੇ ਵਸਦੇ ਸਨ, ਖ਼ੁਰਾਕ ਲਈ ਪੱਛਮ ਵੱਲ ਪਲਾਇਣ ਕਰਦੇ ਸਨ। ਚੌਥੀ ਅਗਨੀ ਚਿੱਟੀ ਚਮੜੀ ਵਾਲਿਆਂ ਦੀ ਆਮਦ ਬਾਰੇ ਹੈ। ਉਹ ਬਾਹਰਲੇ ਲੋਕ ਇਨ੍ਹਾਂ ਲਈ ਮੁਸੀਬਤਾਂ, ਦੁੱਖ ਤਕਲੀਫਾਂ ਅਤੇ ਮੌਤ ਦਾ ਕਾਰਨ ਬਨਣਗੇ। ਪੰਜਵੀਂ ਅਗਨੀ ਲੜਾਈਆਂ ਅਤੇ ਆਫ਼ਤਾਂ ਦੀ ਪੇਸ਼ੀਨਗੋਈ ਕਰਦੀ ਹੈ। ਛੇਵੀਂ ਅਗਨੀ ਦੀ ਭਵਿੱਖਬਾਣੀ ਹੈ ਕਿ ਉਸ ਕਾਲ਼ ਵਿਚ ਬਾਹਰਲੀ ਨਸਲ ਮੌਤ ਦਾ ਮੁਖੌਟਾ ਪਾ ਕੇ ਆਵੇਗੀ, ਬੀਮਾਰੀਆਂ ਨਾਲ ਹੀ ਆਉਣਗੀਆਂ, ਬੱਚਿਆਂ ਨੂੰ ਜਬਰੀ ਪਰਿਵਾਰਾਂ ਤੋਂ ਦੂਰ ਲਿਜਾਇਆ ਜਾਵੇਗਾ, ਪੁਰਖਿਆਂ ਦੀਆਂ ਨਸੀਹਤਾਂ ਭੁੱਲ ਜਾਣਗੀਆਂ, ਪਰਿਵਾਰ ਟੁੱਟ ਜਾਣਗੇ। ਸੱਤਵੀਂ ਅਗਨੀ ਦੇ ਸਮੇਂ ਨੌਜਵਾਨ ਉੱਠ ਕੇ ਹੰਭਲ਼ਾ ਮਾਰਨਗੇ, ਆਪਣੇ ਪੁਰਾਤਨ ਵਿਰਸੇ ਵੱਲ ਪਰਤਣਗੇ, ਵਡੇਰਿਆਂ ਤੋਂ ਅਗਵਾਈ ਲੈਣਗੇ। ਜੇ ਉਹ ਨੌਜਵਾਨ ਆਪਣਾ ਰਸਤਾ ਬਨਾਉਣਗੇ ਤੇ ਕਾਮਯਾਬ ਹੋਣਗੇ ਤਾਂ ਅਨਿਸ਼ੀਨਾਬੇ ਕੌਮ ( Nation ) ਦਾ ਪੁਨਰ-ਜਨਮ ਹੋਵੇਗਾ। ਪਰ ਜੇ ਕਾਮਯਾਬ ਨਾ ਹੋਏ ਤਾਂ ਉਨ੍ਹਾਂ ਦੇ ਕਬੀਲਿਆਂ ਦੇ ਸਾਰੇ ਲੋਕ ਵੀ ਅਸਫਲਤਾ ਦੇ ਸਿੱਟੇ ਭੁਗਤਣਗੇ।

ਅੱਗੇ ਜਾ ਕੇ ਅਸੀਂ ਇਹ ਵੇਖਾਂਗੇ ਕਿ ਇਹ ਦੰਦ-ਕਥਾਵਾਂ ਤੇ ਭਵਿੱਖਬਾਣੀਆਂ ਸਹੀ ਸਾਬਤ ਹੋਣਗੀਆਂ।( ਸਾਡੇ ਓਧਰ ਪੰਜਾਬ ਵਿਚ ਵੀ ਕੁਛ ਇਸੇ ਕਿਸਮ ਦੀਆਂ ਭਵਿੱਖਬਾਣੀਆਂ ਕਿਸੇ ਅਣ-ਦੇਖੀ ਸੌ ਸਾਖੀ ਦਾ ਹਵਾਲਾ ਦੇ ਕੇ ਸੁਨਣ ਵਿਚ ਆਈਆਂ ਸਨ)। ਸੋ ਹੁਣ ਇਹ ਸਮਾਂ ਸ਼ੁਰੂ ਹੁੰਦਾ ਹੈ ਫਰਾਂਸੀਸੀਆਂ ਦੀ ਆਮਦ ਦੇ ਨਾਲ। ਪਹਿਲਾਂ 1500 ਦੇ ਨੇੜੇ-ਤੇੜੇ ਪੁਰਤਗਾਲੀ ਆਏ ਜੋ ਲੈਬਰੇਡਾਰ ਤੱਕ ਪਹੁੰਚੇ। ਉਨ੍ਹਾਂ ਨੇ ਇਸ ਤਟੀ ਇਲਾਕੇ ਜਾਂ ਟਾਪੂ ਦਾ ਨਾਂ ਕਿਸਾਨਾਂ ਦੀ ਧਰਤੀ ( Tierra del Laverador ) ਰੱਖਿਆ। ਪਰ ਉਹ ਇੱਥੇ ਟਿਕੇ ਨਹੀਂ। ਇਸ ਟਾਪੂ ਦੇ ਮੂਲਨਿਵਾਸੀਆਂ ਦੇ ਚਿਹਰਿਆਂ ਤੇ ਸੰਧੂਰ ਮਲ਼ਿਆ ਹੁੰਦਾ ਸੀ। ਫੇਰ 1534 ਈ. ਵਿਚ ਫਰਾਂਸ ਤੋਂ ਜ਼ਾਕ ਕਾਰਟੀਅਰ ਨਾਂ ਦਾ ਯਾਤਰੀ ਆਗੂ ਆਪਣੇ ਟੋਲੇ ਸਮੇਤ ਸਮੁੰਦਰੀ ਰਸਤੇ ਇੱਥੋਂ ਦੇ ਪੂਰਬੀ ਤਟ ਉਪਰ ਉਸ ਖਾੜੀ ਤੇ ਪਹੁੰਚਿਆ ਜੋ ਹੁਣ ਸੇਂਟ ਲਾਰੈਂਸ ਦੀ ਖਾੜੀ ਵਜਦੀ ਹੈ। 30 ਜੂਨ, 1534 ਨੂੰ ਉਹ ਹੁਣ ਦੇ ਪ੍ਰਿੰਸ ਐਡਵਰਡ ਆਈਲੈਂਡ ( P, E. I. ) ਦੇ ਉੱਤਰ-ਪੂਰਬੀ ਤਟ ਤੇ ਪਹੁੰਚਿਆ। ਅਗਲੇ ਦਿਨ ਉਸ ਦੀ ਟੋਲੀ ਨੂੰ ਵੇਖਣ ਸਾਰ ਮਿਕਮਾਅ ਕਬੀਲੇ ਦਾ ਇੱਕ ਆਦਮੀ ਭੱਜ ਨਿਕਲਿਆ। ਜ਼ਾਕ ਕਾਰਟੀਅਰ ਨੇ ਇੱਕ ਡੰਡੇ ਉਪਰ ਚਾਕੂ ਅਤੇ ਊਨੀ ਵੱਧਰੀ ( Belt ) ਟੰਗ ਕੇ ਇਸ ਨੂੰ ਜ਼ਮੀਨ ਵਿਚ ਗੱਡ ਦਿੱਤਾ ਅਤੇ ਆਪਣੇ ਜਹਾਜ਼ ਵੱਲ ਮੁੜ ਗਿਆ। 6 ਜੁਲਾਈ ਨੂੰ ਮੂਲਨਿਵਾਸੀਆਂ ਸਾਹਮਣੇ ਕਾਰਟੀਅਰ ਨੇ ਦੋ ਗੋਲ਼ੀਆਂ ਦਾਗੀਆਂ ਜਿਸ ਤੋਂ ਡਰ ਕੇ ਉਹ ਫੇਰ ਭੱਜ ਗਏ। ਉਸ ਤੋਂ ਅਗਲੇ ਦਿਨ ਉਸ ਨੇ ਸੁਲਾਹ ਦੇ ਇਸ਼ਾਰੇ ਨਾਲ ਉਨ੍ਹਾਂ ਨੂੰ ਆਪਣੇ ਪਾਸ ਬੁਲਾ ਕੇ ਚਾਕੂ ਅਤੇ ਲੋਹੇ ਦੀਆਂ ਹੋਰ ਵਰਤਣ ਵਾਲੀਆਂ ਵਸਤਾਂ ਦਿੱਤੀਆਂ ਜਿੰਨ੍ਹਾਂ ਨੂੰ ਲੈ ਕੇ ਉਹ ਖ਼ੁਸ਼ੀ ਨਾਲ ਨੱਚ ਉੱਠੇ। ਉਨ੍ਹਾਂ ਨੇ ਆਪਣੇ ਖੱਲਾਂ ਦੇ ਕੱਪੜੇ ਲਾਹ ਕੇ ਕਾਰਟੀਅਰ ਨੂੰ ਦੇ ਦਿੱਤੇ ਅਤੇ ਆਪ ਨੰਗ-ਧੜੰਗੇ ਵਾਪਸ ਘਰਾਂ ਨੂੰ ਚਲੇ ਗਏ। ਕਈ ਦਿਨਾਂ ਮਗਰੋਂ ਕਾਰਟੀਅਰ 300 ਹੋਰ ਮਿਕਮਾਅ ਆਦਮੀਆਂ ਨੂੰ ਮਿਲਿਆ। ਉਨ੍ਹਾਂ ਨੇ ਫਰਾਂਸੀਸੀਆਂ ਨੂੰ ਸੀਲ ਦਾ ਮਾਸ ਭੁੰਨ ਕੇ ਖਵਾਇਆ। ਫਰਾਂਸੀਸੀਆਂ ਨੇ ਉਨ੍ਹਾਂ ਨੂੰ ਦਸਤਾਨੇ, ਚਾਕੂ ਤੇ ਕੁੱਝ ਹੋਰ ਵਸਤਾਂ ਦਿੱਤੀਆਂ। ਬਦਲੇ ਵਿਚ ਮਿਕਮਾਅ ਨੇ ਇਨ੍ਹਾਂ ਓਪਰੇ ਬੰਦਿਆਂ ਨੂੰ ਜੱਤ ਅਤੇ ਖੱਲ ਦੇ ਕੱਪੜੇ ਦਿੱਤੇ।

ਕਾਨਾਟਾ = ਕਾਰਟੀਅਰ ਨੇ ਆਬਾਦੀ ਵਾਲੇ ਘਰਾਂ ਵੱਲ ਇਸ਼ਾਰਾ ਕਰ ਕੇ ਇੱਕ ਇਰੁਕਵਾਇਨ ਮੁੰਡੇ ਤੋਂ ਉਸ ਬਸਤੀ ਦਾ ਨਾਂ ਪੁੱਛਿਆ ਤਾਂ ਮੁੰਡੇ ਨੇ ਕਿਹਾ ਕਾਨਾਟਾ। ਇਰੁਕਵਾਇਨ ਭਾਸ਼ਾ ਵਿਚ ਪਿੰਡ ਨੂੰ ਕਾਨਾਟਾ ਕਹਿੰਦੇ ਸਨ। ਕਾਰਟੀਅਰ ਨੇ ਸਮਝਿਆ ਇਹੋ ਇਸ ਧਰਤੀ ਦਾ ਨਾਂ ਹੈ। ਸੋ ਉਸ ਨੇ ਇਸ ਨਾਂ ਨੂੰ ਫਰੈਂਚ ਭਾਸ਼ਾ ਵਿਚ ਕੈਨੇਡਾ ਲਿਖ ਲਿਆ। ਬੱਸ ਇੱਥੋਂ ਹੀ ਮਹਾਂਦੀਪ ਦੇ ਇਸ ਵਿਸ਼ਾਲ ਖਿੱਤੇ ਦਾ ਨਾਂ ਕੈਨੇਡਾ ਪੱਕ ਗਿਆ ਜੋ ਮਗਰੋਂ ਇਸ ਮੁਲਕ ਦਾ ਵੀ ਨਾਂ ਹੋ ਨਿੱਬੜਿਆ। ਇਨ੍ਹਾਂ ਲੋਕਾਂ ਨੂੰ ਮਿਲਣ ਤੋਂ ਬਾਦ ਕਾਰਟੀਅਰ ਸ਼ੁਲੋਹ ਬੇਅ ਤੋਂ ਉੱਤਰ ਵੱਲ ਸਟੈਡਾਕੋਨਾ ਨਾਂ ਦੇ ਪਿੰਡ ਵਿਖੇ ਉੱਥੋਂ ਦੇ ਇਰੁਕਵਾ ਨਿਵਾਸੀਆਂ ਨੂੰ ਮਿਲਿਆ। ਏਥੇ ਵੀ ਦੋਵੇਂ ਪਾਸੀਂ ਤੋਹਫ਼ਿਆਂ ਦਾ ਆਦਾਨ-ਪ੍ਰਦਾਨ ਹੋਇਆ।

ਮੋੜ੍ਹੀ-ਗੱਡ = ਇਸ ਥਾਂ ਤੇ ਕਾਰਟੀਅਰ ਨੇ ਕਰਾਸ ਗੱਡ ਕੇ ਇਸ ਇਲਾਕੇ ਧਰਤੀ ਉਪਰ ਫਰਾਂਸ ਦੇ ਬਾਦਸ਼ਾਹ ਦਾ ਅਧਿਕਾਰ ਜਤਾਇਆ, ਜਿਸ ਉੱਤੇ ਅੰਕਿਤ ਸੀ -ਫਰਾਂਸ ਦੇ ਬਾਦਸ਼ਾਹ ਦੀ ਲੰਮੀ ਉਮਰ ਹੋਵੇ ( LONG LIVE KING OF FRANCE )। ਸਟੈਡਾਕੋਨਾ ਦੇ ਮੁਖੀ ਡੋਨਾਕੋਨਾ ਨੇ ਇਸ ਤੇ ਸਖਤ ਇਤਰਾਜ਼ ਕੀਤਾ। ਉਸ ਨੇ ਆਪਣੇ ਤਿੰਨ ਪੁੱਤਰਾਂ ਅਤੇ ਇੱਕ ਭਰਾ ਦੀ ਹਾਜ਼ਰੀ ਵਿਚ ਚਾਰੇ ਪਾਸੇ ਇਸ਼ਾਰਾ ਕਰ ਕੇ ਕਿਹਾ ਕਿ ਇਹ ਸਾਰੀ ਧਰਤੀ ਸਾਡੀ ਮਲਕੀਅਤ ਹੈ ਅਤੇ ਫਰਾਂਸੀਸੀਆਂ ਨੂੰ ਇਹ ਕਰਾਸ ਉਨ੍ਹਾਂ ਦੀ ਆਗਿਆ ਤੋਂ ਬਿਨਾ ਨਹੀਂ ਸੀ ਗੱਡਣਾ ਚਾਹੀਦਾ। ਕਾਰਟੀਅਰ ਨੇ ਕਮੀਨਗੀ ਨਾਲ ਕਿਹਾ ਕਿ ਇਹ ਤਾਂ ਐਵੇਂ ਰਾਹ ਦਿਖਾਉਣ ਵਾਲਾ ਨਿਸ਼ਾਨ ਹੈ। ਇੱਥੇ ਇਹ ਉਲੇਖ ਕਰਨਾ ਅਣਉਚਿਤ ਨਹੀਂ ਹੋਵੇਗਾ ਕਿ ਜਦੋਂ ਵੀ ਕੋਈ ਕਿਸੇ ਧਰਤੀ, ਦੇਸ਼ ਜਾਂ ਖਿੱਤੇ ਤੇ ਕਬਜ਼ਾ ਕਰਦਾ ਸੀ ਤਾਂ ਇਹੋ ਰਵਾਇਤ ਸੀ ਜੋ ਕਿ ਲਿਖਤੀ ਇਤਿਹਾਸ ਤੋਂ ਪਹਿਲਾਂ ਦੇ ਸਮਿਆਂ ਤੋਂ ਪ੍ਰਚਲਤ ਰਹੀ ਲਗਦੀ ਹੈ। ਮਕਦੂਨੀਆਂ ਦਾ ਬਾਦਸ਼ਾਹ ਸਿਕੰਦਰ ਜਦੋਂ ਦੁਨੀਆਂ ਜਿੱਤਣ ਦੀ ਮੁਹਿੰਮ ਤੇ ਚੜ੍ਹਿਆ ਸੀ ਤਾਂ ਟਰੌਇ ਟੱਪਣ ਤੋਂ ਪਹਿਲਾਂ, ਮਗਰੋਂ ਅਤੇ ਟੱਪਣ ਦੌਰਾਨ ਬਲੀ ਦੇਣ ਦੀ ਰਸਮ ਉਪ੍ਰੰਤ ਕਿਨਾਰੇ ਤੇ ਬਰਛਾ ਗੱਡ ਕੇ ਜਿੱਤ ਕਾਇਮ ਕੀਤੀ ਸੀ। ਸਾਨੂੰ ਪਤਾ ਹੈ ਕਿ ਸਾਡੇ ਪੁਰਖਿਆਂ ਨੇ ਵੀ ਪਿੰਡ ਇਵੇਂ ਹੀ ਬੰਨ੍ਹੇ ਸਨ। ਉਹ ਕਿਸੇ ਬੇ-ਮੇਰੀ ਖਾਲੀ ਪਈ ਜ਼ਮੀਨ ਤੇ ਜਾ ਕੇ ਮੋੜ੍ਹੀ ਗੱਡ ਦਿੰਦੇ ਸਨ ਤੇ ਪਿੰਡ ਵਸਾ ਲੈਂਦੇ ਸਨ। ਪਿੰਡ ਵਸਾਉਣ ਵਾਲੇ ਨੂੰ ਮੋੜ੍ਹੀ-ਗੱਡ ਕਹਿੰਦੇ ਹਾਂ।

ਕਾਰਟੀਅਰ ਨੇ ਧੋਖੇ ਨਾਲ ਡੋਨਾਕੋਨਾ ਦੇ ਦੋ ਪੁੱਤਰਾਂ ਨੂੰ ਹਿਰਾਸਤ ਵਿਚ ਲੈ ਲਿਆ। ਉਨ੍ਹਾਂ ਨੂੰ ਫਰਾਂਸ ਲਿਜਾ ਕੇ ਬਾਦਸ਼ਾਹ ਅੱਗੇ ਨਵੀਂ ਧਰਤੀ ਲੱਭਣ ਦੇ ਸਬੂਤ ਵਜੋਂ ਪੇਸ਼ ਕੀਤਾ। ਅਗਲੇ ਗੇੜੇ ਉਨ੍ਹਾਂ ਨੂੰ ਵਾਪਸ ਲੈ ਆਇਆ ਸੀ। ਹੁਣ ਉਸ ਨੂੰ ਇਸ ਇਲਾਕੇ ਅਤੇ ਇੱਥੋਂ ਦੇ ਲੋਕਾਂ ਦਾ ਭੇਤ ਆ ਗਿਆ ਸੀ। ਉਸ ਨੇ ਬਿਨਾ ਕਿਸੇ ਦੀ ਆਗਿਆ, ਬਿਨਾ ਇਰੁਕਵਾਇਨ ਲੋਕਾਂ ਦੀ ਸਹਿਮਤੀ ਤੋਂ ਏਥੇ ਆਪਣਾ ਪੱਕਾ ਟਿਕਾਣਾ(ਕੈਂਪ) ਬਣਾ ਲਿਆ। ਕਾਰਟੀਅਰ 1536 ਈ. ਵਿਚ ਇੱਕ ਮੂਲਨਿਵਾਸੀ ਔਰਤ ਨੂੰ ਵਰਗਲਾ ਕੇ ਤੇ ਨਾਲ ਲੈ ਕੇ ਫਰਾਂਸ ਮੁੜ ਗਿਆ। ਉਹ 1541 ਵਿਚ ਫਿਰ ਏਧਰ ਆ ਗਿਆ। ਸਟੈਡਾਕੋਨਾ ਦੇ ਨੇੜੇ ਉਸ ਦੀ ਬਸਤੀ ਵਾਲੀ ਥਾਂ ਤੇ ਇਰੁਕਵਾਇਨ ਲੋਕਾਂ ਨੇ ਹਮਲਾ ਕਰ ਕੇ ਕਾਰਟੀਅਰ ਦੇ 35 ਜਾਂ ਵੱਧ ਬਸਤੀਵਾਦੀਆਂ ਨੂੰ ਮਾਰ ਮੁਕਾਇਆ। 1543 ਵਿਚ ਫਰਾਂਸੀਸੀ ਪਿੱਛੇ ਹਟ ਗਏ।

ਕੁਬੈੱਕ = 1599 ਵਿਚ ਫਰਾਂਸ ਦੇ ਬਾਦਸ਼ਾਹ ਨੇ ਪੀਰ ਸ਼ੋਵਿਨ ਅਤੇ ਉਸ ਦੇ ਸਹਿਯੋਗੀਆਂ ਨੂੰ ਏਥੇ ਜੱਤ ਵਗੈਰਾ ਦਾ ਵਪਾਰ ਕਰਨ ਦਾ ਏਕਾਧਿਕਾਰ ਦੇ ਦਿੱਤਾ। ਏਧਰ ਇਨੂ ਕਬੀਲੇ ਦੀ ਮਾਓਹਾਕ ਕਬੀਲੇ ਨਾਲ ਖਹਿਬਾਜ਼ੀ ਚਲੀ ਆਉਂਦੀ ਸੀ। ਫਰਾਂਸੀਸੀ ਵਪਾਰੀਆਂ ਨੇ ਇਨੂ ਲੋਕਾਂ ਦੀ ਮਦਦ ਕੀਤੀ, ਉਨ੍ਹਾਂ ਨੂੰ ਕੁਹਾੜੀਆਂ, ਚਾਕੂ ਤੇ ਹੋਰ ਹਥਿਆਰ ਦਿੱਤੇ। ਨਾਲ ਲਗਦੇ ਅਲਗੌਂਕਵਿਨ ਕਬੀਲੇ ਦੇ ਲੋਕਾਂ ਨੂੰ ਵੀ 1603 ਤੱਕ ਅਜਿਹੇ ਹਥਿਆਰ ਦਿੰਦੇ ਰਹੇ ਤੇ ਉਨ੍ਹਾਂ ਤੋਂ ਭੋਅ ਦੇ ਭਾਅ ਜੱਤ ਲੈ ਕੇ ਫਰਾਂਸ ਵਿਚ ਮੂੰਹ-ਮੰਗੇ ਭਾਅ ਤੇ ਵੇਚ ਕੇ ਮਾਲਾ-ਮਾਲ ਹੁੰਦੇ ਰਹੇ। ਯੂਰਪ ਵਿਚ ਜੱਤ ਦੀ ਮੰਗ ਜ਼ੋਰ ਫੜ ਗਈ ਜੋ ਇੱਥੋਂ ਦੇ ਬੀਵਰ ਵਰਗੇ ਜਾਨਵਰਾਂ ਦੀ ਮੌਤ ਦਾ ਸਬੱਬ ਬਣੀ। 1608 ਵਿਚ ਸੈਮੂਅਲ ਡੀ ਚਾਪਲਨ ਨੇ ਸਟੈਡਾਕੋਨਾ ਦੀ ਥਾਂ ਤੇ ਕੁਬੈੱਕ ਨਾਂ ਦਾ ਕਸਬਾ ਵਸਾਇਆ। ਅਸਲ ਵਿਚ ਸ਼ਬਦ ਇਰੁਕਵਾ ਅਲਗੌਂਕਵਿਨ ਭਾਸ਼ਾ ਦੇ ਸ਼ਬਦ ਹੀਰੋਕੋਆ ਦਾ ਵਿਗੜਿਆ ਰੂਪ ਹੈ ਜਿਸ ਦਾ ਅਰਥ ਹੈ ਮਾਰ-ਖੁੰਢੇ ਲੋਕ ( Killer People )। ਕੁਬੈੱਕ ਵੀ ਅਲਗੌਂਕਵਿਨ ਸ਼ਬਦ ਹੈ ਜਿਸਦਾ ਅਰਥ ਹੈ ਜਿੱਥੇ ਦਰਿਆ ਭੀੜਾ ਹੁੰਦਾ ਹੈ। ਕੁਬੈੱਕ ਨੂੰ ਕਿਲੇ-ਨੁਮਾ ਵਪਾਰਕ ਚੌਂਕੀ ਅਤੇ ਵਸੇਬੇ ਵਜੋਂ ਵਰਤਿਆ ਗਿਆ। ਪਹਿਲਾਂ ਏਥੇ ਤਕਰੀਬਨ 27 ਆਬਾਦਕਾਰ ਵਸੇ। 1608 ਤੇ 1659 ਦੇ ਦਰਮਿਆਨ 5,000 ਹਿਜਰਤੀ ਫਰਾਂਸ ਤੋਂ ਆ ਚੁੱਕੇ ਸਨ, ਜਿੰਨ੍ਹਾਂ ਵਿਚ 40 ਪ੍ਰਤੀਸ਼ਤ ਨੌਕਰ, 9 ਪ੍ਰਤੀਸ਼ਤ ਇਸਤਰੀਆਂ ਅਤੇ ਬਾਕੀ ਸਿਪਾਹੀ, ਬਸਤੀਵਾਦੀ ਨੌਕਰਸ਼ਾਹੀ, ਵਪਾਰੀ, ਸ਼ਿਲਪਕਾਰ, ਕਿਸਾਨ ਅਤੇ ਪਾਦਰੀ ਸਨ। 1663 ਵਿਚ ਬਾਦਸ਼ਾਹ ਲੂਈ ਚੌਧਵੇਂ ਨੇ ਸ਼ਾਹੀ ਫੁਰਮਾਨ ਜਾਰੀ ਕਰ ਕੇ ਇਸ ਬਸਤੀ ਨੂੰ ਫਰਾਂਸ ਦੇ ਸੂਬੇ ਦਾ ਦਰਜਾ ਦੇ ਦਿੱਤਾ। ਓਦੋਂ ਇਸ ਨੂੰ ਨਵਾਂ ਫਰਾਂਸ ਕਿਹਾ ਜਾਂਦਾ ਸੀ। 1660 ਤੋਂ 1700 ਤੱਕ ਫਰਾਂਸੀਸੀਆਂ ਦੀ ਗਿਣਤੀ 10,000 ਸੀ। ਦੇਖਾ-ਦੇਖੀ ਬਰਤਾਨੀਆਂ ਅਤੇ ਦੂਜੇ ਯੂਰਪੀ ਦੇਸ਼ਾਂ ਤੋਂ ਵਪਾਰੀ ਤੇ ਆਬਾਦਕਾਰ ਵੱਡੀ ਗਿਣਤੀ ਵਿਚ ਆਉਣੇ ਸ਼ੁਰੂ ਹੋ ਗਏ।

ਅਕਾਡੀਅਨ = ਜਿਸ ਖਿੱਤੇ ਵਿਚ ਹੁਣ ਨਿਊ ਬਰੁੰਜ਼ਵਿਕ ਅਤੇ ਨੋਵਾ ਸਕੋਸ਼ੀਆ ਸੂਬੇ ਹਨ, ਇਸ ਥਾਂ ਤੇ ਓਦੋਂ ਅਕਾਡੀਅਨ ਕਬੀਲੇ ਦੇ ਲੋਕ ਰਹਿੰਦੇ ਸਨ। ਜਦੋਂ ਬਰਤਾਨਵੀ ਏਥੇ ਆਏ ਤਾਂ ਉਨ੍ਹਾਂ ਨੇ 8,000 ਅਕਾਡੀਅਨ ਮਰਦਾਂ, ਔਰਤਾਂ ਅਤੇ ਬੱਚਿਆਂ ਨੂੰ ਘੇਰ ਕੇ ਸਮੁੰਦਰੀ ਜਹਾਜ਼ਾਂ ਵਿਚ ਤਾੜ ਕੇ ਹੁਣ ਦੇ ਸੰਯੁਕਤ ਰਾਜ ਅਮਰੀਕਾ ( U.S.A. ) ਵਿਚਲੀਆਂ ਕੋਲੋਨੀਆਂ ਦੀਆਂ ਬੰਦਰਗਾਹਾਂ ਵਿਚ ਭੇਜ ਦਿੱਤਾ। ਇਨ੍ਹਾਂ ਦੀਆਂ ਫਸਲਾਂ ਅਤੇ ਇਨ੍ਹਾਂ ਦੇ ਪਿੰਡਾਂ ਨੂੰ ਅੱਗ ਲਾ ਕੇ ਤਬਾਹ ਕਰ ਦਿੱਤਾ। ਜਹਾਜ਼ਾਂ ਵਿਚ ਤੁੱਨੇ ਅਕਾਡੀਅਨ ਗਰਮੀ ਕਾਰਨ ਬੀਮਾਰੀ ਦਾ ਸ਼ਿਕਾਰ ਹੋਏ। ਇਨ੍ਹਾਂ ਨੇ ਧੱਕੇਸ਼ਾਹੀ ਦਾ ਵਿਰੋਧ ਵੀ ਕੀਤਾ। ਸੈਂਕੜੇ ਅਕਾਡੀਅਨ ਘੇਰੇ ਵਿੱਚੋਂ ਨਿਕਲ ਕੇ ਜੰਗਲਾਂ ਵਿਚ ਜਾ ਛੁਪੇ। ਇੱਕ ਜਹਾਜ਼ ਨੂੰ ਤਾਂ ਬਾਗੀ ਹੋ ਕੇ ਆਨੇ ਆਲ਼ੀ ਥਾਂ ਮੋੜ ਵੀ ਲਿਆਏ ਸਨ। ਇਸ ਵਰਤਾਰੇ ਨੇ ਇਨ੍ਹਾਂ ਲੋਕਾਂ ਅੰਦਰ ਏਕਤਾ ਬਹਾਲ ਕਰਨ ਦਾ ਕੰਮ ਕੀਤਾ। ਇਨ੍ਹਾਂ ਵਿੱਚੋਂ ਜਿਹੜੇ ਫਰਾਂਸ ਵਿਚ ਭੇਜੇ ਗਏ ਸਨ, ਉਹ ਸਪੇਨੀਆਂ ਦੀ ਮਦਦ ਨਾਲ ਵਾਪਸ ਲੂਸੀਆਨਾ ਆ ਗਏ। 1764 ਤੋਂ ਬਾਦ ਇਨ੍ਹਾਂ ਸਾਰੇ ਖਿੰਡੇ-ਪੁੰਡੇ ਅਕਾਡੀਅਨਾਂ ਨੂੰ ਆਪਣੇ ਘਰੀਂ ਪਰਤਣ ਦੀ ਖੁੱਲ੍ਹ ਮਿਲੀ। ਪਰ ਘਰ ਤਾਂ ਪਹਿਲਾਂ ਹੀ ਤਬਾਹ ਕੀਤੇ ਜਾ ਚੁੱਕੇ ਸਨ। 1758 ਵਿਚ ਆਈਲੇ ਸੇਂਟ ਜੀਨ (ਹੁਣ P.5.9. ) ਵਿਚਲੇ ਅਕਾਡੀਅਨਾਂ ਨੂੰ ਇੰਗਲੈਂਡ ਤੇ ਫਰਾਂਸ ਭੇਜ ਦਿੱਤਾ ਸੀ ਜਿੰਨ੍ਹਾਂ ਵਿੱਚੋਂ ਇੱਕ ਹਜ਼ਾਰ ਓਦੋਂ ਮਾਰੇ ਗਏ ਜਦੋਂ ਇਨ੍ਹਾਂ ਦੇ ਭਰੇ ਤਿੰਨ ਜਹਾਜ਼ ਤੂਫਾਨੀ ਉੱਤਰੀ ਐਟਲਾਂਟਿਕ ਸਾਗਰ ਵਿਚ ਡੁੱਬ ਗਏ ਸਨ।

1763 ਵਿਚ ਬਰਤਾਨੀਆਂ ਦੇ ਬਾਦਸ਼ਾਹ ਨੇ ਸ਼ਾਹੀ ਫੁਰਮਾਨ ( Royal Declaration ) ਜਾਰੀ ਕੀਤਾ ਜਿਸ ਅਨੁਸਾਰ ਮੂਲ ਨਿਵਾਸੀਆਂ (ਸਮੇਤ ਆਸਟਰੇਲੀਆ, ਨਿਊਜ਼ੀਲੈਂਡ ਵਗੈਰਾ) ਦੀ ਜ਼ਮੀਨ ਉਪਰ ਉਨ੍ਹਾਂ ਦੀ ਸਹਿਮਤੀ ਤੋਂ ਬਿਨਾ ਨਾ ਕੋਈ ਸਰਵੇ ਕੀਤਾ ਜਾ ਸਕਦਾ ਸੀ ਤੇ ਨਾ ਹੀ ਖਰੀਦਿਆ ਜਾ ਸਕਦਾ ਸੀ। 1781 ਤੋਂ ਮਗਰੋਂ ਸਰਕਾਰ ( Crown ) ਨੇ ਮੂਲਨਿਵਾਸੀਆਂ ਨਾਲ ਸੰਧੀਆਂ ਕਰ ਕੇ ਜ਼ਮੀਨਾਂ ਹਥਿਆਉਣ ਦਾ ਰਾਹ ਖੋਲ੍ਹ ਦਿੱਤਾ। ਜਦੋਂ 1763 ਵਿਚ ਬਰਤਾਨੀਆਂ ਅਤੇ ਫਰਾਂਸ ਦਰਮਿਆਨ ਚੱਲ ਰਹੀ ਸੱਤ ਸਾਲਾ ਜੰਗ ਖ਼ਤਮ ਹੋਈ ਤਾਂ ਕੈਨੇਡਾ ਦੇ ਇਲਾਕੇ ਬਰਤਾਨੀਆਂ ਦੇ ਹਿੱਸੇ ਆ ਗਏ।

ਇਸ ਤੋਂ ਪਹਿਲਾਂ ਦੋਵਾਂ ਦਰਮਿਆਨ ਏਧਰ ਵੀ ਲੜਾਈ ਚਲਦੀ ਰਹੀ ਸੀ। ਇਸ ਲੜਾਈ ਸਮੇਂ ਕੁੱਝ ਨੇਟਿਵ ਕਬੀਲੇ ਅੰਗ੍ਰੇਜ਼ਾਂ ਦਾ ਤੇ ਕੁੱਝ ਫਰਾਂਸੀਸੀਆਂ ਦਾ ਸਾਥ ਦਿੰਦੇ ਰਹੇ ਸਨ। ਹੋਰ ਤਾਂ ਹੋਰ, ਜਦੋਂ ਵੀ ਪਹਿਲਾਂ ਪਹਿਲ ਯੂਰਪ ਤੋਂ ਲੋਕ ਆਏ ਤਾਂ ਮੂਲਨਿਵਾਸੀ ਉਨ੍ਹਾਂ ਦਾ ਸਾਥ ਦਿੰਦੇ ਰਹੇ, ਉਨ੍ਹਾਂ ਨੂੰ ਏਥੇ ਟਿਕਣ ਅਤੇ ਵਧਣ ਫੁਲਣ ਵਿਚ ਸਹਾਇਤਾ ਕਰਦੇ ਰਹੇ, ਉਨ੍ਹਾਂ ਨੂੰ ਏਥੋਂ ਦੇ ਜ਼ਮੀਨੀ ਅਤੇ ਦਰਿਆਈ ਰਸਤਿਆਂ ਤੋਂ ਜਾਣੂੰ ਕਰਵਾਉਂਦੇ ਰਹੇ, ਏਥੋਂ ਦੇ ਧਰਾਤਲ ਦੀ - ਮੈਦਾਨ, ਪਹਾੜ, ਜੰਗਲ, ਦਰਿਆ, ਝੀਲਾਂ, ਜਾਨਵਰ ਆਦਿ ਬਾਰੇ ਲੋੜੀਂਦੀ ਜਾਣਕਾਰੀ ਦਿੰਦੇ ਰਹੇ। ਸ਼ਿਕਾਰ ਕਰ ਕੇ ਉਨ੍ਹਾਂ ਨੂੰ ਭੋਜਨ ਵੀ ਦਿੰਦੇ ਰਹੇ, ਜੱਤ, ਖੱਲਾਂ ਤੇ ਹੱਡੀਆਂ ਵੀ ਨਫ਼ੇ ਦੇ ਵਪਾਰ ਲਈ ਦਿੰਦੇ ਰਹੇ।

ਭਵਿੱਖਬਾਣੀਆਂ = ਬਦਲੇ ਵਿਚ ਕੀ ਮਿਲਿਆ - ਰਿਜ਼ਰਵ, ਬੇਕਾਰ ਬੰਜਰ ਅਰਧ-ਪਥਰੀਲੀ ਜ਼ਮੀਨ ਦੇ ਟੁਕੜੇ। ਇਹ ਮੂਲਨਿਵਾਸੀ ਆਪਣੀ ਸਾਰੀ ਧਰਤੀ ਗੁਆ ਕੇ ਰਿਜ਼ਰਵ ਦੇ ਵਾਗਲ਼ਿਆਂ ਅੰਦਰ ਕੈਦ ਹੋ ਕੇ ਰਹਿ ਗਏ। ਬੀਵਰ, ਕੈਰੀਬੂ ਅਤੇ ਜੰਗਲੀ ਮੱਝਾਂ ਜੋ ਇਨ੍ਹਾਂ ਦੇ ਜੀਵਨ ਦਾ ਆਧਾਰ ਸਨ, ਖ਼ਤਮ ਹੋ ਗਏ। ਬਾਹਰੋਂ ਆਏ ਸੱਤਬਿਗਾਨਿਆਂ ਨੂੰ ਰਜਾਉਣ ਵਾਲੇ ਆਪ ਭੁੱਖੇ ਮਰਨ ਲੱਗੇ। ਫੇਰ ਨਾ ਇਨ੍ਹਾਂ ਨੂੰ ਵੋਟ ਦਾ ਹੱਕ ਦਿੱਤਾ ਗਿਆ, ਨਾ ਸਰਕਾਰ ਵਿਚ ਕੋਈ ਥਾਂ ਮਿਲੀ, ਇੱਥੋਂ ਤਕ ਕਿ ਇਨ੍ਹਾਂ ਨੂੰ ਸਰਕਾਰੀ ਰੈਜ਼ੀਡੈਂਟ ਦੀ ਆਗਿਆ ਤੋਂ ਬਿਨਾ ਰਿਜ਼ਰਵ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਸੀ। ਨਾ ਹੀ ਇਹ ਕੋਈ ਖੇਤੀ ਦੀ ਪੈਦਾਵਾਰ ਰਿਜ਼ਰਵ ਤੋਂ ਬਾਹਰ ਜਾ ਕੇ ਵੇਚ ਸਕਦੇ ਸਨ। ਇਨ੍ਹਾਂ ਲਈ ਘਟੀਆ ਦਰਜੇ ਦੀ ਸਿੱਖਿਆ ਅਤੇ ਸਿਹਤ ਸੰਭਾਲ ਦੀ ਵਿਵਸਥਾ ਕੀਤੀ ਗਈ।

ਨਾਪੀ ਦੇ ਦੂਜੇ ਹੱਥ ਵਾਲੀ ਚੀਜ਼ ਦੀ ਅਤੇ ਸੱਤ ਅਗਨੀਆਂ ਵਾਲੀ ਭਵਿੱਖਬਾਣੀ ਸੱਚ ਬਣ ਕੇ ਸਾਹਮਣੇ ਆਈ। ਲੜਾਈਆਂ ਅਤੇ ਬੀਮਾਰੀਆਂ ਜਾਨਾਂ ਦਾ ਖੌ ਬਣੀਆਂ। ਆਰਥਿਕ, ਸਮਾਜਿਕ, ਪਰਿਵਾਰਿਕ ਅਤੇ ਸਭਿਆਚਾਰਕ ਅਧੋਗਤੀ ਦਾ ਭਾਣਾ ਵਰਤਿਆ। ਖ਼ੈਰ, ਸ਼ੁਕਰ ਕਰੋ ਕਿ ਹੁਣ ਨੌਜਵਾਨਾਂ ਦੇ ਉੱਠਣ, ਜਾਗ੍ਰਿਤ ਹੋਣ ਅਤੇ ਕਾਮਯਾਬ ਹੋਣ ਵਾਲੀ ਸੱਤਵੀਂ ਅਗਨੀ ਦੀ ਭਵਿੱਖਬਾਣੀ ਹਾਂ-ਵਾਚਕ ਅਸਰ ਦਿਖਾ ਰਹੀ ਹੈ ਜਿਸ ਬਾਰੇ ਕਿਸੇ ਹੋਰ ਚੈਪਟਰ ਵਿਚ ਵਿਚਾਰ ਕੀਤਾ ਜਾਵੇਗਾ।

## ਸਿਆਸੀ ਝਰੋਖਿਆਂ ਵਿੱਚੋਂ ਦੀ

# ਮਾਲਵੇ ਦਾ ਕਹਿੰਦਾ ਕਹਾਉਂਦਾ ਸਰਾਵਾਂ ਵਾਲਾ ਬਰਾੜ ਪਰਿਵਾਰ ਅੱਜ ਸਿਆਸਤ ਦੇ ਪਿੜ ਚੋਂ ਅਲੋਪ ਹੈ



ਨਿੰਦਰ ਘੁਗਿਆਣਵੀ
-9417421700

**ਸ੍ਰ:ਬਰਾੜ ਆਖਦੇ ਸਨ-"ਜੇ ਮੇਰਾ ਦੁਬਾਰਾ ਜਨਮ ਹੋਵੇ ਤਾਂ ਮੈਨੂੰ ਲਾਹੌਰ ਕਾਲਜ ਵਿੱਚ ਪੜ੍ਹਨ ਦਾ ਮੌਕਾ ਮਿਲੇ। ਉਥੋਂ ਦੀਆਂ ਯਾਦਾਂ ਬਹੁਤ ਸੁਹਾਵਣੀਆਂ ਸਨ।" ਸ਼ਰਾਬ ਨੂੰ ਬਹੁਤ ਨਫ਼ਰਤ ਕਰਦੇ। ਸ਼ੁਰੂ ਤੋਂ ਹੀ ਨਹੀਂ ਪੀਤੀ। ਕਿਹਾ ਕਰਦੇ,"ਹੋਰ ਬਹੁਤ ਕੁੱਝ ਹੈ ਖਾਣ-ਪੀਣ ਲਈ।ਵਧੀਆ ਖ਼ੁਰਾਕਾਂ ਨੇ। ਉਹ ਲਵੋ।" ਉਹ ਆਖਦੇ ਸਨ, " ਜੇ ਮੈਨੂੰ ਪਤਾ ਲੱਗਜੇ ਬਈ ਸ਼ਾਮ ਵੇਲੇ ਮੇਰਾ ਫਲਾਂ ਵਰਕਰ ਮਿਲਣ ਆਇਆ ਹੈ ਤੇ ਏਹ ਦਾਰੂ ਪੀਂਦੈ।ਮੈਂ ਨਹੀਂ ਮਿਲਦਾ।ਦਾਰੂ ਵਾਲੇ ਨੂੰ,ਭਾਵੇਂ ਅਗਲਾ ਗੁੱਸਾ ਕਰੇ।"**

ਪੰਜਾਬ ਦੇ ਸਾਬਕਾ ਮੁੱਖ-ਮੰਤਰੀ ਮਰਹੂਮ ਸ੍ਰ: ਹਰਚਰਨ ਸਿੰਘ ਬਰਾੜ ਨੂੰ ਮਾਲਵਾ ਦੇ ਦਿਹਾਤੀ ਲੋਕ ਪਿਆਰ ਨਾਲ 'ਕਾਕਾ ਸਰਾਂ ਵਾਲਾ' ਕਹਿੰਦੇ ਸਨ। ਇਹ ਨਾਂ ਉਹਨਾਂ ਦੇ ਨਾਨਕਿਆਂ ਦੀ ਦੇਣ ਸੀ, ਜਦ ਵੀ ਉਹ ਆਪਣੇ ਨਾਨਕੇ ਪਿੰਡ ਕੋਟ ਫੱਤੇ ਜਾਂਦੇ ਤਾਂ ਸਾਰੇ ਆਂਢੀ-ਗੁਆਂਢੀ ਕਹਿਣ ਲੱਗਦੇ, "ਕਾਕਾ ਆ ਗਿਆ ਸਰਾਂ ਵਾਲਾ, ਕਾਕਾ ਆ ਗਿਆ।" ਉਹਨਾਂ ਦੀ ਸਰਦਾਰੀ ਦੀ ਹਰਮਨ-ਪਿਆਰਤਾ ਅਜੇ ਵੀ ਪੇਂਡੂ ਲੋਕਾਂ ਵਿੱਚੋਂ ਇਸ ਰੂਪ ਵਿੱਚ ਮਿਲ ਜਾਂਦੀ ਹੈ ਕਿ ਜੇਕਰ ਕੋਈ ਖ਼ਾਸਕਰ, ਨੌਜਵਾਨ ਕਿਸੇ 'ਤੇ ਆਪਣਾ ਰੁਹਬ-ਦਾਅਬ ਜਮਾਉਂਦਾ ਹੈ ਤਾਂ ਅਗਲਾ ਕਹਿ ਦਿੰਦਾ ਹੈ, "ਤੂੰ ਕਿਹੜਾ ਕਾਕੇ ਸਰਾਂ ਆਲੇ ਦਾ ਪੋਤਰੈਂ ? ਵਾਧੂ ਆਕੜ ਨਾ ਵਿਖਾ !" ਸ੍ਰ: ਬਰਾੜ ਆਪਣੀਆਂ ਕੁੱਝ ਖ਼ਾਸ ਖ਼ੂਬੀਆਂ ਕਾਰਨ ਲੋਕਾਂ ਦੇ ਚੇਤਿਆਂ ਵਿੱਚ ਵੱਸੇ ਰਹਿਣਗੇ। ਉਹਨਾਂ ਦੀ ਕਿਸੇ ਮੌਕੇ ਵੀ ਕੀਤੀ ਤਕਰੀਰ ਹਮੇਸ਼ਾ ਹੀ ਬਹੁਤ ਸੰਖੇਪ ਜਿਹੀ ਹੀ ਹੁੰਦੀ ਸੀ। ਸੰਨ 1997 ਵਿੱਚ ਹੋਈਆਂ ਲੋਕ ਸਭਾ ਦੀਆਂ ਚੋਣਾ ਵਿੱਚ ਉਹਨਾਂ ਦੀ ਬੇਟੀ ਬਬਲੀ ਬਰਾੜ ਨੇ ਫ਼ਰੀਦਕੋਟ ਲੋਕ ਸਭਾ ਹਲਕੇ ਤੋਂ ਚੋਣ ਲੜੀ ਸੀ, ਸ੍ਰ: ਬਰਾੜ ਉਸਦੇ ਚੋਣ ਜਲਸਿਆਂ ਨੂੰ ਸੰਬੋਧਨ ਕਰਨ ਲਈ ਪਿੰਡ-ਪਿੰਡ ਜਾਂਦੇ, ਤਾਂ ਉਹ ਮਾਇਕ 'ਤੇ ਸਿਰਫ਼ ਏਨਾ ਹੀ ਆਖਦੇ,"ਬਬਲੀ ਤੁਹਾਡੀ ਆਪਣੀ ਧੀ ਹੈ। ਏਸ ਨੂੰ ਵੋਟ ਦੇਣੀ ਤੁਹਾਡਾ ਫ਼ਰਜ਼ ਬਣਦਾ ਐ।" ਇਹ ਕਹਿਕੇ ਉਹ ਬੈਠ ਜਾਂਦੇ ਸਨ। ਉਹ ਨਾ ਕਿਸੇ ਪਾਰਟੀ ਨੂੰ ਨਿੰਦਦੇ ਸਨ ਤੇ ਨਾ ਹੀ ਉਤੇਜਿਤ ਦਿਖਾਈ ਦਿੰਦੇ ਸਨ। ਜਦ ਵੀ ਉਹ ਲੋਕਾਂ ਵਿੱਚ ਘਿਰੇ ਬੈਠੇ ਲੋਕਾਂ ਦੀਆ ਮੁਸ਼ਕਿਲਾਂ ਸੁਣਦੇ ਹੁੰਦੇ, ਵਿੱਚੋਂ ਦੀ ਕੋਈ ਉੱਚੀ ਸੁਰ ਵਿੱਚ ਬੋਲਦਾ ਸੁਣਾਈ ਦਿੰਦਾ, ਤਾਂ ਸ੍ਰ: ਬਰਾੜ ਉਸਨੂੰ ਹੌਲੀ ਬੋਲਣ ਲਈ ਆਖਦੇ, "ਹੌਲੀ ਬੋਲ ਭਾਈ,ਤੇਰਾ ਕੰਮ ਹੋ ਜਾਵੇਗਾ ਘਬਰਾ ਨਾ।" ਜੇ ਕੋਈ ਕਹਿੰਦਾ ਕਿ ਬਰਾੜ ਸਾਹਬ ਇਹ ਬੰਦਾ ਅਕਾਲੀ ਹੈ, ਇਹਦਾ ਕੰਮ ਨਹੀਂ ਕਰਨਾ ਤਾਂ ਉਹ ਆਖਦੇ, "ਕੋਈ ਗੱਲ ਨਹੀਂ, ਕਦੇ ਤਾਂ ਆਪਾਂ ਨੂੰ ਵੋਟ ਪਾਊਗਾ। ਪਹਿਲਾਂ ਇਸਦਾ ਕੰਮ ਤਾਂ ਕਰੀਏ ਆਪਾਂ। ਨਾਨਕਿਆਂ ਵਾਲੇ ਪਾਸੇ ਤੋਂ ਰਿਸ਼ਤੇਦਾਰ ਜਸਕਰਤਾਰ ਸਿੰਘ ਨੇ ਦੱਸਿਆ, "ਕੋਈ ਅਫ਼ਸਰ ਮੇਰਾ ਕੰਮ ਨਹੀਂ ਸੀ ਕਰ ਰਿਹਾ ਤਾਂ ਮੈਂ ਬਰਾੜ ਸਾਹਬ ਨੂੰ ਅੱਕ ਕੇ ਕਿਹਾ ਕਿ ਮੇਰੇ ਉਸ ਅਫ਼ਸਰ ਨੇ ਛੇ ਗੇੜੇ ਲੁਵਾ ਦਿੱਤੇ ਨੇ, ਅਜੇ ਤੱਕ ਕੰਮ ਨਹੀਂ ਕੀਤਾ ਤਾਂ ਇਹ ਸੁਣ ਬਰਾੜ ਸਾਹਬ ਨੇ ਬੜੀ ਸਹਿਜਤਾ ਨਾਲ ਕਿਹਾ, "ਅਸੀਂ ਵੋਟਰਾਂ ਦੇ ਘਰ ਛੇ-ਛੇ ਵਾਰੀ ਜਾਨੇ ਆਂ। ਆਖ਼ਰ ਵੋਟਰ ਫਿਰ ਵੀ ਉਲਟ ਵੋਟ ਪਾ ਜਾਂਦੈ। ਅਸੀਂ ਕਦੀ ਗੁੱਸੇ ਨਹੀਂ ਹੋਏ। ਜ਼ਿੰਦਗੀ ਵਿੱਚ ਤਲਖ਼ ਨਹੀਂ ਹੋਣਾ ਚਾਹੀਦਾ।" ਰਿਸ਼ਤੇਦਾਰ ਚੁੱਪ ਕਰ ਗਿਆ।

ਬਰਾੜ ਸਾਹਬ ਮੱਝ, ਘੋੜੇ, ਕੁੱਤੇ, ਬਲਦ ਅਤੇ ਬੰਦੇ ਦੀ ਪਛਾਣ ਪਲ ਵਿੱਚ ਹੀ ਕਰ ਲੈਂਦੇ ਸਨ। ਸਫ਼ਰ ਵਿੱਚ ਜਾਂਦੇ ਗੱਡੀ ਰੋਕ ਲੈਂਦੇ ਤੇ ਪਸ਼ੂ ਲਈ ਜਾਂਦੇ ਪਾਲੀ ਨਾਲ ਗੱਲਾਂ ਕਰਦੇ ਤੇ ਪਸ਼ੂਆਂ ਦੀਆਂ ਨਸਲਾਂ ਬਾਰੇ ਜਾਣਕਾਰੀ ਮੰਗਦੇ। ਇੱਕ ਵਾਰ, ਸਵੇਰ ਵੇਲੇ ਕੋਟਕਪੂਰਾ ਨੇੜੇ ਦੀ ਲੰਘ ਰਹੇ ਸਨ, ਮੱਝਾਂ ਚਾਰਦੇ ਬੰਦੇ ਨੂੰ ਦੇਖ ਗੱਡੀ ਰੋਕੀ ਤੇ ਆਖਿਆ, "ਆਹ ਮੇਰੀ ਮੱਝ ਦੀ ਨਸਲ ਦੀ ਕੱਟੀ ਤੇਰੇ ਕੋਲ ਕਿੱਥੋਂ ਆ ਗਈ ?" ਉਸ ਬੰਦੇ ਨੇ ਦੱਸਿਆ ਕਿ ਦਰਸ਼ਨ ਸਿੰਘ ਨਾਂ ਦੇ ਕਿਸਾਨ ਦੇ ਘਰ ਆਪ ਦਾ ਝੋਟਾ ਹੈ, ਤਾਂ ਫਿਰ ਉਹ ਆਪਣਾ ਝੋਟਾ ਮੁੜਵਾ ਕੇ ਲੈ ਗਏ।



ਸ੍ਰ ਬੇਅੰਤ ਸਿੰਘ ਦੇ ਦਿਹਾਂਤ ਮਗਰੋਂ ਜਦ ਉਹ ਮੁੱਖ-ਮੰਤਰੀ ਬਣੇ ਤਾਂ ਅੰਦਰ-ਅੰਦਰ ਗੱਲਾਂ ਹੋਣ ਲੱਗੀਆ ਕਿ ਬਰਾੜ ਦੀ ਵਜ਼ਾਰਤ ਦੇ ਕੁੱਝ ਮੰਤਰੀ ਰਿਸ਼ਵਤਾਂ ਲੈਣ ਲੱਗੇ ਹਨ, ਤਾਂ ਉਹਨਾਂ ਦੇ ਇੱਕ ਨੇੜਲੇ ਮਿੱਤਰ ਗੁਰਦਿਆਲ ਸਿੰਘ ਜ਼ੈਲਦਾਰ ਕਹਿਣ ਲੱਗੇ, "ਬਰਾੜ ਸਾਹਿਬ, ਆਹ ਕੀ ਗੱਲਾਂ ਸੁਣਨ ਨੂੰ ਮਿਲਣ ਰਹੀਆ ਨੇ?" ਤਾਂ ਬਰਾੜ ਨੇ ਮੁਸਕਰਾ ਕੇ ਆਖਿਆ , "ਜਦੋਂ ਵਰਦੀ ਪਾਈ ਹੋਵੇ ਤਾਂ ਸਲੂਟ ਤਾਂ ਵੱਜਦੇ ਈ ਨੇ। ਕੋਈ ਗੱਲ ਨਹੀਂ।ਫਿਰ ਵੀ ਮੈਂ ਸਭ ਦੇ ਕੰਨ ਖਿੱਚ੍ਹ ਦਿੰਨੈ।"

ਸ੍ਰ: ਬਰਾੜ ਦੀ ਪਹਿਲੀ ਸ਼ਾਦੀ ਪਿੰਡ ਬੁੱਟਰ ਵਿਖੇ ਸੰਧੂ ਪਰਿਵਾਰ ਵਿੱਚ ਸ੍ਰ: ਕਰਨੈਲ ਸਿੰਘ ਦੀ ਲੜਕੀ ਬੀਬੀ ਜੰਗੀਰ ਕੌਰ ਨਾਲ ਹੋਈ ਸੀ। ਕੁੱਝ ਕਾਰਨਾਂ ਕਰਕੇ ਬੀਬੀ ਜੰਗੀਰ ਕੌਰ ਨੂੰ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਆਪਣੇ ਇਸੇ ਪੇਕੇ ਪਿੰਡ ਵਿੱਚ ਹੀ ਗੁਜ਼ਾਰਨਾ ਪਿਆ ਅਤੇ ਲੱਗਭਗ ਪੈਤੀਂ ਸਾਲ ਪਹਿਲਾਂ ਇੱਥੇ ਹੀ ਉਸਦਾ ਦਿਹਾਂਤ ਹੋਇਆ। ਇਹਨਾਂ ਦੇ ਪੇਟੋਂ ਬੀਬਾ ਚਰਨਜੀਤ ਕੌਰ ਹੈ, ਜੋ ਅੱਜਕਲ੍ਹ ਪਟਿਆਲਾ ਵਿਖੇ ਆਪਣੇ ਪਰਿਵਾਰ ਸਮੇਤ ਰਹਿ ਰਹੀ ਹੈ,ਨੇ ਦੱਸਿਆ, "ਪਾਪਾ ਜੀ ਚੀਫ਼ ਕਾਲਜ ਲਾਹੌਰ ਵਿੱਚ ਦਾਖਿਲ ਹੋਏ, ਉੱਥੇ ਇੱਕ ਮੁੰਡਾ ਬਾਬਰ ਅਲੀ ਸਭ ਤੋਂ ਵੱਧ ਹੁਸ਼ਿਆਰ ਸੀ, ਹਰ ਵਾਰੀ ਅਵੱਲ ਆਉਂਦਾ ਸੀ, ਜਦ ਪਾਪਾ ਜੀ ਦਾਖਲ ਹੋਏ,ਪੇਪਰ ਦਿੱਤੇ, ਤਾਂ ਪਾਪਾ ਜੀ ਉਸੋਂ ਵੀ ਵੱਧ ਨੰਬਰ ਲੈ ਗਏ, ਉਸ ਮੁੰਡੇ ਦੇ ਘਰ ਵਾਲੇ ਆਖਣ ਲੱਗੇ ਕਿ ਕੌਣ ਹੋਇਆ ਇਹ ਮੁੰਡਾ? ਉਸਨੂੰ ਘਰ ਸੱਦਕੇ ਮਿਲੀਏ। ਪਾਪਾ ਜੀ ਉਹਨਾ ਦੇ ਘਰ ਗਏ, ਉਹ ਫਿਰੋਜ਼ਪੁਰ ਰਹਿੰਦੇ ਸੀ, ਬਸ ਉਸ ਦਿਨ ਤੋਂ ਬਾਬਰ ਅਲੀ ਨਾਲ ਐਸੀ ਦੋਸਤੀ ਪਈ ਕਿ ਹੁਣ ਤੱਕ ਵੀ ਕਾਇਮ ਹੈ ਉਹ ਦੋਸਤੀ, ਫਿਰ ਜਦ 1971 ਦੀ ਜੰਗ ਲੱਗੀ ਤਾਂ ਪਾਪਾ ਜੀ ਕਹਿਣ ਕਿ ਹੇ ਸੱਚੇ ਪਾਤਸ਼ਾਹ, ਮੇਰੇ ਯਾਰ ਬਾਬਰ ਅਲੀ ਦੇ ਘਰ 'ਤੇ ਬੰਬ ਨਾ ਡਿੱਗੇ। ਜਦ ਪਾਪਾ ਜੀ ਅਸਟ੍ਰੇਲੀਆ ਗਏ ਤਾਂ ਮੈਂ ਸਕੂਲ ਪੜ੍ਹਦੀ ਸਾਂ, ਉਥੋਂ ਮੈਨੂੰ ਚਿੱਠੀਆਂ ਲਿਖੀਆਂ ਕਿ ਬੇਟੀ ਪੜ੍ਹਾਈ ਵੱਲੋਂ ਅਵੇਸਲੀ ਨਾ ਹੋਵੀਂ।"

ਸ੍ਰ:ਬਰਾੜ ਆਖਦੇ ਸਨ-"ਜੇ ਮੇਰਾ ਦੁਬਾਰਾ ਜਨਮ ਹੋਵੇ ਤਾਂ ਮੈਨੂੰ ਲਾਹੌਰ ਕਾਲਜ ਵਿੱਚ ਪੜ੍ਹਨ ਦਾ ਮੌਕਾ ਮਿਲੇ। ਉਥੋਂ ਦੀਆਂ ਯਾਦਾਂ ਬਹੁਤ ਸੁਹਾਵਣੀਆਂ ਸਨ।" ਸ਼ਰਾਬ ਨੂੰ ਬਹੁਤ ਨਫ਼ਰਤ ਕਰਦੇ। ਸ਼ੁਰੂ ਤੋਂ ਹੀ ਨਹੀਂ ਪੀਤੀ। ਕਿਹਾ ਕਰਦੇ,"ਹੋਰ ਬਹੁਤ ਕੁੱਝ ਹੈ ਖਾਣ-ਪੀਣ ਲਈ।ਵਧੀਆ ਖ਼ੁਰਾਕਾਂ ਨੇ। ਉਹ ਲਵੋ।" ਉਹ ਆਖਦੇ ਸਨ, " ਜੇ ਮੈਨੂੰ ਪਤਾ ਲੱਗਜੇ ਬਈ ਸ਼ਾਮ ਵੇਲੇ ਮੇਰਾ ਫਲਾਂ ਵਰਕਰ ਮਿਲਣ ਆਇਆ ਹੈ ਤੇ ਏਹ ਦਾਰੂ ਪੀਂਦੈ।ਮੈਂ ਨਹੀਂ ਮਿਲਦਾ।ਦਾਰੂ ਵਾਲੇ ਨੂੰ,ਭਾਵੇਂ ਅਗਲਾ ਗੁੱਸਾ ਕਰੇ।"

ਮੈਂ ਆਪਣੇ ਬੁੱਟਰ ਪਿੰਡ ਵਾਲੇ ਦੋਸਤਾਂ ਨਾਲ ਸਬੱਬੀਂ ਮਿਲਿਆ ਤੇ ਇੱਕ ਵਾਰ ਬੈਠੇ-ਬੈਠੇ ਜਦ ਉਹਨਾਂ ਨੂੰ ਪੁੱਛਿਆ ਸੀ ਕਿ ਤੁਹਾਡਾ ਸਿਆਸਤ ਵਿੱਚ ਦਾਖਲਾ ਕਿਵੇਂ ਹੋਇਆ ਸੀ, ਤਾਂ ਉਹ ਧੀਮੀਂ ਗਤੀ ਦੇ ਸਮਾਚਾਰ ਪੜ੍ਹ ਰਹੇ ਰੇਡੀਓ ਅਨਾਊਂਸਰ ਵਾਂਗ ਦੱਸਣ ਲੱਗੇ ਸਨ, "ਮੇਰੇ ਸਿਆਸੀ ਜੀਵਨ ਦਾ ਆਰੰਭ ਸੰਨ 1954 ਵਿੱਚ ਹੋਇਆ, ਇੱਕ 'ਸਾਧ ਸੰਗਤ ਬੋਰਡ' ਬਣਿਆ ਸੀ ਤੇ ਸ੍ਰੋਮਣੀ ਕਮੇਟੀ ਦੇ ਮੈਂਬਰ ਵੱਜੋਂ ਮੈਂ ਚੋਣ ਲੜੀ, ਸੰਪੂਰਨ ਸਿੰਘ ਵੜਿੰਗ ਤੋਂ ਮੈਂ ਹਾਰ ਗਿਆ ਸੀ, ਸੰਨ ਸਤਵੰਜਾ 'ਚ ਮੈਂ ਪਹਿਲੀ ਵਾਰੀ ਵਿਧਾਇਕ ਬਣਿਆ। ਫਿਰ ਚੱਲ ਸੋ ਚੱਲ।" ਆਪਣੇ ਘੋੜਿਆਂ ਦੇ ਫਾਰਮਾਂ ਅਤੇ ਆਪਣੇ ਸ਼ੌਕ ਬਾਰੇ ਉਹ ਅਕਸਰ ਕਿਹਾ ਕਰਦੇ ਸਨ-"ਏਹ ਮੈਨੂੰ ਸਭ ਤੋਂ ਪਹਿਲਾਂ ਐਂ। ਸ਼ੌਕ ਰਿਹੈ ਮੇਰਾ ਤੇ ਫੇਰ ਕਿੱਤੇ 'ਚ ਬਦਲ ਗਿਆ। ਦੂਰ-ਦੂਰ ਤੱਕ ਸਟੱਡ ਫਾਰਮਾਂ ਦਾ ਨਾਂ ਹੋ ਗਿਆ। ਪਹਿਲਾਂ ਗੁਰੂ ਗੋਬਿੰਦ ਸਿੰਘ ਸਟੱਡ ਫਾਰਮ ਤੇ ਫਿਰ ਦੂਜਾ ਗੁਰੂ ਹਰਗੋਬਿੰਦ ਸਟੱਡ ਫਾਰਮ ਬਣਾਏ। ਨਿੱਕਾ ਹੁੰਦਾ ਮੈਂ ਘੁਲਦਾ ਵੀ ਬਹੁਤ ਰਿਹਾ।" ਬਰਾੜ ਸਾਹਬ ਦੀਆਂ ਗੱਲਾਂ ਰੌਚਕ ਲੱਗ ਰਹੀਆਂ ਸਨ।

(ਬਾਕੀ ਅਗਲੇ ਹਫਤੇ)

# ਲੇਖਾ-ਜੋਖਾ 2022; ਪੰਜਾਬ ਦੇ ਗਵੱਈਆਂ ਤੇ ਭਾਰੀ ਰਿਹਾ 2022 ਦਾ ਵਰ੍ਹਾ

## ਲੰਘੇ ਵਰ੍ਹੇ ਲੱਚਰਤਾ ਭਰਪੂਰ ਗੀਤਾਂ ਤੋਂ ਕਲਾਕਾਰਾਂ ਨੇ ਵੱਟਿਆ ਪਾਸਾ

**ਮਨਜੀਤ ਰਾਹੀ ਦੇ ਗਾਏ ਗੀਤ ਅੱਜ ਵੀ 2 ਪੀੜ੍ਹੀਆਂ ਦੇ ਦਿਲਾਂ ਦਾ ਸ਼ਿਗਾਰ ਹਨ। ਇਹ ਕਲਾਕਾਰ ਵੀ 2022 ਦੌਰਾਨ ਸਦੀਵੀ ਵਿਛੋੜਾ ਦੇ ਗਿਆ। ਕਿਸੇ ਸਮੇਂ ਪੱਛਮੀ ਬੰਗਾਲ ਦੇ ਸਿਲੀਗੁੜੀ ਵਿੱਚ ਜਨਮ ਲੈ ਕੇ ਪੰਜਾਬੀ ਫਿਲਮਾਂ ਦੀ ਰਕਾਨ ਕਹਾਉਣ ਵਾਲੀ ਸੋਹਣੀ ਸੁਨੱਖੀ ਮੁਟਿਆਰ ਦਲਜੀਤ ਕੌਰ ਗੁੰਮਨਾਮੀ ਦੀਆਂ ਘੁੰਮਣ-ਘੇਰੀਆਂ ਨਾਲ ਖਹਿੰਦੀ ਹੋਈ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਗੁਰੂਸਰ ਸੁਧਾਰ ਵਿਖੇ ਇਸ ਸੰਸਾਰ ਨੂੰ ਅਲਵਿਦਾ ਆਖ ਗਈ। ਉੱਚ ਕੋਟੀ ਦੀ ਪੜ੍ਹੀ-ਲਿਖੀ ਦਲਜੀਤ ਕੌਰ ਅਤੇ ਪੰਜਾਬੀ ਫਿਲਮਾਂ ਦੇ ਹੀਰੋ ਵਰਿੰਦਰ ਦੀ ਜੋੜੀ ਦੀ ਕਿਸੇ ਸਮੇਂ ਵੀ ਚਰਚਾ ਹੁੰਦੀ ਸੀ। ਦਲਜੀਤ ਕੌਰ ਨੇ ਆਪਣੇ ਫ਼ਿਲਮੀ ਜੀਵਨ ਦੌਰਾਨ ਵੱਡੀ ਗਿਣਤੀ ਵਿੱਚ ਹਿੱਟ ਫ਼ਿਲਮਾਂ ਪੰਜਾਬੀ ਸਿਨੇਮੇ ਨੂੰ ਦਿੱਤੀਆਂ ਸਨ ਪਰ ਆਪਣੇ ਜੀਵਨ ਸਾਥੀ ਦੀ ਮੌਤ ਤੋਂ ਬਾਅਦ ਉਹ ਬੁਰੀ ਤਰਾਂ ਟੁੱਟ ਗਈ।**



ਮਨਜਿੰਦਰ ਸਿੰਘ ਸਰੌਦ
ਮਾਲੇਰਕੋਟਲਾ
9463463136

ਹਰ ਵਾਰ ਦੀ ਤਰ੍ਹਾਂ ਬਾਕੀ ਵਰ੍ਹਿਆਂ ਵਾਂਗ 2022 ਵੀ ਸਾਡੇ ਤੋਂ 'ਅਛੋਪਲੇ' ਜਿਹੇ ਮੂੰਹ ਭੁਆ ਕੇ ਆਪਣੀਆਂ ਖੱਟੀਆਂ-ਮਿੱਠੀਆਂ ਯਾਦਾਂ ਨੂੰ ਕਲਾਵੇ ਵਿੱਚ ਲੈਂਦਿਆਂ ਤੁਰ ਚੱਲਿਐ। ਹਰ ਵਰ੍ਹੇ ਕਿਸੇ ਨਾ ਕਿਸੇ ਖੇਤਰ ਦੇ ਵਿਚ ਕਾਫ਼ੀ ਕੁਝ ਅਜਿਹਾ ਹੁੰਦਾ ਹੈ ਜਿਸ ਨੂੰ ਵੇਖ ਆਪਣੇ ਆਵਾਮ ਅਤੇ ਸਮਾਜ ਦਾ ਭਲਾ ਚਾਹੁਣ ਵਾਲਿਆਂ ਦੇ ਮੱਥੇ ਤੇ ਚਿੰਤਾ ਦੀਆਂ ਤਿਊੜੀਆਂ ਉਭਰੀਆਂ ਲਾਜ਼ਮੀ ਹੋ ਜਾਂਦੀਆਂ ਹਨ। ਜਿੱਥੇ ਲੰਘ ਚੁੱਕੇ ਵਰ੍ਹੇ ਦੌਰਾਨ ਬਾਕੀ ਖੇਤਰਾਂ ਅੰਦਰ ਕਾਫੀ ਉਲਟਫੇਰ ਵੇਖਿਆ ਗਿਆ। ਉਥੇ ਹੀ ਕਲਾ ਦੇ ਖੇਤਰ ਲਈ ਇਹ ਵਰ੍ਹਾ ਬੇਹੱਦ ਮਾੜਾ ਗਿਣਿਆ ਗਿਆ। ਕਈ ਵੱਡੇ ਕਲਾਕਾਰ ਪਿਛਲੇ ਦਿਨੀਂ ਆਪਣੇ ਚਾਹੁਣ ਵਾਲਿਆਂ ਨੂੰ ਸਦੀਵੀ ਵਿਛੋੜਾ ਦੇ ਗਏ ਅਤੇ ਕਈਆਂ ਨੂੰ ਸਰਕਾਰਾਂ ਨੇ ਆਪਣੇ ਮੱਕੜ ਜਾਲ ਵਿੱਚ ਉਲਝਾ ਲਿਆ। ਬਹੁਤੇ ਕਲਾਕਾਰਾਂ ਦੇ ਗੀਤ ਆਏ ਅਤੇ ਗਏ ਪਰ ਆਮ ਜਨਤਾ ਅੰਦਰ ਕੋਈ ਖਾਸ ਪਛਾਣ ਨਾ ਬਣਾ ਸਕੇ। ਕਲਕਾਰੀ ਦੇ ਖੇਤਰ ਨੂੰ ਅਸੀਂ ਇਸ ਲਈ ਅਹਿਮ ਗਿਣਦੇ ਹਾਂ ਕਿਉਂਕਿ ਕਲਾਕਾਰ ਜਿੱਥੇ ਸਮਾਜਿਕ ਸਰੋਕਾਰਾਂ ਲਈ 'ਸੂਖਮਭਾਵੀ' ਹੁੰਦੇ ਹਨ ਉਥੇ ਹੀ ਉਨ੍ਹਾਂ ਨੂੰ ਸਮਾਜ ਦਾ ਸੀਸਾ ਵੀ ਮੰਨਿਆ ਜਾਂਦਾ। ਇਹ ਵਿਸ਼ਾ ਵੱਖਰਾ ਹੈ ਕਿ ਚਕਾਚੌਂਧ ਭਰੀ ਜ਼ਿੰਦਗੀ ਨੂੰ ਆਧਾਰ ਬਣਾ ਕੇ ਕਿ ਮਾਰੀ ਪਲਟੀ ਨਾਲ ਕਲਾਕਾਰੀ ਖੇਤਰ ਦੇ ਵਿੱਚ ਆਈ ਗਿਰਾਵਟ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

15 ਫ਼ਰਵਰੀ 2022 ਨੂੰ ਪੰਜਾਬੀ ਫਿਲਮ ਅਦਾਕਾਰੀ ਦੇ ਖੇਤਰ ਦਾ 'ਟਹਿਕਦਾ ਜੁਗਨੂੰ' ਦੀਪ ਸਿੱਧੂ ਦਿੱਲੀ ਤੋਂ ਵਾਪਸ ਪਰਤਦੇ ਸਮੇਂ ਇੱਕ ਸੜਕ ਹਾਦਸੇ ਵਿੱਚ ਸਦਾ ਲਈ ਖਾਮੋਸ਼ ਹੋ ਗਿਆ। ਕਲਾ ਦੇ ਖੇਤਰ ਅੰਦਰ ਦੀਪ ਸਿੱਧੂ ਦੀਆਂ ਪਾਈਆਂ ਪੈੜਾਂ ਲੰਮਾ ਸਮਾਂ 'ਤਵਾਰੀਖ ਦੇ ਚੇਤਿਆਂ' ਦਾ ਹਿੱਸਾ ਬਣੀਆਂ ਰਹਿਣਗੀਆਂ। ਕਿਸਾਨੀ ਸੰਘਰਸ਼ ਦੌਰਾਨ ਚਰਚਿਤ ਚਿਹਰਾ ਬਣ ਕੇ ਉਭਰੇ ਦੀਪ ਸਿੱਧੂ ਨੇ ਜੋਰਾ 10 ਨੰਬਰੀਆ ਵਰਗੀਆਂ ਕਈ ਪੰਜਾਬੀ ਫ਼ਿਲਮਾਂ ਵਿੱਚ ਚੰਗਾ ਕਿਰਦਾਰ ਨਿਭਾ ਕੇ ਆਪਣੇ ਸਰੋਤਿਆਂ ਦੇ ਦਿਲਾਂ ਦੇ ਦਿਲਾਂ ਤੇ ਵੱਖਰੀ ਛਾਪ ਛੱਡੀ। ਪੰਜਾਬੀ ਫ਼ਿਲਮ ਨਿਰਦੇਸ਼ਕ ਅਮਰਦੀਪ ਸਿੰਘ ਗਿੱਲ ਨਾਲ ਦੀਪ ਸਿੱਧੂ ਦੀ ਜੋੜੀ ਪੰਜਾਬੀ ਸਿਨੇਮੇ ਦੇ ਅੰਦਰ ਕੁਝ ਵੱਖਰਾ ਕਰਨ ਲਈ ਯਤਨਸ਼ੀਲ ਸੀ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਕਿ ਇਹ ਫ਼ਨਕਾਰ ਸਾਥੋਂ ਸਦਾ ਲਈ ਵਿਛੜ ਗਿਆ। ਦੀਪ ਸਿੱਧੂ ਦੀ ਜਿੰਦਗੀ ਦੇ ਆਖ਼ਰੀ ਦਿਨਾਂ ਅੰਦਰ ਉਸ ਨੇ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਹਲਕਾ ਅਮਰਗੜ੍ਹ ਦੀ ਚੋਣ ਨੂੰ ਵਿਸ਼ਵ ਪੱਧਰ ਤੇ ਖਿੱਚ ਦਾ ਕੇਂਦਰ ਬਣਾ ਦਿੱਤਾ ਸੀ ਦੀਪ ਸਿੱਧੂ ਦੇ ਚਹੇਤੇ ਅੱਜ ਵੀ ਉਸ ਦੀਆਂ ਯਾਦਾਂ ਨੂੰ ਕਿਸੇ 'ਸੋਹਣੇ ਸੱਜਣ' ਦੇ ਗਹਿਣੇ ਵਾਂਗਰਾਂ ਸਾਂਭੀ ਬੈਠੇ ਹਨ।

ਪੰਜਾਬੀ ਗਾਇਕੀ ਅਤੇ ਗੀਤਕਾਰੀ ਦੇ ਖੇਤਰ ਦੇ ਬੁਲੰਦ ਜਜ਼ਬਿਆਂ ਦਾ ਪ੍ਰਤੀਕ ਮੰਨੇ ਜਾਂਦੇ ਸਿੱਧੂ ਮੂਸੇਵਾਲਾ ਦੀ 29 ਮਈ ਨੂੰ ਹੋਈ ਦਰਦਨਾਕ ਮੌਤ ਨੇ ਪੰਜਾਬੀ ਮਾਂ ਬੋਲੀ ਦੇ ਉਪਾਸ਼ਕਾਂ ਨੂੰ ਬੁਰੀ ਤਰ੍ਹਾਂ 'ਝੰਭ' ਸੁੱਟਿਆ। ਇਹ ਪੰਜਾਬੀ ਕਲਾ ਦੇ ਖੇਤਰ ਤੇ ਦੂਜੀ ਵੱਡੀ ਸੱਟ ਸੀ। ਸਿੱਧੂ ਮੂਸੇਵਾਲਾ ਨੇ ਆਪਣੀ ਗਾਇਕੀ ਦੇ ਸਫ਼ਰ ਨੂੰ ਕੈਨੇਡਾ ਦੀ ਧਰਤੀ ਤੋਂ ਸ਼ੁਰੂ ਕਰਨ ਉਪਰੰਤ ਪੰਜਾਬ ਆ ਕੇ ਸਿਰੇ ਦੀਆ ਸਫਲਤਾਵਾਂ ਹਾਸਲ ਕੀਤੀਆਂ। ਇਸ ਹੋਣਹਾਰ ਨੌਜਵਾਨ ਗਾਇਕ ਦੇ ਗਾਏ ਗੀਤ ਪੂਰੀ ਦੁਨੀਆਂ ਦੇ ਅਸਮਾਨ ਤੇ ਸੁੱਚੇ ਮੋਤੀਆਂ ਦੀ ਤਰ੍ਹਾਂ ਚਮਕੇ। ਸਿੱਧੂ ਮੂਸੇ ਵਾਲੇ ਦੀ ਦਿਲੀ ਇੱਛਾ ਸੀ ਅਤੇ ਉਹ ਅਕਸਰ ਕਹਿੰਦਾ ਸੀ ਕਿ ਉਸ ਨੇ ਆਪਣੇ ਇਲਾਕੇ ਮਾਨਸਾ ਦੇ ਮੱਥੇ ਤੇ ਪਛੜੇਪਣ ਦੇ ਕਲੰਕ ਨੂੰ ਮਿਟਾਉਣ ਦੇ ਲਈ ਸਿਆਸਤ ਵਿੱਚ ਪੈਰ ਧਰਿਆ,ਪਰ ਇਹ ਚੰਦਰੀ ਸਿਆਸਤ ਵੀ ਉਸ ਨੂੰ ਰਾਸ ਨਾ ਆਈ। ਅੰਤ ਲੱਖਾਂ ਨੌਜਵਾਨਾਂ ਦੇ ਦਿਲਾਂ ਤੇ ਰਾਜ ਕਰਨ ਵਾਲਾ ਇਹ ਕਲਾਕਾਰ ਪੰਜਾਬ ਦੀਆਂ ਜੜ੍ਹਾਂ ਤੱਕ ਫੈਲੇ ਗੈਂਗਸਟਰਵਾਦ ਦੀ ਭੇਟ ਚੜ੍ਹ ਗਿਆ। ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਅੱਜ ਤਕ ਕਿੰਨੀਆਂ ਹੀ ਸੇਜਲ ਅੱਖਾਂ ਉਸ ਦੇ ਵੈਰਾਗ ਵਿਚ ਵਿਚ ਹੰਝੂ ਕੇਰ ਰਹੀਆਂ ਹਨ। ਯੁਗਾ ਜੁਗੰਤਰਾ ਬਾਅਦ ਪੈਦਾ ਹੁੰਦੇ ਨੇ ਅਜਿਹੇ ਕਲਾਕਾਰ।

ਪੰਜਾਬੀ ਗਾਇਕੀ ਦੇ ਖੇਤਰ ਅੰਦਰ ਦੋਗਾਣਾ ਜੋੜੀਆਂ ਦਾ ਲੰਬਾ ਸਮਾਂ ਬੋਲਬਾਲਾ ਰਿਹਾ ਅਤੇ ਕਈ ਦੋਗਾਣਾ ਜੋੜੀਆਂ ਨੇ ਦਹਾਕਿਆਂ ਬੱਧੀ ਲੋਕ ਮਨਾਂ ਤੇ ਰਾਜ ਕੀਤਾ। ਸਵਰਗੀ ਮਨਜੀਤ ਰਾਹੀ ਅਤੇ ਦਲਜੀਤ ਕੌਰ ਦੀ ਜੋੜੀ ਨੇ ਪੰਜਾਬ ਦੇ ਵਿਆਹਾਂ ਤੋਂ ਲੈ ਕੇ ਸਭਿਆਚਾਰਕ ਮੇਲਿਆਂ ਤੱਕ ਨਵੀਆਂ ਲੀਹਾਂ ਨੂੰ ਜਨਮ ਦਿੱਤਾ। ਦੋਗਾਣਾ ਜੋੜੀ ਟੁੱਟਣ ਤੋਂ ਬਾਅਦ ਮਨਜੀਤ ਰਾਹੀ ਪੰਜਾਬ ਦੇ ਅਮਲੋਹ ਸ਼ਹਿਰ ਦੇ ਲਾਗਲੇ ਪਿੰਡ ਮਾਜਰੀ ਅੰਦਰ ਮੰਦਹਾਲੀ ਭਰੀ ਜ਼ਿੰਦਗੀ ਦੀ ਦਿਨ-ਕਟੀ ਕਰਨ ਤੋਂ ਬਾਅਦ ਇਸ ਸੰਸਾਰ ਤੋਂ ਕੂਚ ਕਰ ਗਿਆ। ਮਨਜੀਤ ਰਾਹੀ ਦੇ ਗਾਏ ਗੀਤ ਅੱਜ ਵੀ 2 ਪੀੜ੍ਹੀਆਂ ਦੇ ਦਿਲਾਂ ਦਾ ਸ਼ਿਗਾਰ ਹਨ। ਇਹ ਕਲਾਕਾਰ ਵੀ 2022 ਦੌਰਾਨ ਸਦੀਵੀ ਵਿਛੋੜਾ ਦੇ ਗਿਆ। ਕਿਸੇ ਸਮੇਂ ਪੱਛਮੀ ਬੰਗਾਲ ਦੇ ਸਿਲੀਗੁੜੀ ਵਿੱਚ ਜਨਮ ਲੈ ਕੇ ਪੰਜਾਬੀ ਫਿਲਮਾਂ ਦੀ ਰਕਾਨ ਕਹਾਉਣ ਵਾਲੀ ਸੋਹਣੀ ਸੁਨੱਖੀ ਮੁਟਿਆਰ ਦਲਜੀਤ ਕੌਰ ਗੁੰਮਨਾਮੀ ਦੀਆਂ ਘੁੰਮਣ-ਘੇਰੀਆਂ ਨਾਲ ਖਹਿੰਦੀ ਹੋਈ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਗੁਰੂਸਰ ਸੁਧਾਰ ਵਿਖੇ ਇਸ ਸੰਸਾਰ ਨੂੰ ਅਲਵਿਦਾ ਆਖ ਗਈ। ਉੱਚ ਕੋਟੀ ਦੀ ਪੜ੍ਹੀ-ਲਿਖੀ ਦਲਜੀਤ ਕੌਰ ਅਤੇ ਪੰਜਾਬੀ ਫਿਲਮਾਂ ਦੇ ਹੀਰੋ ਵਰਿੰਦਰ ਦੀ ਜੋੜੀ ਦੀ ਕਿਸੇ ਸਮੇਂ ਵੀ ਚਰਚਾ ਹੁੰਦੀ ਸੀ। ਦਲਜੀਤ ਕੌਰ ਨੇ ਆਪਣੇ ਫ਼ਿਲਮੀ ਜੀਵਨ ਦੌਰਾਨ ਵੱਡੀ ਗਿਣਤੀ ਵਿੱਚ ਹਿੱਟ ਫ਼ਿਲਮਾਂ ਪੰਜਾਬੀ ਸਿਨੇਮੇ ਨੂੰ ਦਿੱਤੀਆਂ ਸਨ ਪਰ ਆਪਣੇ ਜੀਵਨ ਸਾਥੀ ਦੀ ਮੌਤ ਤੋਂ ਬਾਅਦ ਉਹ ਬੁਰੀ ਤਰਾਂ ਟੁੱਟ ਗਈ। ਦਲਜੀਤ ਕੌਰ ਦੇ ਆਪਣੀ ਕੋਈ ਔਲਾਦ ਨਾ ਹੋਣ ਕਾਰਨ ਉਸ ਨੇ ਆਪਣੀ ਜ਼ਿੰਦਗੀ ਦੇ ਪਿਛਲੇ ਪੱਖ ਨੂੰ ਮੁੰਬਈ ਵਿਖੇ ਬਿਤਾਉਣ ਤੋਂ ਬਾਆਦ ਪੰਜਾਬ ਆ ਕੇ ਆਪਣੇ ਸਰੋਤਿਆਂ ਨਾਲੋਂ ਹਮੇਸ਼ਾਂ ਲਈ ਨਾਤਾ ਤੋੜ ਲਿਆ। ਬਿਨਾਂ ਸ਼ੱਕ ਦਲਜੀਤ ਕੌਰ ਦੇ ਪੰਜਾਬੀ ਸਿਨੇਮੇ ਅੰਦਰ ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਪਰ ਇਹ ਵਰ੍ਹਾ ਉਸ ਤੇ ਵੀ ਭਾਰੀ ਰਿਹਾ। ਨਾਮੀ ਗਾਇਕ ਗੁਰਮੀਤ ਸਣੇ ਕਈ ਹੋਰ ਪੁਰਾਣੇ ਕਲਾਕਾਰਾਂ ਦੇ ਵਿਛੋੜੇ ਨੇ ਪੰਜਾਬੀ ਸੰਗੀਤ ਇੰਡਸਟਰੀ ਨੂੰ ਧੁਰ ਅੰਦਰੋਂ ਹਿਲਾ ਕੇ ਰੱਖ ਦਿੱਤਾ। 2022 ਦੌਰਾਨ ਹੀ ਬਹੁਤੇ ਕਲਾਕਾਰਾਂ ਦੇ ਗੀਤ ਆਏ ਗਏ ਅਤੇ ਗਏ ਦੀ ਲੀਹ ਤੇ ਚਲਦਿਆਂ ਲੋਕ ਜੁਬਾਨ ਦਾ ਰਸ ਨਾ ਮਾਣ ਸਕੇ। ਕਈ ਚੰਗੇ ਕਲਾਕਾਰਾਂ ਦੇ ਗੀਤ ਵੀ ਲੋਕਾਂ ਨੇ ਨਕਾਰ ਦਿੱਤੇ। ਪੰਜਾਬੀ ਸੰਗੀਤ ਇੰਡਸਟਰੀ ਵਿਚ ਭਾਵੇਂ ਇਸ ਸਮੇਂ ਦਰਜਨ ਦੇ ਕਰੀਬ ਕਲਾਕਾਰਾਂ ਨੇ ਪੈਸੇ ਖਰਚ ਕੇ ਆਪਣੀ ਵੱਖਰੀ ਥਾਂ ਬਣਾਉਣ ਲਈ ਹੱਥ-ਪੈਰ ਜ਼ਰੂਰ ਮਾਰੇ ਪਰ ਉਨ੍ਹਾਂ ਦੀ ਵੀ ਗੱਲ ਨਾ ਬਣ ਸਕੀ। ਕਈਆਂ ਦੇ ਗਾਏ ਗੀਤ ਤਾਂ ਮਸ਼ਹੂਰੀ ਜੋਗਾ ਪੈਸਾ ਵੀ ਨਾ ਬਣਾ ਸਕੇ। ਕਈ ਪੰਜਾਬੀ ਗਾਇਕਾਂ ਨੇ ਇਸ ਵਰੇ ਗੀਤਾਂ ਵਿੱਚ ਬੁਰੀ ਤਰ੍ਹਾਂ ਮਾਰ ਖਾਣ ਤੋਂ ਬਾਅਦ ਪੰਜਾਬੀ ਫ਼ਿਲਮਾਂ ਅੰਦਰ ਹੱਥ ਅਜਮਾਉਣ ਦੀ ਕੋਸ਼ਿਸ਼ ਕੀਤੀ ਪਰ ਉਥੇ ਵੀ ਕੁਝ ਪੱਲੇ ਨਾ ਪਿਆ ਅਤੇ ਕਰਜਾਈ ਹੋ ਕੇ ਰਾਜਸਥਾਨ ਦੇ ਟਿੱਬਿਆਂ ਵੱਲ ਅੱਕੀਂ ਪਲਾਹੀਂ ਹੱਥ ਮਾਰਦੇ ਵੇਖੇ ਗਏ। ਹਾਂ ਕਈ ਸਦਾ ਬਹਾਰ ਗਾਇਕ ਗੁਰਦਾਸ ਮਾਨ, ਪੰਮੀ ਬਾਈ,ਸਤਿੰਦਰ ਸਰਤਾਜ, ਦਲਜੀਤ ਦੁਸਾਂਝ ਗਿੱਪੀ ਗਰੇਵਾਲ, ਸੁਖਵਿੰਦਰ ਸੁੱਖੀ, ਹਰਜੀਤ ਹਰਮਨ, ਹਰਭਜਨ ਮਾਨ, ਰਵਿੰਦਰ ਗਰੇਵਾਲ, ਰਣਜੀਤ ਬਾਵਾ, ਕੰਵਰ ਗਰੇਵਾਲ, ਰਾਜ ਕਾਕੜਾ ਆਦਿ ਵੱਲੋਂ ਆਪਣੇ ਗੀਤਾਂ ਰਾਹੀਂ ਭਰਵੀਂ ਹਾਜ਼ਰੀ ਲਵਾ ਕੇ ਦਰਸ਼ਕਾਂ ਦੇ ਚੇਤਿਆਂ ਵਿੱਚ ਵਸਣ ਦਾ ਯਤਨ ਜ਼ਰੂਰ ਕੀਤਾ ਗਿਆ। ਇਸ ਵਰ੍ਹੇ ਇਕ ਗੱਲ ਪੰਜਾਬੀ ਸੰਗੀਤ ਜਗਤ ਅੰਦਰ ਅਹਿਮ ਰਹੀ ਕਿ ਕਈ ਕਲਾਕਾਰਾਂ ਵੱਲੋਂ ਲੱਚਰਤਾ ਭਰਪੂਰ ਗੀਤਾਂ ਤੋਂ ਦੂਰੀ ਬਣਾ ਕੇ ਕੁਝ ਚੰਗਾ ਕਰਨ ਨੂੰ ਪਹਿਲ ਦਿੰਦਿਆਂ ਕਾਫ਼ੀ ਕੁਝ ਵੱਖਰਾ ਕਰਨ ਦਾ ਯਤਨ ਕੀਤਾ ਗਿਆ ਜਿਸਨੂੰ ਕਾਬਲੇ-ਤਰੀਫ਼ ਆਖਿਆ ਜਾ ਸਕਦਾ ਹੈ। ਇਸ ਵਰ੍ਹੇ ਦੇ ਆਖਰੀ ਦਿਨਾਂ ਦੌਰਾਨ ਕੇਂਦਰੀ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਵੱਲੋਂ ਕਈ ਨਾਮਵਰ ਪੰਜਾਬੀ ਕਲਾਕਾਰਾਂ ਦੇ ਘਰਾਂ ਤੇ ਮਾਰੇ ਛਾਪਿਆਂ ਦੀ ਚਰਚਾ ਕਈ ਦਿਨ ਹੁੰਦੀ ਰਹੀ। ਕੁੱਲ ਮਿਲਾ ਕੇ 2022 ਦਾ ਵਰ੍ਹਾ ਪੰਜਾਬੀ ਗਾਇਕੀ ਦੇ ਖੇਤਰ ਅੰਦਰ ਕਲਾਕਾਰਾਂ ਦੇ ਲੱਚਰਤਾ ਤੋਂ ਪਾਸਾ ਵੱਟਣ ਦੇ ਬਾਵਜੂਦ 'ਚੰਗੇ ਪਾਸੇ' ਨੂੰ ਕੋਈ ਵੱਖਰੀ ਪਛਾਣ ਨਾ ਬਣਾ ਸਕਿਆ। ਮਾਲਕ ਮੇਹਰ ਕਰੇ ਅਗਲੇ ਵਰ੍ਹੇ ਅੰਦਰ ਪੰਜਾਬੀ ਸੰਗੀਤ ਇੰਡਸਟਰੀ ਪੰਜਾਬੀ ਸਮਾਜ ਦੀ ਤਰਜਮਾਨੀ ਕਰਦਿਆਂ ਨਵੀਆਂ ਪਿਰਤਾਂ ਜ਼ਰੂਰ ਪਾਵੇ।

# ਸਿੱਖ ਵੈਲਿਊਸ ਲਰਨਿੰਗ ਸੈਂਟਰ ਕੈਲਗਰੀ ਵਿਖੇ ਦੋ ਦਿਨਾਂ ਕੈਂਪ ਪ੍ਰਣਾਮ ਸ਼ਹੀਦਾਂ ਨੂੰ ਲਾਇਆ ਗਿਆ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ): ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀਆਂ ਸ਼ਹਾਦਤਾਂ ਨੂੰ ਸਮਰਪਿਤ ਸਿੱਖ ਵੈਲਿਊਸ ਲਰਨਿੰਗ ਸੈਂਟਰ ਕੈਲਗਰੀ ਵਿਖੇ ਲਾਏ ਗਏ ਦੋ ਦਿਨਾਂ ਕੈਂਪ ਪ੍ਰਣਾਮ ਸ਼ਹੀਦਾਂ ਨੂੰ ਵਿੱਚ 80 ਬੱਚਿਆਂ ਅਤੇ ਨੌਜਵਾਨਾਂ ਨੇ ਹਿੱਸਾ ਲਿਆ। ਲਰਨਿੰਗ ਸੈਂਟਰ ਦੀ ਐਡਮਿਨਿਸਟਰੇਟਿਵ ਐਸਿਸਟੈਂਟ ਸੁਖਮਨ ਕੌਰ ਨੇ ਦੱਸਿਆ ਕਿ ਇਸ ਕੈਂਪ ਵਿੱਚ ਦੋ ਸਲੌਟਸ ਰੱਖੇ ਗਏ ਸਨ ਜੋ ਕਿ ਪਹਿਲਾ ਸਲੌਟ ਦਸੰਬਰ 27 ਅਤੇ 28 ਨੂੰ ਅਤੇ ਦੂਜਾ ਸਲੌਟ ਦਸੰਬਰ 29 ਅਤੇ 30 ਨੂੰ ਸੀ। ਚਾਰ ਦਿਨਾਂ ਦੇ ਇਸ ਕੈਂਪ ਦੇ ਪਹਿਲੇ ਸਲੌਟ ਵਿੱਚ 36 ਵਿਦਿਆਰਥੀ ਅਤੇ ਦੂਜੇ ਸਲੌਟ ਵਿੱਚ 44 ਵਿਦਿਆਰਥੀਆਂ ਨੇ ਹਿੱਸਾ ਲਿਆ।

ਉਹਨਾਂ ਦੱਸਿਆਂ ਕਿ ਇਸ ਕੈਂਪ ਵਿੱਚ ਗੁਰੂ ਸਾਹਿਬ ਜੀ ਦੇ ਪਰਿਵਾਰ ਦੀਆਂ ਸ਼ਹਾਦਤਾਂ ਵਾਰੇ ਗਿਆਨੀ ਰਾਮ ਸਿੰਘ ਚਹਿਲਾਂ ਵੱਲੋਂ ਜੋ ਬਹੁਤ ਹੀ ਦਿਲਚਸਪ ਜਾਣਕਾਰੀ ਨਾਲ ਭਰਪੂਰ ਪੰਜ ਸਲਾਈਡ ਸ਼ੋਅ ਪੇਸ਼ ਕੀਤੇ ਗਏ। ਪਹਿਲਾ ਸਲਾਈਡ ਸ਼ੋਅ ਗੁਰੂ ਜੀ ਦੇ ਪਰਿਵਾਰ ਦੀਆਂ ਸੱਤ ਭਿਆਨਕ ਰਾਤਾਂ ਬਾਰੇ ਸੀ। ਦੂਜਾ ਸਲਾਈਡ ਸ਼ੋਅ ਉਸ ਸਮੇਂ ਦੀਆਂ ਪਵਿਤਰ ਰੂਹਾਂ ਬਾਰੇ ਸੀ। ਤੀਜਾ ਸਲਾਈਡ ਸ਼ੋਅ ਗੁਰੂ ਜੀ ਲਈ ਕੁਰਬਾਨੀ ਕਰਨ ਵਾਲੀਆਂ ਸਖਸ਼ੀਅਤਾਂ ਦੇ ਜੀਵਨ ਬਾਰੇ ਸੀ। ਚੌਥੇ ਸਲਾਈਡ ਸ਼ੋਅ ਵਿੱਚ ਉਸ ਸਮੇਂ ਦੀਆਂ ਕਲੰਕਿਤ ਰੂਹਾਂ ਵਾਰੇ ਚਾਨਣਾ ਪਇਆ ਗਿਆ ਅਤੇ ਪੰਜਵੇਂ ਸਲਾਈਡ ਸ਼ੋਅ ਵਿੱਚ ਬਹੁਤ ਹੀ ਕੀਮਤੀ ਜਾਣਕਾਰੀ ਦਿੱਤੀ ਗਈ ਕਿ ਕਿਵੇਂ ਰੋਜਾਨਾਂ ਦੀ ਜਿੰਦਗੀ ਵਿੱਚ ਦਿਨ ਵਿੱਚ 17 ਕੀਮਤੀ ਸਮਿਆਂ ਤੇ ਗੁਰਬਾਣੀ ਨੂੰ ਆਪਣੀ ਜਿੰਦਗੀ ਵਿੱਚ ਜੀਣ ਲਈ ਗੁਰਬਾਣੀ ਦੀਆਂ ਪੰਗਤੀਆਂ ਨੂੰ ਜ਼ਿਹਨ ਵਿੱਚ ਰੱਖ ਕੇ ਇੱਕ ਆਦਰਸ਼ ਨਾਗਰਿਕ ਬਣਿਆ ਜਾ ਸਕਦਾ ਹੈ।




ਇਸ ਤੋਂ ਇਲਾਵਾ ਲਰਨਿੰਗ ਦੀਆਂ ਦੋ ਐਸਿਸਟੈਂਟ ਟੀਚਰ ਮੰਨਤ ਕੌਰ ਅਤੇ ਮੁਸਕਾਨ ਕੌਰ ਵੱਲੋਂ ਬਹੁਤ ਹੀ ਸੁੰਦਰ ਤਿੰਨ ਸਲਾਈਡ ਸ਼ੋਅ ਸਥਿਰ ਮਾਸਕਿਤਾ (ਫਿਕਸਡ ਮਾਈਂਡ ਸੈੱਟ), ਵਿਕਾਸ ਮਾਨਸਿਕਤਾ (ਗਰੋਥ ਮਾਈਂਡ ਸੈੱਟ) ਅਤੇ ਸਕੂਲ ਅਤੇ ਸਮਾਜ ਵਿੱਚ ਹੋ ਰਹੀ ਬੁਲਿੰਗ ਬਾਰੇ ਪੇਸ਼ ਕੀਤੇ ਗਏ। ਕੈਂਪ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਅਤੇ ਕਿਸ਼ੋਰ ਅਵਸਥਾ ਦੇ (ਟੀਨਏਜਰਸ) ਨੌਜਵਾਨਾਂ ਲਈ ਗੁਰਮਤਿ ਗੇਮਾਂ ਕਰਵਾ ਕੇ ਉਹਨਾਂ ਦਾ ਮਨੋਰੰਜਨ ਵੀ ਕਰਵਾਇਆ ਗਿਆ।

ਉਹਨਾਂ ਦੱਸਿਆ ਕਿ ਕੈਂਪ ਦੇ ਵਿਦਿਆਰਥੀਆਂ ਨੇ ਜਿੱਥੇ ਸਵਾਲ ਜਵਾਬ ਅਤੇ ਡਿਸਕਸ਼ਨ ਵਿੱਚ ਬਹੁਤ ਹੀ ਉਤਸਾਹ ਨਾਲ ਹਿੱਸਾ ਲਿਆ ਉੱਥੇ ਲੋਅਪ੍ਰੀਤ ਸਿੰਘ, ਗੁਰਸ਼ਾਨ ਸਿੰਘ, ਮਹਿਤਾਬ ਸਿੰਘ, ਕੀਰਤ ਕੌਰ, ਮਿਲਨ ਕੌਰ, ਜੈਸਲੀਨ ਕੌਰ, ਨਵਨੂਰ ਕੌਰ ਅਤੇ ਜਪਨੀਤ ਕੌਰ ਨੇ ਸਾਹਿਬਜਾਦਿਆਂ ਨਾਲ ਸਬੰਧਿਤ ਕਵਿਤਾਵਾਂ ਸੁਣਾਈਆਂ ਅਤੇ ਅਮਰ ਸਿੰਘ ਅਤੇ ਹਰਲੀਨ ਕੌਰ ਨੇ ਬਾ-ਕਮਾਲ ਕਵੀਸ਼ਰੀ ਸੁਣਾਈ। ਆਖੀਰ ਤੇ ਉਹਨਾਂ ਨੇ ਦੱਸਿਆ ਕਿ ਇਸ ਲਰਨਿੰਗ ਸੈਂਟਰ ਵਿੱਚ ਸਿੱਖ ਕੌਮ ਦੀ ਨਵੀਂ ਪੀੜ੍ਹੀ ਨੂੰ ਗੁਰੂ ਵਿਰਸੇ ਦਾ ਗਿਆਨ ਅਤੇ ਸਿੱਖੀ ਵਿਰਸੇ ਦੀਆਂ ਅਮੀਰ ਕਦਰਾਂ ਕੀਮਤਾਂ ਨੂੰ ਅਕੈਡਮਿਕ ਰੂਪ ਵਿੱਚ ਸਮਾਰਟ ਕਲਾਸਾਂ ਰਾਹੀਂ ਪੜ੍ਹਾਇਆ ਜਾਂਦਾ ਹੈ। ਇਥੇ ਗੁਰਮਤਿ ਕਲਾਸਾਂ, ਕੀਰਤਨ ਕਲਾਸ, ਗੁਰਬਾਣੀ ਸੰਥਿਆ ਤੇ ਵਿਆਖਿਆ ਕਲਾਸਾਂ, ਵੀਕਐਂਡ ਈਵਨਿੰਗ ਗੁਰਮਤਿ ਕਲਾਸਾਂ ਤੋਂ ਇਲਾਵਾ ਮਾਂ ਬੋਲੀ ਪੰਜਾਬੀ ਸਿਖਾਉਣ ਲਈ ਕਲਾਸਾਂ ਵੀ ਲਗਾਈਆਂ ਜਾਂਦੀਆਂ ਹਨ। ਇਹਨਾਂ ਕਲਾਸਾਂ ਵਾਰੇ ਸਿੱਖਮਿਊਨਿਟੀ ਡੌਟ ਨੈਟ ਵੈੱਬਸਾਈਟ ਰਾਹੀ ਜਾਂ ਸਿੱਖਵੈਲਿਊਸ ਐਟ ਜੀਮੇਲ ਡੌਟ ਕੌਮ ਰਾਹੀਂ ਈ-ਮੇਲ ਕਰਕੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

## ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ

ਹਾਸੇ ਖੇੜੇ ਤੜਕ ਸਵੇਰੇ ਮਾਂ ਬਾਪੂ ਦਾ ਪਿਆਰ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ।
ਸ਼ੁੱਧ ਚਰਿਤਰ ਦੀ ਪਰਿਭਾਸ਼ਾ ਮਿੱਠੇ-ਮਿੱਠੇ ਬੋਲ।
ਬੋਲਣ ਤੋਂ ਵੀ ਪਹਿਲਾਂ ਸੱਜਣਾਂ ਪੂਰਾ-ਪੂਰਾ ਤੋਲ।
ਮੰਦਿਰ ਵਿਚਲੀ ਪੂਜਾ ਵਾਂਗੂੰਸਭ ਦਾ ਕਰ ਸਤਿਕਾਰ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ।
ਦਹਿਲੀਜਾਂ ਤੇ ਸੁਰਖ ਸਵੇਰਾ ਸੱਚੇ-ਸੁੱਚੇ ਸਪਨੇ।
ਦਿਨ ਚੜ੍ਹਿਆ ਹੈ ਭਾਗਾਂ ਵਾਲਾ ਗ਼ੈਰ ਵੀ ਹੋਏ ਅਪਣੇ।
ਵਿਚ ਵਿਦੇਸ਼ੋਂ ਆਏ ਸੋਹਣੇ ਬੂਹੇ ਬੰਦਨਵਾਰ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਬੂਹੇ ਉਤੇ ਵੇਲ ਚੜ੍ਹੀ ਹੈ ਪਹਿਣ ਗੁਲਾਬੀ ਸਾੜ੍ਹੀ।
ਸੂਰਜ ਆਪਣੀ ਮਮਤਾ ਵਿਚੋਂ ਧੁੱਪ ਬਿਖੇਰੇ ਗਾੜ੍ਹੀ।
ਸਰਦੀ ਦੀ ਰੁੱਤ ਛਮ-ਛਮ ਆਈ ਕਰ ਕੇ ਹਾਰ ਸ਼ਿਗਾਰ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਫੁੱਲ ਖਿੜ੍ਹੇ ਨੇ ਡਾਲੀ-ਡਾਲੀ ਏਦਾਂ ਸੋਹਣੇ-ਸੋਹਣੇ।
ਨੰਨੇ-ਮੁੰਨ੍ਹੇ ਬੱਚੇ ਜਿੱਦਾਂ ਲਗਦੇ ਨੇ ਮਨਮੋਹਣੇ।
ਝਾਂਈ-ਮਾਂਈ ਬੱਚੇ ਕਰਦੇ ਘੁੰਢ ਵਿਚੋਂ ਦੀਦਾਰ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਸਭ ਦੇ ਦਿਲ ਵਿਚ ਸੱਚਾਈ ਦੇ ਦੀਵੇ ਜਗਦੇ ਹੋਵਣ।
ਝੁੱਗੀ ਝੌਂਪੜ ਬੇ-ਇਨਸਾਫੀ ਵਿੱਚ ਨਾ ਲੋਕੀਂ ਰੋਵਣ।
ਹੰਕਾਰ ਬੁਰਾਈ ਨਫ਼ਰਤ ਵਾਲੀ ਤੋੜ ਦਿਓ ਦੀਵਾਰ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਉੱਚ ਵਿਦਿਆ ਦੇ ਦਾਜ 'ਚ ਜਿਸ ਨੇ ਦਿੱਤੇ ਸਾਰੇ ਗਹਿਣੇ।
ਸੂਰਜ ਵਾਂਗੂ ਚਮਕਣ ਜਿਹੜੇ ਸੂਰਜ ਵਾਂਗੂੰ ਰਹਿਣੇ।
ਭੁੱਲ ਨਈਾਂ ਸਕਦੀਆਂ ਧੀਆਂ ਆਪਣੇ ਬਾਬਲ ਦਾ ਉਪਕਾਰ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਧੀਆਂ ਵਲੋਂ ਆਉਂਦੀਆਂ ਰਹਿਵਣ ਹਰ ਦਮ ਸੁਖਦ ਹਵਾਵਾਂ
ਜਿੱਦਾਂ ਸੰਘਣੇ ਰੁੱਖਾਂ ਹੇਠਾਂ ਠੰਡੀਆਂ ਮਿੱਠੀਆਂ ਛਾਵਾਂ।
ਧੀਆਂ ਦੇ ਘਰ ਰਹਿਮਤ ਵਾਲੇ ਰਹਿਣ ਭਰੇ ਭੰਡਾਰ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਇਹ ਧਰਤੀ ਹੈ ਜੰਨਤ ਵਰਗੀ ਜੰਨਤ ਹੋਰ ਬਣਾਓ।
ਸਭ ਧਰਮਾਂ ਦਾ ਇਕ ਗੁਲਦਸਦਾ ਆਦਰ ਵਿਚ ਸਜਾਓ।
ਪਿਆਰ ਮੁਹੱਬਤ ਘਰ-ਘਰ ਵੰਡੋ ਨਤਮਸਤਕ ਉਪਕਾਰ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ।
ਤੂਫਾਨਾਂ ਵਿਚ ਬਾਰਿਸ਼ ਝੱਖੜ ਬੰਦੇ ਦਾ ਇਉਂ ਜੀਣਾ।
ਜ਼ਹਿਰ ਕਦੀ ਹੈ ਪੀਣਾ ਪੈਂਦਾ ਅੰਮ੍ਰਿਤ ਵੀ ਹੈ ਪੀਣਾ।
ਵੇਖੋ ਦੀਵਾ ਜਗਦਾ ਜਾਂਦਾ ਸਾਗਰ ਦੇ ਵਿਚਕਾਰ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ।
ਮਿੱਠਤ ਬਾਣੀ ਪਾਈ ਐਸੀ ਖਿੜੀਆਂ ਸੁੰਦਰ ਕਲੀਆਂ।
ਬੁੱਲਾਂ ਉਤੇ ਏਦਾਂ ਹਾਸੇ ਜਿਉਂ ਮਿਸ਼ਰੀ ਦੀਆਂ ਡਲੀਆਂ।
ਖਿੜ੍ਹ-ਖਿੜ੍ਹ ਜਾਂਦੀ ਮੌਸਮ ਦੇ ਵਿਚ ਰਿਸ਼ਤੇ ਦੀ ਕਚਨਾਰ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ।
ਰਿਸ਼ਵਤਖੋਰੀ ਨਕਲ ਮਿਲਾਵਟ ਹੋਲੀ-ਹੋਲੀ ਮੁੱਕਣੇ।
ਗਹਿਰੇ ਜ਼ਖ਼ਮ ਤਾਂ ਸੁੱਕਦੇ-ਸੁੱਕਦੇ, ਸੁੱਕਦੇ-ਸੁੱਕਦੇ ਸੁਕਣੇ।
ਦੇਸ਼ ਵਿਦੇਸ਼ੀ ਵਧਦੇ ਜਾਣੇ ਭਾਰਤ ਦੇ ਵਿਉਪਾਰ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ।
ਤੇਰਾ ਤੇਰਾ ਨਾਨਕ ਤੋਲੇ ਸੱਚਾਈ ਦੇ ਨਾਲ।
ਭਾਗਾਂ ਵਾਲਾ ਮੰਨਿਆਂ ਜਾਂਦਾ ਵੀਹ ਸੌ ਤੇਈ ਸਾਲ।
ਬਾਜ਼ਾਰੀਕਰਨ 'ਚ ਇੱਕ ਪਿੰਡ ਹੋਇਆ ਇਹ ਸਾਰਾ ਸੰਸਾਰ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ।
ਸੱਚ ਨਿਮਰਤਾ ਮਿਹਨਤ ਵਿਦਿਆ ਇਹ ਅਦੁੱਤੀ ਗਹਿਣੇ
ਯੁੱਗ-ਯੁਗਾਂਤਰ ਤੀਕਰ ਰਹਿੰਦੇ ਯੁੱਗਾਂ ਤੀਕਰ ਰਹਿਣੇ।
'ਬਾਲਮ' ਦੇ ਹੁਣ ਲੱਗ ਕੇ ਆਖੇ ਪੱਲੇ ਬੰਨ ਗੁਣ ਚਾਰ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ।

ਬਲਵਿੰਦਰ ਬਾਲਮ
ਓਂਕਾਰ ਨਗਰ
ਗੁਰਦਾਸਪੁਰ
ਮੋ. 98156-25409

# ਭਾਰਤੀ ਮੂਲ ਦੇ ਇੱਕ ਹੋਰ ਵਿਅਕਤੀ ਨੂੰ ਅਮਰੀਕਾ 'ਚ ਮਿਲੀ ਅਹਿਮ ਜ਼ਿੰਮੇਵਾਰੀ

ਵਾਸ਼ਿੰਗਟਨ (ਪੰਜਾਬੀ ਅਖਬਾਰ ਬਿਊਰੋ)- ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਭਾਰਤੀ-ਅਮਰੀਕੀ ਮੂਲ ਦੇ ਰਾਜੀਵ ਬਡਿਆਲ ਨੂੰ ਇੱਕ ਅਹਿਮ ਰਾਸ਼ਟਰੀ ਪੁਲਾੜ ਸਲਾਹਕਾਰ ਸਮੂਹ ਵਿੱਚ ਨਾਮਜ਼ਦ ਕੀਤਾ ਹੈ। ਇਸ ਗਰੁੱਪ ਨੂੰ ਇੱਕ ਮਜ਼ਬੂਤ ਅਤੇ ਜ਼ਿੰਮੇਵਾਰ ਅਮਰੀਕੀ ਪੁਲਾੜ ਉੱਦਮ ਨੂੰ ਕਾਇਮ ਰੱਖਣ ਅਤੇ ਮੌਜੂਦਾ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਸਪੇਸ ਸੁਰੱਖ਼ਿਅਤ ਕਰਨ ਦਾ ਕੰਮ ਸੌਂਪਿਆ ਗਿਆ ਹੈ। ਦਰਅਸਲ ਐਮਾਜ਼ੋਨ ਦੇ ਪ੍ਰੋਜੈਕਟ ਕੁਇਪਰ ਦੇ ਉੱਪ-ਚੇਅਰਮੈਨ ਬਡਿਆਲ 16 ਦਸੰਬਰ ਨੂੰ ਨੈਸ਼ਨਲ ਸਪੇਸ ਕੌਂਸਲ ਦੇ ਉਪਭੋਗਤਾ ਸਲਾਹਕਾਰ ਸਮੂਹ (ਯੂ.ਏ.ਜੀ.) ਲਈ ਹੈਰਿਸ ਦੁਆਰਾ ਨਾਮਜ਼ਦ ਕੀਤੇ ਗਏ 30 ਪੁਲਾੜ ਮਾਹਿਰਾਂ ਵਿੱਚੋਂ ਇੱਕ ਹੈ। ਜ਼ਿਕਰਯੋਗ ਹੈ ਕਿ ਹੈਰਿਸ ਨੇ ਯੂ.ਏ.ਜੀ. ਦੇ ਪ੍ਰਧਾਨ ਦੇ ਰੂਪ ਵਿੱਚ ਯੂ.ਐੱਸ. ਏਅਰ ਫ਼ੋਰਸ ਦੇ ਰਿਟਾਇਰਡ ਜਨਰਲ ਲੈਸਟਰ ਲਾਇਲਸ ਨੂੰ ਨਾਮਜ਼ਦ ਕੀਤਾ ਸੀ। ਪ੍ਰੋਜੈਕਟ ਕੁਇਪਰ ਲੋਅ ਅਰਥ ਔਰਬਿਟ ਸੈਟੇਲਾਈਟਾਂ ਦੇ ਇੱਕ ਤਾਰਾ ਮੰਡਲ ਨੂੰ ਲੌਂਚ ਕਰਨ ਲਈ ਇੱਕ ਲੰਬੀ-ਅਵਧੀ ਦੀ ਪਹਿਲਕਦਮੀ ਹੈ ਜੋ ਦੁਨੀਆਂ ਭਰ ਵਿੱਚ ਗੈਰ-ਸੇਵਾ ਕੀਤੇ ਅਤੇ ਘੱਟ ਸੇਵਾ ਵਾਲੇ ਭਾਈਚਾਰਿਆਂ ਨੂੰ ਘੱਟ-ਲੇਟੈਂਸੀ, ਉੱਚ-ਸਪੀਡ ਬ੍ਰਾਡਬੈਂਡ ਕਨੈਕਟੀਵਿਟੀ ਪ੍ਰਦਾਨ ਕਰੇਗਾ। ਪਹਿਲਾਂ ਉਹ ਸਪੇਸਐਕਸ 'ਤੇ ਸੈਟੇਲਾਈਟ ਦੇ ਉੱਪ ਪ੍ਰਧਾਨ ਸਨ। ਉਸ ਨੇ ਓਰੇਗਨ ਸਟੇਟ ਯੂਨੀਵਰਸਿਟੀ ਤੋਂ ਇਲੈਕਟ੍ਰੀਕਲ ਅਤੇ ਕੰਪਿਊਟਰ ਇੰਜਨੀਅਰਿੰਗ ਵਿੱਚ ਮਾਸਟਰਜ਼ ਕੀਤਾ ਹੈ। ਵ੍ਹਾਈਟ ਹਾਊਸ ਨੇ ਇੱਕ ਬਿਆਨ 'ਚ ਕਿਹਾ ਕਿ ਯੂਏਜੀ ਪੁਲਾੜ ਨੀਤੀ ਅਤੇ ਰਣਨੀਤੀ ਨਾਲ ਜੁੜੇ ਮਾਮਲਿਆਂ 'ਤੇ ਰਾਸ਼ਟਰੀ ਪੁਲਾੜ ਪ੍ਰੀਸ਼ਦ ਨੂੰ ਸਲਾਹ ਅਤੇ ਸਿਫ਼ਾਰਿਸ਼ਾਂ ਪ੍ਰਦਾਨ ਕਰੇਗਾ। ਇਸ ਵਿੱਚ ਸਰਕਾਰ ਦੀਆਂ ਨੀਤੀਆਂ, ਕਾਨੂੰਨਾਂ, ਨਿਯਮਾਂ, ਸੰਧੀਆਂ, ਅੰਤਰਰਾਸ਼ਟਰੀ ਯੰਤਰਾਂ, ਪ੍ਰੋਗਰਾਮਾਂ ਅਤੇ ਸਿਵਲ, ਵਪਾਰਕ, ਅੰਤਰਰਾਸ਼ਟਰੀ ਅਤੇ ਰਾਸ਼ਟਰੀ ਸੁਰੱਖਿਆ ਸਪੇਸ ਸੈਕਟਰ ਸ਼ਾਮਲ ਹਨ।

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance



Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.






# ਟੁੱਟ ਗਈ ਤੜੱਕ ਕਰਕੇ ਗੀਤ ਅਸਲ ਵਿੱਚ ਤਾਂ ਚਾਨਣ ਗੋਬਿੰਦਪੁਰੀ ਦਾ ਲਿਖਿਆ ਹੋਇਐ

ਪੰਜਾਬ ਦੇ ਪ੍ਰਸਿੱਧ ਸ਼ਾਇਰ ਜਨਾਬ ਚਾਨਣ ਗੋਬਿੰਦਪੁਰੀ ਦੀ ਇੱਕ ਰਚਨਾ ਜੋ ਉਹਨਾਂ ਦੀ 1955 ਦੀ ਲਿਖਤ ਐ, ਇਸਨੂੰ ਲਹਿੰਦੇ ਪੰਜਾਬ ਦੇ ਗਾਇਕ ਤੁਫਾਇਲ ਨਿਆਜੀ ਨੇ ਲਾਹੌਰ ਟੈਲੀਵੀਜ਼ਨ ਦੇ ਉਦਘਾਟਨੀ ਸਮਾਰੋਹ ਤੇ ਗਾਇਆ ਸੀ, ਉਸਤੋਂ ਬਾਅਦ ਚੜ੍ਹਦੇ 'ਤੇ ਲਹਿੰਦੇ ਪੰਜਾਬ ਦੇ ਅਨੇਕਾਂ ਹੀ ਗਾਇਕ ਗਾਇਕਾਵਾਂ ਨੇ ਇਹ ਗੀਤ ਗਾਇਆ, ਮੈਨੂੰ ਇਹ ਗੀਤ ਉਰਦੂ ਵਿੱਚ ਲਿਖਿਆ ਮਿਲਿਆ ਜੋ ਪਾਠਕਾਂ ਦੀ ਦਿਲਚਸਪੀ ਲਈ ਪੰਜਾਬੀ ਵਿੱਚ ਲਿਖ ਕੇ ਸਾਂਝਾ ਕਰ ਰਿਹਾ ਹਾਂ।

**ਲਾਈ ਬੇਕਦਰਾਂ ਨਾਲ ਯਾਰੀ**
**ਕਿ ਟੁੱਟ ਗਈ ਤੜੱਕ ਕਰਕੇ**

ਬਚਪਨ ਗਿਆ ਜਵਾਨੀ ਆਈ ਖਿੜ ਗਈਆਂ ਗੁਲਜ਼ਾਰਾਂ
ਕਲੀਆਂ ਸੂਹੇ ਰੰਗ ਵਟਾਏ ਟਹਿਕੀਆਂ ਅਜ਼ਬ ਬਹਾਰਾਂ
ਜ਼ੁਲਫਾਂ ਸ਼ਾਮ ਘਟਾ ਚੜ੍ਹ ਆਈਆਂ ਅੱਖੀਆਂ ਤੇਜ ਕਟਾਰਾਂ
ਜਿੱਧਰ ਜਾਵਣ ਕਤਲ ਕਰਾਵਣ ਹੁਸਨ ਦੀਆਂ ਸਰਕਾਰਾਂ
ਪੀਂਘ ਮਾਹੀ ਦੀ ਝੂਟਣ ਆਈਆਂ ਮਸਤ ਅੱਲੜ੍ਹ ਮੁਟਿਆਰਾਂ
ਵਾਰੋ ਵਾਰੀ ਪੀਂਘ ਝੁਟਾਵਣ ਨਖਰੇ ਕਰਨ ਹਜ਼ਾਰਾਂ
ਜਦੋਂ ਆਈ ਤੱਤੜੀ ਦੀ ਵਾਰੀ,
ਕਿ ਟੁੱਟਗੀ ਤੜੱਕ ਕਰਕੇ -----
ਜਿਸ ਦਮ ਸਈਓ ਮਸਤ ਜਵਾਨੀ ਹੋਸ਼ ਚ ਆਵਣ ਲੱਗੀ
ਅੱਗ ਪਰਾਈ ਅੰਦਰ ਆਪਣਾ ਆਪ ਮੈਂ ਤਾਵਣ ਲੱਗੀ
ਦਿਲ ਮੇਰੇ ਦੀ ਧੜਕਣ ਵੀ ਫੇਰ ਰੰਗ ਵਟਾਵਣ ਲੱਗੀ
ਜਾਗੇ ਭਾਗ ਮਾਹੀ ਘਰ ਆਇਆ, ਸ਼ਗਨ ਮਨਾਵਣ ਲੱਗੀ
ਭਰਕੇ ਪੈਗ ਦਿੱਤਾ ਦਿਲਬਰ ਨੇ ਖੁਸ਼ੀ ਮਨਾਵਣ ਲੱਗੀ
ਮਸਤੀ ਦੇ ਵਿੱਚ ਪ੍ਰੇਮ ਪਿਆਲੀ ਮੂੰਹ ਨੂੰ ਲਾਵਣ ਲੱਗੀ
ਬੁਲ੍ਹਾਂ ਨਾਲ ਲਾਈ ਜਾਂ ਇਕ ਵਾਰੀ
ਕਿ ਟੁੱਟਗੀ ਤੜੱਕ ਕਰਕੇ -----
ਗੁਜ਼ਰੀ ਰਾਤ ਜੁਦਾਈਆਂ ਵਾਲੀ, ਵਕਤ ਫਜ਼ਰ ਦਾ ਹੋਇਆ
ਅਚਨਚੇਤ ਜਾਂ ਮਾਹੀਆ ਸਾਡੇ ਵੇਹੜੇ ਆਣ ਖਲੋਇਆ
ਚੜ੍ਹਿਆ ਚੰਨ ਖੁਸ਼ੀ ਦਾ ਮੈਨੂੰ ਤੇਲ ਮੁਖਾਂ ਵਿੱਚ ਚੋਇਆ
ਉਸ ਦਿਨ ਮੇਰਾ ਨਸੀਬਾ ਮੈਥੋਂ ,ਲੱਖ ਲੱਖ ਸਦਕੇ ਹੋਇਆ
ਚੁਣ ਚੁਣ ਫੁੱਲ ਉਮੀਦਾਂ ਦੇ ਮੈਂ ਸੋਹਣਾ ਹਾਰ ਪਰੋਇਆ
'ਚਾਨਣ' ਚੁੱਕ ਕੇ ਹਾਰ ਜਦੋਂ ਮੈਂ ਨਾਲ ਗਲੇ ਦੇ ਛੋਹਿਆ
ਭੈੜੀ ਨਿਕਲੀ ਡੋਰ ਨਿਕਾਰੀ
'ਤੇ ਟੁੱਟ ਗਈ ਤੜੱਕ ਕਰਕੇ -----



## "ਦੋ ਤਾਰਾ ਵਜਦਾ ਵੇ ਨੂਰ ਮਹਿਲ ਦੀ ਮੋਰੀ"

ਦੋ ਤਾਰਾ ਵਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ
ਚੱਲ ਆਪਾਂ ਵੀ ਚੱਲੀਏ ਵੇ, ਸੋਹਣਿਆ ਸਾਨੂੰ ਕੀਹਦੀ ਚੋਰੀ
ਜਾਂ
ਦੋ ਤਾਰਾ ਵੱਜਦਾ ਵੇ,ਰਾਂਝਣਾ ਨੂਰ ਮਹਿਲ ਦੀ ਮੋਰੀ
ਫੁੱਲ ਵਿਕਣੇ ਆ ਗਏ ਵੇ,ਸੋਹਣਿਆਂ ਟੱਕੇ ਟੱਕੇ ਦੀ ਜੋੜੀ
ਤੂੰ ਮੈਨੂੰ ਲੈ ਦੇ ਵੇ ਰਾਂਝਣਾ, ਮਾਂ ਆਪਣੀ ਤੋਂ ਚੋਰੀ

ਗੱਲ ਕੀ ਬਹੁਤ ਲੰਮੇ ਸਮੇਂ ਤੋਂ ਵੱਖ ਵੱਖ ਗੀਤਕਾਰਾਂ ਦੀ ਆਪਣੇ ਆਪਣੇ ਢੰਗ ਨਾਲ ਵਰਤੀ ਗਈ ਇੱਕ ਸਤਰ " ਦੋ ਤਾਰਾ ਵਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ " ਪੰਜਾਬ ਦੇ ਹਰ ਵੱਡੇ ਛੋਟੇ ਗਾਇਕ ਦੀ ਆਵਾਜ਼ ਵਿੱਚ ਸੁਣਦੇ ਆਏ ਹਾਂ, ਸੁਆਲ ਮਨ ਵਿੱਚ ਉਠਦਾ ਹੈ ਕਿ ਇਹ ਨੂਰ ਮਹਿਲ ਦੀ ਮੋਰੀ ਕੀ ਐ ?

ਕੁੱਲ ਦੁਨੀਆਂ ਜਾਣਦੀ ਐ ਕਿ ਨੂਰਮਹਿਲ ਇਤਿਹਾਸਿਕ ਨਗਰ ਹੈ ਜਿੱਥੇ ਪੁਰਾਤਨ ਸਮੇਂ ਵਿੱਚ ਨੂਰ ਮਹਿਲ ਸਰਾਂ ( ਜੋ ਮੁਗਲ ਕਾਲ ਦੀ ਉੱਤਮ ਕਲਾ ਦਾ ਨਮੂਨਾ ਹੈ) ਦੀ ਉਸਾਰੀ ਕੀਤੀ ਗਈ, ਜਿਸਦੇ ਨਾਮ ਤੇ ਹੀ ਇਹ ਨਗਰ ਮਸ਼ਹੂਰ ਹੋਇਆ

ਮੁੱਢ ਕਦੀਮੋਂ ਹੀ ਪੰਜਾਬ ਵਿਦੇਸ਼ੀ ਧਾਵੜੀਆਂ ਲਈ ਪ੍ਰਵੇਸ਼ ਦੁਆਰ ਰਿਹਾ ਹੈ , ਜਦੋਂ ਵਿਦੇਸ਼ ਧਾੜਵੀ ਨੂਰਮਹਿਲ ਵਿੱਚ ਦਾਖਲ ਹੁੰਦੇ ਬੜੀ ਲੁੱਟ ਖਸੁੱਟ ਕਰਦੇ, ਜਿੱਧਰ ਲੇ ਪਾਸੇ ਦੀ ਉਹ ਨੂਰ ਮਹਿਲ ਵਿੱਚ ਦਾਖਲ ਹੁੰਦੇ ਉੱਧਰ ਇੱਕ ਮੁਹੱਲਾ ਵਸਿਆ ਹੋਇਆ ਸੀ

ਉਹਨਾਂ ਮੁਹੱਲਾ ਨਿਵਾਸੀਆਂ ਨੇ ਉਸ ਮੁਹੱਲੇ ਦੇ ਬਾਹਰ ਇੱਕ ਮੋਰੀ ਨੁਮਾਂ ਗੇਟ ਬਣਾ ਦਿੱਤਾ, ਜਿੱਥੋਂ ਦੀ ਘੋੜੇ ਸਮੇਤ ਤਾਂ ਕੀ ਆਦਮੀ ਨੂੰ ਵੀ ਕੋਡਾ ਹੋ ਕੇ ਅੰਦਰ ਦਾਖਲ ਹੋਣਾ ਪੈਂਦਾ ਸੀ, ਜਿਸਦੀ ਉਚਾਈ ਮਹਿਜ ਚਾਰ ਕੁ ਫੁੱਟ ਹੀ ਰੱਖੀ ਗਈ, ਇਸ ਨਾਲ ਉਹ ਵਿਦੇਸ਼ੀ ਧਾਵੜੀਆਂ ਤੋਂ ਸੁਰੱਖਿਅਤ ਹੋ ਗਏ।

ਇਸ ਮੁਹੱਲੇ ਦਾ ਨਾਮ 'ਮੋਰੀ ਮੁਹੱਲਾ' ਹੀ ਪੈ ਗਿਆ। ਇਸ ਮੁਹੱਲੇ ਵਿੱਚ ਇੱਕ ਭਰਾਈ ( ਭਰਾਈ ਇੱਕ ਖਾਸ ਜਾਤੀ ਸੀ ਜੋ ਪੀਰਾਂ ਦੀਆਂ ਮਜ਼ਾਰਾਂ ਤੇ ਗਾਉਂਦੇ ਵਜਾਉਂਦੇ ਸਨ ) ਰਹਿੰਦਾ ਸੀ ।

ਜੋ ਦੋ-ਤਾਰਾ ਵਜਾਉਣ ਵਿੱਚ ਬਹੁਤ ਮਾਹਿਰ ਸੀ। ਜਦੋਂ ਉਹ ਵਜਦ 'ਚ ਆਕੇ ਦੋ-ਤਾਰਾ ਵਜਾਉਂਦਾ ਤਾਂ ਕੰਮਾਂ ਤੋਂ ਥੱਕੇ ਟੁੱਟੇ ਲੋਕ ਮਨੋਰੰਜਨ ਖਾਤਰ ਉਹਦੇ ਦੁਆਲੇ ਕੱਠੇ ਹੋ ਜਾਂਦੇ।"ਦੋ ਤਾਰਾ ਵਜਦਾ ਵੇ ਨੂਰ ਮਹਿਲ ਦੀ ਮੋਰੀ" ਦੀ---- ਬੱਸ ਐਨੀ ਕੁ ਕਹਾਣੀ ਐ ।

# ਜਦੋਂ ਚਮਕੀਲੇ ਬੋਰਡ ਦੇਖ ਕੇ ਮਲਵਈ ਜੱਟ ਭਮੱਤਰ ਗਿਆ !




ਗੱਲ 1989 ਦੀਆਂ ਗਰਮੀਆਂ ਦੀ ਹੈ। ਮੇਰਾ ਪਹਿਲੀ ਵਾਰ ਦਿੱਲੀ ਘੁੰਮਣ ਦਾ ਸਬੱਬ ਬਣਿਆ। ਓਥੇ ਮੇਰਾ ਮਾਮੇ ਦਾ ਮੁੰਡਾ ਫੌਜ ਵਿੱਚ ਕਰਨਲ ਸੀ। ਮੈਂ ਉਸ ਕੋਲ ਰੁਕਿਆ। ਓਹ ਮੇਰੇ ਤੋਂ ਜਿੰਨਾ ਕੁ ਉਮਰ ਵਿੱਚ ਵੱਡਾ ਸੀ , ਸੁੱਖ ਨਾਲ ਓਹਦੇ ਜੁਆਕਾਂ ਤੋਂ ਮੈਂ ਵੀ ਲੱਗਭਗ ਓਨਾ ਕੁ ਹੀ ਵੱਡਾ ਸੀ। ਓਹਨਾਂ ਨੂੰ ਵੀ ਸਮਝ ਨਹੀਂ ਸੀ ਆਉਂਦੀ ਕਿ ਮੈਨੂੰ ਚਾਚਾ ਸੱਦਣ ਜਾਂ ਵੀਰਾ।

ਫੌਜੀਆਂ ਦੇ ਜੁਆਕ ਬੜ੍ਹੇ ਚੰਟ ਹੁੰਦੇ ਨੇ। ਸ਼ਾਮ ਪਈ ਤਾਂ ਵੱਡਾ ਮੁੰਡਾ ਮੈਨੂੰ ਪ੍ਰਿਆ ਸਕੂਟਰ ਤੇ ਚਾਣਕਿਆ ਪੁਰੀ ਸਥਿੱਤ Narula's ਲੈ ਗਿਆ ਜੋ ਉਨ੍ਹਾਂ ਦਿਨਾਂ ਵਿੱਚ ਨੌਜਵਾਨ ਮੁੰਡੇ ਕੁੜੀਆਂ ਦਾ ਸਭ ਤੋਂ ਚਹੇਤਾ spot ਸੀ। ਮੈਂ ਭਾਵੇਂ ਸਦਾ ਅਪਣੇ ਆਪ ਨੂੰ update ਕਰਨ ਦੀ ਕੋਸ਼ਿਸ਼ ਕਰਦਾ ਰਹਿਨਾਂ ਪਰ ਦਿੱਲੀ ਸਾਹਮਣੇ , ਲੁਧਿਆਣੇ ਦਾ network ਢਿੱਲਾ ਸੀ। ਖ਼ੈਰ ਅਸੀਂ ਅੰਦਰ ਜਾ ਵੜ੍ਹੇ। ਅੰਦਰ ਭਾਂਤ ਭਾਂਤ ਦੇ ਜਗਦੇ ਬੁਝਦੇ ਚਮਕੀਲੇ ਬੋਰਡ ਦੇਖ ਕੇ ਮਲਵਈ ਜੱਟ ਭਮੱਤਰ ਗਿਆ। ਭਤੀਜਾ ਪੁੱਛਣ ਲੱਗਾ , " ਕੀ ਖਾਓਂਗੇ? " ਦੱਸਾਂ ਤਾਂ ਮੈਂ ਤਾਂ ਜੇ ਓਹ ਸਭ ਕੁਝ ਕਦੇ ਦੇਖਿਆ ਹੋਵੇ। ਮੇਹਰ ਸਾਂਈਂ ਦੀ , ਮੇਰੀ ਨਜ਼ਰ ice cream ਆਲੇ freezer ਤੇ ਪੈ ਗਈ। Flavours ਦੇ ਨਾਂ ਲਿਖੇ ਹੋਣ ਕਰਕੇ ਮੇਰਾ ਕੰਮ ਹੋਰ ਵੀ ਸੁਖ਼ਾਲ਼ਾ ਹੋ ਗਿਆ ਵਰਨ੍ਹਾ ਯਾਰ ਹੋਣੀ ਤਾਂ ਰੰਗ ਦੇਖ ਕੇ ਹੀ ਆਡਰ ਦਿੰਦੇ ਆਏ ਸਨ। ਓਹ ਪੁੱਛੇ ਕੀ ਖਾਣਾ ਤੇ ਮੈਂ ਇੱਜਤ ਦਾ ਕਚਰਾ ਹੋਣ ਤੋਂ ਬਚਾਉਂਦਿਆਂ ਕਿਹਾ , " ਗਰਮੀ ਬਹੁਤ ਆ , ਚਿੱਤ ਘਬਰਾਉਂਦੈ , ਆਪਾਂ ice cream ਖਾਨੇਂ ਆਂ cone 'ਚ ਪਾ ਕੇ ।" ਮੈਂ ਬਨਾਉਟੀ confidence ਜਿਹਾ ਦਿਖਾ ਕੇ order ਕਰ ਮਾਰਿਆ ।



ਓਥੇ ਕਾਫੀ ਜ਼ਿਆਦਾ ਭੀੜ੍ਹ ਹੋਣ ਕਰਕੇ waiting ਚਲਦੀ ਸੀ ਤੇ ਵਾਰੀ ਆਉਣ ਤੇ self service ਕਰਨੀ ਪੈਂਦੀ ਸੀ। ਮੇਰੀ ਹਾਲਤ ਧੰਦ ਵਿੱਚ ਬੌਂਦਲੇ ਗਧੇ ਵਰਗੀ ਸੀ , ਲਿਹਾਜ਼ਾ further embarasment ਤੋਂ ਬੱਚਣ ਲਈ 10 ਕੁ ਮਿੰਟ washroom ਵਿੱਚ ਲੁਕ ਕੇ ਸੁੱਖ ਦਾ ਸਾਹ ਲਿਆ। Ice cream ਆ ਗਈ ਤੇ ਉਸਨੇ ਆਪ ਜਾ ਕੇ ਚੁੱਕਿਆ , ਵਰਨਾ ਅਪਣਾ ਜਲੂਸ ਨਿੱਕਲਣਾ ਵੱਟ ਤੇ ਪਿਆ ਸੀ । ਓਹਨੇ ਮੈਨੂੰ ਸ਼ੁਰੂ ਕਰਨ ਦਾ ਸੱਦਾ ਦਿੱਤਾ । ਸ਼ੁਰੂਆਤ ਤਾਂ ਹੁੰਦੀ ਜੇ ਮੈਨੂੰ ਪਤਾ ਹੁੰਦਾ ਕਿ ਸਹੁਰੀ ਦੇ ਨੂੰ ਖਾਣਾ ਕਿੱਧਰੋਂ ਆ। ਕੀ ਬੁਰਕੀਆਂ ਕਰਨੀਆਂ ਨੇ ਜਾਂ ਪਹਿਲਾਂ ਛੁਰੀਆਂ ਕਾਂਟੇ ਖੜਕਾਉਣੇ ਨੇ। ਭੁੱਖ ਦੇ ਸਤਾਏ ਪਰ ਹਾਲਾਤ ਦੇ ਮੱਦੇਨਜ਼ਰ ਆਪਾਂ ਗਧੀ ਗੇੜ੍ਹ 'ਚ ਪੈਣ ਨਾਲੋਂ ਸਿੱਧਾ ਬਾਈਪਾਸ ਮਾਰਿਆ ਤੇ ਕਿਹਾ , " ਮੁੰਡਿਆ , ਮੇਰਾ ਜੀਅ ਜਿਹਾ ਨੀ ਕਰਦਾ ਕੁਝ ਖਾਣ ਨੂੰ , ਏਸੇ ਲਈ ਤਾਂ ਠੰਡਕ ਪਾਉਣ ਨੂੰ ice cream ਲਈ ਆ।" ਓਹ ਇੱਕ ਦੋ ਵਾਰ ਜ਼ੋਰ ਲਾਉਣ ਤੋਂ ਬਾਅਦ ਮਨ ਮਸੋਸ ਕੇ ਇਕੱਲਾ ਹੀ ਖਾਣ ਲੱਗਾ ।


ਸਨੀ ਸਵੈਚ ਊਤ ਕਲੱਬ ਦੀਆਂ ਊਤੀਆਂ ਵਿੱਚੋਂ ਇੱਕ

ਅਸੀਂ ਦੋਨੋਂ ਇੱਕ standing table ਤੇ ਜਾ ਕੇ ਖਾਣ ਲੱਗੇ । ਪਰ ਓਹ ਪਤੰਦਰ ਮੇਰੀ ਗ਼ੈਰ ਹਾਜ਼ਰੀ ਵਿੱਚ ਕਿਸੇ ਪੀਜ਼ੇ ਦਾ order ਕਰ ਆਇਆ ਸੀ। ਉਸ ਵਕਤ ਤੱਕ ਮੈਂ ਪੀਜ਼ੇ ਬਾਰੇ ਸੁਣਿਆ ਤਾਂ ਜ਼ਰੂਰ ਸੀ ਪਰ ਦਰਸ਼ਨ ਨਸੀਬ ਨਹੀਂ ਸਨ ਹੋਏ। ਸ਼ੁਕਰ ਆ ਹਮਾਤੜ ਜੱਟ ਭਾਵੇਂ ਹੈ ਦੇਸੀ ਪਰ observation ਸ਼ੁਰੂ ਤੋਂ ਹੀ ਬੜ੍ਹੀ high quality ਦੀ ਰੱਖਦੈ। ਮੈਂ ਓਹਨੂੰ ਖਾਂਦੇ ਨੂੰ ਵੀ ਦੇਖੀ ਜਾਵਾਂ ਤੇ ਏਧਰ ਓਧਰ ਦੀਆਂ ਵੀ ਛੱਡੀ ਜਾਂਵਾਂ। ਓਹਨੇ 5 ਕੁ ਮਿੰਟ ਬਾਅਦ ਫੇਰ typical host ਵਾਂਗ ਕਿਹਾ , " ਥੋੜ੍ਹਾ ਜਿਹਾ taste ਤਾਂ ਕਰਕੇ ਦੇਖੋ ।"

ਸ਼ਿਕਾਰੀ ਮੌਕੇ ਦੀ ਤਲਾਸ਼ ਵਿੱਚ ਸੀ। ਹੁਣ ਤੱਕ ਪੀਜ਼ਾ ਖਾਣ ਦਾ short course ਵੀ ਹੋ ਚੁੱਕਿਆ ਸੀ ।

ਫੇਰ ਜੱਟ ਨੇ ਬਿਨਾਂ ਪੀਟਰ ਇੰਜਣ ਤੋਂ ਪੀਜ਼ੇ ਵਾਲਾ ਐਸਾ ਕੁਤਰਾ ਕੀਤਾ ਕਿ ਓਹ ਵੀ ਸੋਚਦਾ ਹੋਊ ਬਈ ਜੇ taste ਏਦਾਂ ਕਰਦਾ ਤਾਂ ਖਾਂਦਾ ਕਿਵੇਂ ਹੋਊ ???




**ਦੁਨੀਆਂ ਦਾ ਦੁੱਖ ਦੇਖ ਦੇਖ ਦਿਲ ਡੁਬਦਾ ਡੁਬਦਾ ਜਾਂਦਾ**
**ਅੰਦਰਲਾ ਪੰਘਰ ਵਗ ਤੁਰਦਾ ਨੈਣੋਂ ਨੀਰ ਵਹਾਂਦਾ।**
**-ਭਾਈ ਵੀਰ ਸਿੰਘ**

ਰੋਣਾ ਜਾਂ ਹੱਸਣਾ ਮਨੁੱਖੀ ਫ਼ਿਤਰਤ ਦਾ ਅਜਿਹਾ ਖਾਸਾ ਹੈ ਜਿੱਥੇ ਉਹ ਆਪਣੇ ਅੰਦਰ ਡੱਕੀਆਂ ਭਾਵਨਾਵਾਂ ਦੇ ਉਫ਼ਾਨ ਨੂੰ ਇੱਕ ਝਰੋਖਾ ਬਣਾ ਲੈਂਦਾ ਹੈ। ਜਦੋਂ ਕੋਈ ਬਾਹਰੀ ਘਟਨਾ ਅੰਦਰ ਵਸੀ ਦੁਨੀਆਂ ਤਹਿਸ-ਨਹਿਸ ਕਰ ਸੁੱਟੇ ਤਾਂ ਭਾਵਨਾਵਾਂ ਦਾ ਵੇਗ ਸਭ ਹੱਦਾਂ ਬੰਨੇ ਤੋੜ ਕੇ ਪਿਘਲ ਤੁਰਦਾ ਹੈ। ਮਾਹਿਰਾਂ ਅਨੁਸਾਰ ਅਜਿਹੇ ਸਮੇ ਰੋ ਲੈਣਾ ਹੀ ਸਿਹਤ ਲਈ ਲਾਹੇਵੰਦ ਹੁੰਦਾ ਹੈ। ਅੱਖਾਂ ਚੈੱਕ ਕਰਨ ਪਿੱਛੋਂ ਇੱਕ ਡਾਕਟਰ ਨੇ ਮਰੀਜ਼ ਨੂੰ ਪੁੱਛਿਆ - ਰੋਏ ਨੂੰ ਕਿੰਨਾ ਚਿਰ ਹੋ ਗਿਆ? ਕਦੇ ਰੋ ਲਿਆ ਕਰ। ਸੰਤ ਸਿੰਘ ਮਸਕੀਨ ਹੰਝੂਆਂ ਨੂੰ ਦਿਲ ਦੀ ਜ਼ਬਾਨ ਆਖਦੇ ਹਨ। ਰੋਣ ਲਈ ਕਈ ਕਾਰਨ ਆ ਜੁੜਦੇ ਹਨ। ਕਿਹਾ ਜਾਂਦਾ ਹੈ ਰੋਏ ਬਿਨਾ ਤਾਂ ਮਾਂ ਵੀ ਦੁੱਧ ਨਹੀਂ ਦਿੰਦੀ। ਬੱਚੇ ਦਾ ਦੁਨੀਆਂ ਵਿਚ ਪਰਵੇਸ਼ ਸਮੇਂ ਰੋਣਾ ਸਿਹਤ ਦੀ ਨਿਸ਼ਾਨੀ ਮੰਨਿਆਂ ਜਾਂਦਾ ਹੈ। ਭਾਵੁਕ ਮਨ ਨੂੰ ਕੋਈ ਵੀ ਸਥਿਤੀ ਠੇਸ ਲਾ ਕੇ ਰੁਆ ਸਕਦੀ ਹੈ। ਕਿਸੇ ਹੋਰ ਦੀ ਤਰਸਯੋਗ ਹਾਲਤ, ਫਿਲਮੀ ਦ੍ਰਿਸ਼ ਵਿਚਲੀ ਮਾਰਮਿਕ ਤਸਵੀਰ ਹੰਝੂ ਵਹਾਉਣ ਦਾ ਸਬੱਬ ਬਣ ਸਕਦੀ ਹੈ। ਅਰਸਤੂ ਇਸ ਨੂੰ ਦੁਖਾਂਤਕ ਆਨੰਦ ਆਖਦਾ ਹੈ। ਕਈ ਵਾਰੀ ਬਾਹਰਲੀ ਭੀੜ ਵੀ ਅੰਦਰਲੇ ਸੱਖਣ ਨੂੰ ਹਾਕ ਮਾਰਦੀ ਹੈ। ਅੱਜ ਦਾ ਗੁੰਝਲਦਾਰ ਵਰਤਾਰਾ ਸਾਡੀ ਮਾਨਸਿਕਤਾ ਅੰਦਰ ਉਦਾਸੀ ਬੀਜ ਧਰਦਾ ਹੈ ਜੋ ਭਾਵੁਕ ਮਨ ਨੂੰ ਪਿਘਲਾ ਦੇਵੇ। ਬੇ-ਵਫ਼ਾ ਪਿਆਰ ਦੇ ਪ੍ਰੇਮ ਭਰੇ ਖ਼ਤਾਂ ਨੂੰ ਪਾੜਨ ਲੱਗਿਆਂ ਮਨ ਲਹੂ ਦੇ ਅੱਥਰੂ ਰੋਂਦਾ ਹੋਵੇਗਾ। ਕਿਸੇ ਜਾਨ ਤੋਂ ਪਿਆਰੇ ਨੂੰ ਜੇ ਕਿਸੇ ਨੇ ਸਿਵੇ ਵਿਚ ਬਲ਼ ਕੇ ਰਾਖ ਹੁੰਦਿਆਂ ਜਰਿਆ ਹੁੰਦਾ ਹੈ, ਉਹ ਸਿਵਾ ਹਮੇਸ਼ਾ ਹੀ ਛਾਤੀ ਵਿਚ ਸੁਲਘਦਾ ਹੰਝੂਆਂ ਨੂੰ ਅਕਸਰ ਹਾਕ ਮਾਰਦਾ ਹੈ। ਅਜਿਹੇ ਅਹਿਸਾਸ ਇਕੱਲਿਆਂ ਬੈਠ ਕੇ ਹੋਈ ਬੀਤੀ ਨੂੰ ਦੁਹਰਾਉਂਦੇ ਹੰਝੂ ਕੇਰਦੇ ਹਨ। ਲੋਕਾਂ ਦੇ ਹਾਸਿਆਂ ਸਮੇਂ ਵੀ ਹੰਝੂ ਕਿਰਦੇ ਹਨ। ਕਿਸੇ ਨੇ ਸੱਚ ਹੀ ਕਿਹਾ ਹੈ - ਹੱਸਦੇ ਹੱਸਦੇ ਜੋ ਰੋਇਆ ਹੋਵੇਗਾ, ਸੱਚ ਜਾਣਿਓਂ ਉਸ ਨੇ ਬਹੁਤ ਕੁੱਝ ਖੋਇਆ ਹੋਵੇਗਾ। ਰੋਣ ਸਮੇਂ ਸਾਡੀ ਮਾਨਸਿਕਤਾ ਗੰਭੀਰ ਹੋ ਕੇ ਹੋਰਨਾਂ ਤੋਂ ਪਾਸਾ ਵਟਦੀ ਹੈ, ਗੱਚ ਭਰਦਾ ਹੈ, ਬੋਲ ਥਿੜਕਦੇ ਹਨ, ਅਸੀਂ ਹੋਰਨਾਂ ਤੋਂ ਛੁਪਦੇ ਹਾਂ। ਇਸ ਲਈ ਹਰੀਵੰਸ਼ ਰਾਏ ਬੱਚਨ ਦੇ ਸ਼ਬਦ ਹਨ - ਆਂਸੂਓਂ ਕੋ ਬਹੁਤ ਸਮਝਾਇਆ ਤਨਹਾਈ ਮੇਂ ਆਯਾ ਕਰੋ। ਮਹਿਫ਼ਿਲ ਮੇਂ ਮੇਰਾ ਮਜ਼ਾਕ ਨਾ ਉਡਾਯਾ ਕਰੋ। ਪਰ ਜਦੋਂ ਅੰਦਰ ਕਾਲ਼ੇ ਬੱਦਲ ਛਾਏ ਹੋਣ, ਰੋ ਲੈਣਾ ਹੀ ਮਨ ਨੂੰ ਹਲਕਾ ਕਰਦਾ ਹੈ। ਕਿਸੇ ਦੇ ਹਮਦਰਦ ਬੋਲ, ਮੋਢੇ ਤੇ ਥਾਪੜਾ ਜਾਂ ਹੰਝੂ ਕੇਰਨ ਲਈ ਦਿੱਤਾ ਕੰਨ੍ਹਾਂ ਫਿਰ ਜਿਉਣ ਜੋਗਾ ਕਰ ਦਿੰਦਾ ਹੈ। ਇੱਕ ਵੇਰਾਂ ਯੂਨੀਵਰਸਿਟੀ ਵਿਚ ਮੇਰੇ ਕੋਲ ਆ ਕੇ ਲੋਕਾਂ ਤੋਂ ਚੋਰੀ ਰੋਇਆ ਇੱਕ ਜਵਾਨ ਮੁੰਡਾ, ਜੋ ਉਪਰੋਂ ਸਾਵਾਂ ਦਿਸਦਾ ਸੀ, ਮੈਨੂੰ ਕਦੇ ਨਹੀਂ ਭੁੱਲਿਆ। ਉਸ ਦੀ ਭੈਣ ਨੂੰ ਵਿਆਹੀ ਨੂੰ ਕੁੱਲ ਚਾਰ ਮਹੀਨੇ ਹੋਏ ਸਨ ਕਿ ਉਸ ਦਾ ਘਰ ਵਾਲਾ, ਜੋ ਮੇਰਾ ਵਿਦਿਆਰਥੀ ਸੀ, ਰੱਬ ਨੇ ਉਸ ਤੋਂ ਖੋਹ ਲਿਆ। ਮੁੰਡਾ ਮੇਰੇ ਮੇਜ਼ ਤੇ ਸਿਰ ਰੱਖ ਕੇ ਭੁੱਬਾਂ ਮਾਰ ਕੇ ਅੰਤਾਂ ਦਾ ਰੋਇਆ। ਮੈਂ ਮਸਾਂ ਵਿਰਾਇਆ। ਅਜਿਹੇ ਸਮੇਂ ਮਾਂ ਦੀ ਬੁੱਕਲ ਦਾ ਨਿੱਘ ਯਾਦ ਆਉਂਦਾ ਹੈ। ਅਸੀਂ ਧੂੰਏਂ ਦੇ ਪੱਜ ਰੋਂਦੇ ਹਾਂ। ਪਰ ਲੇਖਕ ਲੋਕ ਰੋਣਾ ਛੁਪਾ ਲੈਣ ਦੇ ਮਾਹਿਰ ਹੁੰਦੇ ਹਨ। ਸ਼ਬਦ ਗੌਲਣਯੋਗ ਹਨ - ਸ਼ਾਇਰ ਲੋਗ ਬੜੇ ਕਮਾਲ ਹੋਤੇ ਹੈਂ, ਕਭੀ ਅਪਨੇ ਆਂਸੂਓਂ ਕੀ ਖ਼ਬਰ ਆਂਖੋਂ ਕੋ ਭੀ ਨਹੀਂ ਹੋਨੇ ਦੇਤੇ। ਕਹਿੰਦੇ ਹਨ ਮਾਪੇ ਦੋ ਵਾਰ ਰੋਂਦੇ ਨੇ - ਧੀ ਨੂੰ ਤੋਰਨ ਵੇਲੇ ਅਤੇ ਦੂਜਾ ਪੁੱਤਰ ਦੇ ਮੂੰਹ ਮੋੜਨ ਵੇਲੇ। ਮਾਪਿਆਂ ਦੇ ਰੋਣ ਦੀ ਭਿਣਕ ਕੋਲ ਬੈਠੇ ਪੁੱਤਰ ਨੂੰ ਵੀ ਨਹੀਂ ਪੈਂਦੀ, ਪਰ ਇੱਕ ਬੱਚੇ ਦੀ ਕਿਲਕਾਰੀ ਪੂਰੀ ਇਮਾਰਤ ਵਿਚ ਭਾਜੜ ਪਾ ਰਖਦੀ ਹੈ। ਕੋਈ ਪਲੰਬਰ ਜਿੰਨਾ ਮਰਜ਼ੀ ਮਾਹਿਰ ਹੋਵੇ ਅੱਖਾਂ ਤੋਂ ਟਪਕਦਾ ਪਾਣੀ ਨਹੀਂ ਹਟਾ ਸਕਦਾ। ਰੋਣ ਟਾਲਿਆ ਨਹੀਂ ਜਾ ਸਕਦਾ, ਪਰ ਧੰਨ ਅੱਜ ਕੱਲ੍ਹ ਦੀਆਂ ਦੁਲਹਨਾਂ ਜੋ ਮੇਕਅਪ ਵੇਲ਼ੇ ਅਤੇ ਮੂਵੀ ਬਣਾਉਂਦੇ ਕੈਮਰੇ ਮੂਹਰੇ ਰੋਣ ਡੱਕ ਲੈਂਦੀਆਂ ਹਨ। ਔਰਤਾਂ ਵੱਧ ਰੋਂਦੀਆਂ ਹਨ ਮਰਦ ਰੋਂਦੇ ਘੱਟ ਹੀ ਹਨ। ਜੋ ਨਹੀਂ ਰੋਂਦੇ, ਉਨ੍ਹਾਂ ਦੇ ਵਤੀਰੇ ਵਿਚ ਬੇ-ਰੁਖੀ ਭਰਦੀ ਹੈ। ਉਨ੍ਹਾਂ ਦੀਆਂ ਨਜ਼ਰਾਂ ਕੁਰੱਖਤ ਅਤੇ ਬੇ-ਕਿਰਕ ਹੋ ਜਾਂਦੀਆਂ ਹਨ। ਸ਼ੀਸ਼ੇ ਵਿਚ ਆਪਣੇ ਆਪ ਨਾਲ ਗੱਲਾਂ ਕਰਦਿਆਂ ਮੁਹੱਬਤਾਂ, ਨਫ਼ਰਤਾਂ ਅਤੇ ਦੁਸ਼ਮਣੀਆਂ ਉਮਰ ਦੀ ਸ਼ਾਮ ਵੇਲ਼ੇ ਆਪਣੇ ਪੁਰਾਣੇ ਅਰਥ ਗੰਵਾ ਲੈਂਦੀਆਂ ਹਨ। ਉਸ ਸਮੇਂ ਆਸਰੇ ਲਈ ਸਿਰਫ਼ ਹੰਝੂ ਹੀ ਬਚਦੇ ਹਨ। ਹੰਝੂਆਂ ਦੀਆਂ ਵੀ ਕਈ ਕਿਸਮਾਂ ਹਨ। ਕਮੀਨੇ ਲੋਕ ਤਾਂ ਮਗਰਮੱਛ ਦੇ ਹੰਝੂ ਵੀ ਵਿਖਾ ਲੈਂਦੇ ਹਨ। ਕਈ ਵਾਰੀ ਧੂੰਏਂ ਜਾਂ ਪਿਆਜ਼ ਨਾਲ ਵੀ ਅੱਖਾਂ ਵਿੱਚੋਂ ਪਾਣੀ ਆ ਜਾਂਦਾ ਹੈ। ਇੱਕ ਗਰੀਬ ਮਾਂ ਦੇ ਹੱਥ ਜਦੋਂ ਪੁੱਤਰ ਪਹਿਲੀ ਤਨਖਾਹ ਰੱਖ ਦੇਵੇ ਤਾਂ ਖ਼ੁਸ਼ੀ ਨਾਲ ਅੱਖ ਭਰਦੀ ਹੈ। ਨਨਕਾਣਾ ਸਾਹਿਬ ਦਰਸ਼ਨਾਂ ਸਮੇਂ ਵੈਰਾਗ ਦੇ ਹੰਝੂ ਵਹਿ ਤੁਰਦੇ ਹਨ। ਅੱਜ ਕੱਲ੍ਹ ਫਿਲਮੀ ਦ੍ਰਿਸ਼ ਦੇਖ ਕੇ ਵੀ ਰੋਣ ਆਉਂਦਾ ਹੈ। ਅੱਥਰੂ ਗੈਸ ਵੀ ਲੋਕਾਂ ਤੇ ਹੀ ਵਰਤੀ ਜਾਂਦੀ ਹੈ। ਕਿਹਾ ਜਾਂਦਾ ਹੈ ਹੰਝੂਆਂ ਵਿਚ ਕੇਵਲ ਇੱਕ ਫ਼ੀ ਸਦੀ ਹੀ ਪਾਣੀ ਹੁੰਦਾ ਹੈ ਬਾਕੀ ਸਭ ਭਾਵਨਾਵਾਂ ਹੀ ਹੁੰਦੀਆਂ ਹਨ। ਕੁੱਝ ਵੀ ਹੋਵੇ, ਅੱਜ ਦੀ ਵਿਖਾਵੇ ਦੀ ਦੁਨੀਆਂ ਵਿਚ ਵੀ ਸਾਨੂੰ ਅਜਿਹੇ ਹਮਦਰਦ ਦੀ ਹਮੇਸ਼ਾ ਤਲਾਸ਼ ਬਣੀ ਰਹਿੰਦੀ ਹੈ ਜੋ ਸਾਡੀ ਅੱਖ ਦੇ ਹੰਝੂ ਦਾ ਤਰਜਮਾ ਕਰ ਸਕੇ। ਇਸੇ ਦੀ ਪੁਸ਼ਟੀ ਬਰਜਿੰਦਰ ਚੌਹਾਨ ਇਉਂ ਕਰਦਾ ਹੈ -

**ਵੇਚਣ ਵਾਲੇ ਵੇਚ ਰਹੇ ਨੇ ਭਾਵੇਂ ਅਪਣੇ ਹੰਝੂ ਵੀ,**
**ਪਰ ਸੂਲਾਂ ਤੇ ਨੱਚਣ ਜਿਹੜੇ ਏਥੇ ਉਹ ਫ਼ਨਕਾਰ ਵੀ**



> ਕਮੀਨੇ ਲੋਕ ਤਾਂ ਮਗਰਮੱਛ ਦੇ ਹੰਝੂ ਵੀ ਵਿਖਾ ਲੈਂਦੇ ਹਨ। ਕਈ ਵਾਰੀ ਧੂੰਏਂ ਜਾਂ ਪਿਆਜ਼ ਨਾਲ ਵੀ ਅੱਖਾਂ ਵਿੱਚੋਂ ਪਾਣੀ ਆ ਜਾਂਦਾ ਹੈ। ਇੱਕ ਗਰੀਬ ਮਾਂ ਦੇ ਹੱਥ ਜਦੋਂ ਪੁੱਤਰ ਪਹਿਲੀ ਤਨਖਾਹ ਰੱਖ ਦੇਵੇ ਤਾਂ ਖ਼ੁਸ਼ੀ ਨਾਲ ਅੱਖ ਭਰਦੀ ਹੈ। ਨਨਕਾਣਾ ਸਾਹਿਬ ਦਰਸ਼ਨਾਂ ਸਮੇਂ ਵੈਰਾਗ ਦੇ ਹੰਝੂ ਵਹਿ ਤੁਰਦੇ ਹਨ। ਅੱਜ ਕੱਲ੍ਹ ਫਿਲਮੀ ਦ੍ਰਿਸ਼ ਦੇਖ ਕੇ ਵੀ ਰੋਣ ਆਉਂਦਾ ਹੈ। ਅੱਥਰੂ ਗੈਸ ਵੀ ਲੋਕਾਂ ਤੇ ਹੀ ਵਰਤੀ ਜਾਂਦੀ ਹੈ। ਕਿਹਾ ਜਾਂਦਾ ਹੈ ਹੰਝੂਆਂ ਵਿਚ ਕੇਵਲ ਇੱਕ ਫ਼ੀ ਸਦੀ ਹੀ ਪਾਣੀ ਹੁੰਦਾ ਹੈ ਬਾਕੀ ਸਭ ਭਾਵਨਾਵਾਂ ਹੀ ਹੁੰਦੀਆਂ ਹਨ।

# ਜੱਗੂ ਭਗਵਾਨਪੁਰੀਆ ਦੇ ਛੇ ਮੈਂਬਰ ਹਥਿਆਰਾਂ ਸਣੇ ਗ੍ਰਿਫ਼ਤਾਰ

ਰੂਪਨਗਰ (ਪੰਜਾਬੀ ਅਖਬਾਰ ਬਿਊਰੋ)- ਰੂਪਨਗਰ ਪੁਲੀਸ ਵਲੋਂ ਨਸ਼ਿਆਂ ਅਤੇ ਗੈਰ-ਕਾਨੂੰਨੀ ਹਥਿਆਰਾਂ ਦੇ ਕਾਰੋਬਾਰ ਕਰਨ ਵਾਲੇ ਅਪਰਾਧੀਆਂ ਵਿਰੁੱਧ ਚਲਾਏ ਗਏ ਇੱਕ ਵਿਸ਼ੇਸ਼ ਔਪ੍ਰੇਸ਼ਨ ਤਹਿਤ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ 6 ਮੈਂਬਰ 12 ਮਾਰੂ ਹਥਿਆਰਾਂ ਸਮੇਤ ਕਾਬੂ ਕੀਤੇ ਗਏ।

ਇੱਕ ਪ੍ਰੈੱਸ ਕਾਨਫ਼ਰੰਸ ਰਾਹੀਂ ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲੀਸ, ਆਈਪੀਸੀ ਵਿਵੇਕ ਐੱਸ.ਸੋਨੀ ਰੂਪਨਗਰ, ਨੇ ਦੱਸਿਆ ਕਿ ਰੂਪਨਗਰ ਪੁਲੀਸ ਨੂੰ ਬਹੁਤ ਅਹਿਮ ਕਾਮਯਾਬੀ ਹਾਸਿਲ ਹੋਈ ਹੈ ਜਦੋਂ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ 6 ਮੈਂਬਰਾਂ ਨੂੰ 12 ਮਾਰੂ ਹਥਿਆਰਾਂ ਅਤੇ 50 ਜ਼ਿੰਦਾ ਰੌਂਦ ਸਮੇਤ ਕਾਬੂ ਕੀਤਾ ਗਿਆ। ਸੀਨੀਅਰ ਪੁਲੀਸ ਕਪਤਾਨ ਨੇ ਦੱਸਿਆ ਕਿ ਇਨ੍ਹਾਂ ਦੋਸ਼ੀਆਂ ਦੀ ਗ੍ਰਿਫ਼ਤਾਰੀ ਨਾਲ ਬਹੁਤ ਗੰਭੀਰ ਵਾਰਦਾਤਾਂ ਨੂੰ ਅੰਜਾਮ ਦੇਣ ਦੇ ਖ਼ਤਰਨਾਕ ਮਨਸੂਬੇ ਫ਼ੇਲ੍ਹ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਗੈਰ ਸਮਾਜੀ ਅਨਸਰਾਂ ਵਲੋਂ ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚ ਨਾਜਾਇਜ਼ ਹਥਿਆਰ ਅਤੇ ਨਸ਼ਾ ਸਪਲਾਈ ਕਰਨ ਦਾ ਕੰਮ ਵੀ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਸੀ ਜਿਸ ਲਈ ਰੂਪਨਗਰ ਪੁਲੀਸ ਦੀ ਟੀਮਾਂ ਵਲੋਂ ਇਨ੍ਹਾਂ ਅਪਰਾਧੀਆਂ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਗਈ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਅਪਰਾਧੀਆਂ 'ਤੇ ਕਾਬੂ ਪਾਉਣ ਲਈ 15 ਦਸੰਬਰ 2022 ਨੂੰ ਇੰਸਪੈਕਟਰ ਇੰਚਾਰਜ 391 ਰੂਪਨਗਰ ਸਤਨਾਮ ਸਿੰਘ ਦੀ ਟੀਮ ਨੇ ਮੁਕੱਦਮਾ ਨੰਬਰ 124 ਅ/ਧ 25/54/59 ਆਰਮਜ਼ ਐਕਟ ਥਾਣਾ ਸਿਟੀ ਮੋਰਿੰਡਾ ਦਰਜ ਕਰਵਾ ਕੇ 4 ਦੋਸ਼ੀਆਂ ਨੂੰ ਚਾਰ ਪਿਸਟਲਾਂ ਅਤੇ 20 ਜ਼ਿੰਦਾ ਰੌਂਦਾਂ ਸਮੇਤ ਕਾਬੂ ਕੀਤਾ।

ਇਸੇ ਕੜੀ ਤਹਿਤ ਅਪਰਾਧਕ ਪਿਛੋਕੜ ਵਾਲੇ ਸੰਪਰਕਾਂ ਨੂੰ ਟ੍ਰੇਸ ਕਰਦੇ ਹੋਏ ਦੋਸ਼ੀ ਅਰਸ਼ਦੀਪ ਸਿੰਘ ਫ਼ੌਜੀ ਨੂੰ ਅੰਮ੍ਰਿਤਸਰ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਪੁੱਛ-ਪੜਤਾਲ ਕੀਤੀ ਗਈ। ਉਪਰੰਤ ਅਗਲਾ ਦੋਸ਼ੀ, ਜਿਸ ਨੇ ਗੈਂਗਸਟਰਾਂ ਦੀ ਦੁਨੀਆਂ 'ਚ (ਕੋਡ ਵਰਡ 'ਚ) ਆਪਣਾ ਨਾਮ 777 ਰੱਖਿਆ ਹੋਇਆ ਸੀ, ਦਾ ਪੂਰਾ ਨਾਮ ਅਤੇ ਪਤਾ ਟ੍ਰੇਸ ਕਰ ਕੇ, ਵਰਿੰਦਰਪਾਲ ਸਿੰਘ ਵਿਕੀ 777 ਨੂੰ ਵੀ ਅੰਮ੍ਰਿਤਸਰ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਦੋਸ਼ੀਆਂ ਪਾਸੋਂ ਮਿਤੀ 01.01.2023 ਨੂੰ ਅੱਠ ਹੋਰ ਪਿਸਤੌਲਾਂ ਅਤੇ 30 ਜ਼ਿੰਦਾ ਰੌਂਦਾਂ ਬਰਾਮਦ ਕੀਤੇ ਗਏ।

ਵਿਵੇਕ ਐੱਸ.ਸੋਨੀ ਨੇ ਦੱਸਿਆ ਕਿ ਦੋਸ਼ੀ ਰਿਸ਼ਵ ਪੁੱਤਰ ਸੁਖਚੈਨ, ਪ੍ਰਦੀਪ ਸਿੰਘ ਕਾਕਾ, ਜਸਪਾਲ ਸਿੰਘ ਸ਼ਾਹ, ਪਰਗਟ ਸਿੰਘ, ਅਰਸ਼ਦੀਪ ਸਿੰਘ ਅਤੇ ਵਰਿੰਦਰਪਾਲ ਵਿਕੀ ਪਾਸੋਂ ਹੁਣ ਤਕ ਕੁੱਲ 12 ਪਿਸਤੌਲ ਸਮੇਤ 50 ਰੌਂਦ ਜ਼ਿੰਦਾ ਬਰਾਮਦ ਕੀਤੇ ਜਾ ਚੁੱਕੇ ਹਨ ਜਦਕਿ ਅੱਗੇ ਤਫ਼ਤੀਸ਼ ਜਾਰੀ ਹੈ। ਇਨ੍ਹਾਂ ਦੇ ਇੱਕ ਹੋਰ ਗੈਂਗਮੈਂਬਰ ਬਾਰੇ ਸ਼ਨਾਖ਼ਤ ਹੋਈ ਹੈ ਜਿਸ ਨੂੰ ਜਲਦੀ ਹੀ ਗ੍ਰਿਫ਼ਤਾਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋਸ਼ੀਆਂ ਖ਼ਿਲਾਫ਼ ਐਨਡੀਪੀਐਸ ਐਕਟ ਅਤੇ ਆਰਮਜ਼ ਐਕਟ ਸਮੇਤ ਹੋਰ ਕਈ ਗੰਭੀਰ ਮਾਮਲੇ ਦਰਜ ਹਨ।

# ਸਿੱਖ ਨੂੰ ਬ੍ਰਿਟਿਸ਼ ਐਂਪਾਇਰ ਮੈਡਲ ਦੇਣ ਦਾ ਐਲਾਨ

ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਸੰਨ 2006 ਤੋਂ ਪਿੰਗਲਵਾੜਾ ਚੈਰੀਟੇਬਲ ਸੌਸਾਇਟੀ ਯੂਨਾਇਡ ਕਿੰਗਡਮ ਰਾਹੀਂ ਸਮਾਜ ਸੇਵਾ ਕਾਰਜਾਂ ਨੂੰ ਪ੍ਰਣਾਏ ਜਗਰਾਜ ਸਿੰਘ ਸਰਾਂ ਨੂੰ ਬ੍ਰਿਟਿਸ਼ ਸ਼ਾਹੀ ਪਰਿਵਾਰ ਵਲੋਂ ਵੱਕਾਰੀ ਸਨਮਾਨ ਬ੍ਰਿਟਿਸ਼ ਐਂਪਾਇਰ ਮੈਡਲ ਦੇਣ ਦਾ ਐਲਾਨ ਹੋਣ ਨਾਲ ਭਾਈਚਾਰੇ 'ਚ ਖ਼ੁਸ਼ੀ ਦਾ ਮਾਹੌਲ ਹੈ। ਜਗਰਾਜ ਸਿੰਘ ਸਰਾਂ ਨੂੰ ਵਧਾਈਆਂ ਦੇਣ ਵਾਲਿਆਂ 'ਚ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਐਲਾਨ ਉਪਰੰਤ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਊਥਾਲ 'ਚ ਪ੍ਰਧਾਨ ਹਿੰਮਤ ਸਿੰਘ ਸੋਹੀ ਦੀ ਅਗਵਾਈ 'ਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਜਗਰਾਜ ਸਿੰਘ ਸਰਾਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

ਇਸ ਮੌਕੇ ਗੁਰਦੁਆਰਾ ਕਮੇਟੀ ਅਤੇ ਸੰਗਤ ਦਾ ਧੰਨਵਾਦ ਕਰਦਿਆਂ ਜਗਰਾਜ ਸਿੰਘ ਸਰਾਂ ਨੇ ਕਿਹਾ ਕਿ ਨਵਾਂ ਸਾਲ ਸਾਰੀ ਦੁਨੀਆਂ ਲਈ ਖ਼ੁਸ਼ੀਆਂ ਲੈ ਕੇ ਆਵੇ ਅਤੇ ਮਨੁੱਖਤਾ ਕੁਦਰਤ ਨਾਲ ਇੱਕ ਹੋ ਕੇ ਰਹੇ। ਉਨ੍ਹਾਂ ਪਿੰਗਲਵਾੜਾ ਸੰਸਥਾ ਨਾਲ ਜੁੜਨ ਲਈ ਵੀ ਸੰਗਤਾਂ ਦਾ ਧੰਨਵਾਦ ਕੀਤਾ। ਇਸ ਪ੍ਰਤੀਨਿਧ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ 17 ਸਾਲਾਂ ਦੀ ਸੇਵਾ ਘਾਲਣਾ ਬਦਲੇ ਮਿਲਿਆ ਇਹ ਸਨਮਾਨ ਉਹ ਆਪਣੇ ਮਾਤਾ ਪਿਤਾ, ਪਿੰਗਲਵਾੜਾ ਸੰਸਥਾ ਦੇ ਮੌਜੂਦਾ ਮੁੱਖ ਸੇਵਾਦਾਰ ਬੀਬੀ ਡਾ.ਇੰਦਰਜੀਤ ਕੌਰ ਜੀ ਅਤੇ ਸਮੂਹ ਸਾਥੀਆਂ ਅਤੇ ਸੰਗਤਾਂ ਨੂੰ ਸਮਰਪਿਤ ਕਰਦਾ ਹਾਂ ਜਿਨ੍ਹਾਂ ਨੇ ਹਰ ਸਮੇਂ ਸਾਥ ਦਿੱਤਾ ਹੈ। ਜ਼ਿਕਰਯੋਗ ਹੈ 1978 'ਚ ਜ਼ਿਲ੍ਹਾ ਮੋਗਾ ਦੇ ਪਿੰਡ ਮੰਡੀਰਾਂ ਵਾਲਾ ਤੋਂ ਇੰਗਲੈਂਡ ਆ ਵਸੇ ਜਗਰਾਜ ਸਿੰਘ ਸਰਾਂ ਹੀਥਰੋ ਐਸਟੇਟ ਨਾਮ ਦੇ ਕਾਰੋਬਾਰ ਦੇ ਕਰਤਾ-ਧਰਤਾ ਹਨ। 2006 ਤੋਂ ਸੇਵਾ ਕਾਰਜ ਕਰਦਿਆਂ ਉਨ੍ਹਾਂ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਯੂਨਾਇਡ ਕਿੰਗਡਮ ਨੂੰ 2018 'ਚ ਚੈਰਿਟੀ ਦੇ ਤੌਰ 'ਤ ਰੈਜਿਸਟਰਡ ਕਰਵਾਇਆ। ਮਾਨਵ ਸੇਵਾ ਦੇ ਦੂਜੇ ਨਾਮ ਵਜੋਂ ਜਾਣੇ ਜਾਂਦੇ ਭਗਤ ਪੂਰਨ ਸਿੰਘ ਜੀ ਅਤੇ ਡਾ.ਇੰਦਰਜੀਤ ਕੌਰ ਜੀ ਦੀ ਸਖ਼ਸ਼ੀਅਤ ਤੋਂ ਬੇਹੱਦ ਪ੍ਰਭਾਵਿਤ ਜਗਰਾਜ ਸਿੰਘ ਸਰਾਂ ਰਹਿੰਦੇ ਜੀਵਨ ਦਾ ਹਰ ਸਾਹ ਮਾਨਵਤਾ ਲੇਖੇ ਲਾਉਣਾ ਲੋਚਦੇ ਹਨ। ਉਹਨਾਂ ਇਸ ਸਨਮਾਨ ਲਈ ਨਾਮਜ਼ਦ ਹੋਣ 'ਤ ਜਿੱਥੇ ਬ੍ਰਿਟਿਸ਼ ਸ਼ਾਹੀ ਪਰਿਵਾਰ ਦਾ ਧੰਨਵਾਦ ਕੀਤਾ ਹੈ, ਉੱਥੇ ਸੋਸਾਇਟੀ ਦੇ ਸਮੂਹ ਮੈਂਬਰਾਨ ਅਤੇ ਸਹਿਯੋਗੀਆਂ ਨੂੰ ਵੀ ਹਾਰਦਿਕ ਵਧਾਈ ਪੇਸ਼ ਕੀਤੀ ਹੈ।






# ਪਾਕਿਸਤਾਨ 'ਚ 1,667 ਅਹੁਦਿਆਂ ਲਈ 32 ਹਜ਼ਾਰ ਨੌਜਵਾਨਾਂ ਨੇ ਜ਼ਮੀਨ 'ਤ ਦਿੱਤੀ ਪ੍ਰੀਖਿਆ

ਇਸਲਾਮਾਬਾਦ (ਪੰਜਾਬੀ ਅਖਬਾਰ ਬਿਊਰੋ)- ਭਾਰੀ ਆਰਥਿਕ ਤੰਗੀ ਝੇਲ ਰਹੇ ਪਾਕਿਸਤਾਨ 'ਚ ਮਹਿੰਗਾਈ ਦੇ ਨਾਲ-ਨਾਲ ਬੇਰੁਜ਼ਗਾਰੀ ਦਾ ਵੀ ਬੁਰਾ ਹਾਲ ਹੈ। ਸੋਸ਼ਲ ਮੀਡੀਆ 'ਤ ਇਸਲਾਮਾਬਾਦ 'ਚ ਆਯੋਜਿਤ ਪੁਲੀਸ ਭਰਤੀ ਦੀਆਂ ਤਸਵੀਰਾਂ ਅਤੇ ਖ਼ਬਰ ਵਾਇਰਲ ਹੋ ਰਹੀ ਹੈ। ਇਸ 'ਚ 32 ਹਜ਼ਾਰ ਤੋਂ ਜ਼ਿਆਦਾ ਨੌਜਵਾਨਾਂ ਨੇ ਹਿੱਸਾ ਲਿਆ। ਹਾਲਾਤ ਇਹ ਹੋ ਗਏ ਕਿ ਇੱਕ ਸਟੇਡੀਅਮ ਦੇ ਮੈਦਾਨ 'ਚ ਜ਼ਮੀਨ 'ਤ ਬੈਠ ਕੇ ਲਿਖਤੀ ਪ੍ਰੀਖਿਆ ਦੇਣੀ ਪਈ। ਸਿਪਾਹੀ ਭਰਤੀ ਪ੍ਰੀਖਿਆ ਪਿਛਲੇ ਸ਼ਨੀਵਾਰ ਨੂੰ ਇਸਲਾਮਾਬਾਦ ਦੇ ਸਪੋਰਟਸ ਕੌਮਪਲੈਕਸ 'ਚ ਆਯੋਜਿਤ ਕੀਤੀ ਗਈ ਸੀ। ਇਸ 'ਚ ਹਜ਼ਾਰਾਂ ਨੌਜਵਾਨ ਸ਼ਾਮਿਲ ਹੋਏ।



ਇਸਲਾਮਾਬਾਦ ਪੁਲੀਸ ਮੁਤਾਬਿਕ ਇਨ੍ਹਾਂ 'ਚ ਵੱਡੀ ਗਿਣਤੀ 'ਚ ਲੜਕੀਆਂ ਵੀ ਸਨ। ਪਾਕਿਸਤਾਨ ਸਰਕਾਰ ਨੇ ਸਿਪਾਹੀਆਂ ਦੇ 1,667 ਅਹੁਦਿਆਂ 'ਤ ਭਰਤੀ ਲਈ ਅਸਾਮੀਆਂ ਕੱਢੀਆਂ ਸਨ। ਇਸ ਦਾ ਇਸ਼ਤਿਹਾਰ ਦੇ ਕੇ ਅਰਜ਼ੀਆਂ ਮੰਗੀਆਂ ਗਈਆਂ ਸਨ। ਦੇਸ਼ ਭਰ 'ਚੋਂ 32 ਹਜ਼ਾਰ ਤੋਂ ਜ਼ਿਆਦਾ ਨੌਜਵਾਨ ਲੜਕੇ-ਲੜਕੀਆਂ ਨੇ ਇਨ੍ਹਾਂ 16 ਸੌ ਦੇ ਕਰੀਬ ਅਹੁਦਿਆਂ ਲਈ ਅਰਜ਼ੀਆਂ ਦਿੱਤੀਆਂ ਸਨ। ਪਿਛਲੇ ਪੰਜ ਸਾਲਾਂ ਤੋਂ ਇਹ ਅਹੁਦੇ ਖ਼ਾਲੀ ਸਨ। ਇਸਲਾਮਾਬਾਦ 'ਚ ਪੁਲੀਸ ਭਰਤੀ ਪ੍ਰੀਖਿਆ 'ਚ ਇੱਕਠੀ ਹੋਈ ਨੌਜਵਾਨਾਂ ਦੀ ਭੀੜ ਨੂੰ ਦੇਖਦੇ ਹੋਏ ਹੁਣ ਪਾਕਿਸਤਾਨ 'ਚ ਬੇਰੁਜ਼ਗਾਰੀ ਨੂੰ ਲੈ ਕੇ ਬਹਿਸ ਸ਼ੁਰੂ ਹੋ ਗਈ ਹੈ। ਹਜ਼ਾਰਾਂ ਅਹੁਦੇ ਖ਼ਾਲੀ ਹੋਣ ਤੋਂ ਬਾਅਦ ਉਨ੍ਹਾਂ 'ਤ ਭਰਤੀ ਨਹੀਂ ਹੋ ਪਾ ਰਹੀ ਕਿਉਂਕਿ ਸਰਕਾਰ ਕੋਲ ਪੈਸਾ ਨਹੀਂ। ਅਜਿਹੇ 'ਚ ਜਦੋਂ ਵੀ ਕੋਈ ਸਰਕਾਰੀ ਭਰਤੀ ਹੁੰਦੀ ਹੈ ਤਾਂ ਹਜ਼ਾਰਾਂ-ਲੱਖਾਂ ਦੀ ਗਿਣਤੀ 'ਚ ਨੌਜਵਾਨ ਇਨ੍ਹਾਂ 'ਚ ਭਰਤੀ ਹੋਣ ਲਈ ਨਿਕਲ ਪੈਂਦੇ ਹਨ।

# ਪੰਜਾਬ 'ਚ ਘੁੰਮ ਰਹੇ ਏਜੰਟਾਂ ਦੇ ਦਲਾਲ, ਦੁਬਈ 'ਚ ਕੰਮ ਦਿਵਾਉਣ ਬਹਾਨੇ ਗ਼ਰੀਬ ਕੁੜੀਆਂ ਦੀ ਹੋ ਰਹੀ ਦਲਾਲੀ



ਫ਼ਿਲੌਰ (ਪੰਜਾਬੀ ਅਖ਼ਬਾਰ ਬਿਊਰੋ)- ਦੁਬਈ 'ਚ ਕੰਮ ਦਿਵਾਉਣ ਦੇ ਨਾਂ 'ਤੇ ਪੰਜਾਬ ਦੀਆਂ ਗ਼ਰੀਬ ਕੁੜੀਆਂ ਦੀ ਦਲਾਲੀ ਹੋ ਰਹੀ ਹੈ, ਉੱਥੇ ਪੁੱਜਦੇ ਹੀ ਕੁੜੀਆਂ ਨੂੰ ਅੱਗੇ ਇੱਕ ਤੋਂ ਬਾਅਦ ਦੂਜੇ ਸ਼ਹਿਰ 'ਚ ਭੇਡਾਂ-ਬੱਕਰੀਆਂ ਵਾਂਗ ਵੇਚਿਆ ਜਾਂਦਾ ਹੈ। ਰਾਤ-ਦਿਨ ਕੁੜੀਆਂ ਨਾਲ ਆਪਣੀ ਹਵਸ ਬੁਝਾਉਂਦੇ ਹਨ, ਖਾਣੇ ਦੇ ਨਾਂ 'ਤੇ ਕੁੜੀਆਂ ਨੂੰ ਵੱਖ-ਵੱਖ ਜਾਨਵਰਾਂ ਦਾ ਮੀਟ ਦਿੱਤਾ ਜਾਂਦਾ ਹੈ। ਪੰਜਾਬ 'ਚ ਦੁਬਈ ਵਿੱਚ ਬੈਠੇ ਏਜੰਟਾਂ ਦੇ ਦਲਾਲ ਘੁੰਮ ਰਹੇ ਹਨ। ਇੱਕ ਦੁਬਈ ਦੀ ਹੀ ਲੜਕੀ ਨੇ ਵੀਡੀਓ ਮੈਸੇਜ ਭੇਜ ਕੇ ਉੱਥੋਂ ਦੇ ਹਾਲਾਤ ਦੱਸੇ ਹਨ ਅਤੇ ਮੁੱਖ ਮੰਤਰੀ ਨੂੰ ਉਸ ਨੂੰ ਕਿਸੇ ਵੀ ਤਰ੍ਹਾਂ ਜਿਊਂਦੀ ਵਾਪਸ ਬੁਲਾ ਲੈਣ ਦੀ ਮੰਗ ਕੀਤੀ ਹੈ।

**ਡੇਢ ਮਹੀਨਾ ਪਹਿਲਾਂ 35000 ਰੁਪਏ 'ਚ ਕੁੜੀ ਪੰਜਾਬ ਤੋਂ ਪੁੱਜ ਗਈ ਦੁਬਈ**

ਡੀ. ਐੱਸ. ਪੀ. ਸਬ-ਡਿਵੀਜ਼ਨ ਫ਼ਿਲੌਰ ਜਗਦੀਸ਼ ਰਾਜ ਨੂੰ ਦਿੱਤੀ ਗਈ ਸ਼ਿਕਾਇਤ 'ਚ ਨੇੜਲੇ ਪਿੰਡ ਦੇ ਰਹਿਣ ਵਾਲੇ ਪੀੜਤ ਕੁੜੀ ਦੇ ਮਾਤਾ-ਪਿਤਾ ਨੇ ਦੱਸਿਆ ਕਿ ਗੋਰਾਇਆ ਦਾ ਰਹਿਣ ਵਾਲਾ ਇੱਕ ਏਜੰਟ ਜੋ ਉਨ੍ਹਾਂ ਦੀ ਜਾਣ-ਪਛਾਣ ਦਾ ਸੀ, ਉਸ ਨੇ ਉਨ੍ਹਾਂ ਦੀ ਵੱਡੀ ਕੁੜੀ ਜੋ ਵਿਆਹੀ ਹੋਈ ਹੈ, ਜਿਸ ਦੀ ਆਪਣੇ ਪਤੀ ਨਾਲ ਅਣਬਣ ਚੱਲ ਰਹੀ ਹੈ, ਉਸ ਨੂੰ ਆਪਣੇ ਝਾਂਸੇ 'ਚ ਲੈ ਕੇ ਦੁਬਈ ਭੇਜਣ ਦੇ ਨਾਂ 'ਤੇ ਕਈ ਵੱਡੇ ਖ਼ੁਆਬ ਵਿਖਾ ਦਿੱਤੇ। ਜਦੋਂ ਕੁੜੀ ਨੇ ਕਿਹਾ ਕਿ ਉਸ ਕੋਲ ਇੰਨੇ ਪੈਸੇ ਨਹੀਂ ਹਨ ਕਿ ਉਹ ਵਿਦੇਸ਼ ਜਾ ਸਕੇ ਤਾਂ ਏਜੰਟ ਨੇ ਕਿਹਾ ਕਿ ਉਹ ਇਹ ਸਭ ਉਸ 'ਤੇ ਛੱਡ ਦੇਵੇ। ਉਹ ਬੱਸ 35 ਹਜ਼ਾਰ ਰੁਪਏ ਦਾ ਇੰਤਜ਼ਾਮ ਕਰ ਲਵੇ, ਜੋ ਉਨ੍ਹਾਂ ਦੀ ਬੇਟੀ ਨੇ ਵਿਆਜ਼ 'ਤੇ ਫ਼ੜ ਲਏ ਅਤੇ ਡੇਢ ਮਹੀਨਾ ਪਹਿਲਾਂ ਏਜੰਟ ਨੇ ਉਨ੍ਹਾਂ ਦੀ ਬੇਟੀ ਨੂੰ ਦੁਬਈ ਦੇ ਸ਼ਾਰਜਾਹ 'ਚ ਕੰਮ ਕਰਨ ਲਈ ਭੇਜ ਦਿੱਤਾ।

ਦੁਬਈ ਪੁੱਜਦੇ ਹੀ ਲੜਕੀ ਨੂੰ ਬੁਰਕਾ ਪਹਿਨਾ ਕੇ ਇੱਕ ਗੱਡੀ 'ਚ ਪਾ ਕੇ 3 ਦਿਨ ਬਾਅਦ ਓਮਾਨ ਪਹੁੰਚਾ ਦਿੱਤਾ

ਉਨ੍ਹਾਂ ਦੀ ਬੇਟੀ ਨੇ ਉੱਥੋਂ ਕਿਸੇ ਤਰ੍ਹਾਂ ਫ਼ੋਨ ਕਰ ਕੇ ਦੱਸਿਆ ਕਿ ਜਿਉਂ ਹੀ ਉਹ ਦੁਬਈ ਏਅਰਪੋਰਟ 'ਤੇ ਉੱਤਰ ਕੇ ਬਾਹਰ ਨਿਕਲੀ ਤਾਂ ਉੱਥੇ ਉਨ੍ਹਾਂ ਦੇ ਲੋਕ ਪਹਿਲਾਂ ਹੀ ਇੱਕ ਗੱਡੀ ਲੈ ਕੇ ਖੜ੍ਹੇ ਸਨ, ਜਿਸ ਵਿੱਚ ਉਸ ਵਰਗੀਆਂ 3 ਹੋਰ ਲੜਕੀਆਂ ਸਨ। ਉੱਥੇ ਉਸ ਨੂੰ ਬੁਰਕਾ ਪਹਿਨਾ ਦਿੱਤਾ ਅਤੇ 3 ਦਿਨ ਤਕ ਲਗਾਤਾਰ ਗੱਡੀ 'ਚ ਚੱਲਣ ਤੋਂ ਬਾਅਦ ਉਸ ਨੂੰ ਓਮਾਨ ਪਹੁੰਚਾ ਦਿੱਤਾ। ਉਸ ਨੂੰ ਓਮਾਨ ਪੁੱਜਣ ਦਾ ਪਤਾ ਉਦੋਂ ਲੱਗਾ, ਜਦੋਂ ਉਸ ਦਾ ਉੱਥੇ ਦਾਖ਼ਲ ਹੋਣ ਤੋਂ ਪਹਿਲਾਂ ਮੈਡੀਕਲ ਹੋਇਆ ਅਤੇ ਪਾਸਪੋਰਟ 'ਤੇ ਓਮਾਨ ਦੀ ਮੋਹਰ ਲਗਾ ਦਿੱਤੀ ਗਈ।

**ਕੁੜੀਆਂ ਤੋਂ ਪੂਰਾ ਦਿਨ ਕੰਮ ਕਰਵਾਉਂਦੇ ਕੰਮ, ਰਾਤ ਨੂੰ ਪਰੋਸ ਦਿੰਦੇ ਹੈਵਾਨਾਂ ਅੱਗੇ**

ਕੁੜੀ ਨੇ ਆਪਣੀ ਛੋਟੀ ਭੈਣ ਨੂੰ ਫ਼ੋਨ ਕਰ ਕੇ ਦੱਸਿਆ ਕਿ ਦੁਬਈ 'ਚ ਉਸ ਵਰਗੀਆਂ ਕੁੜੀਆਂ ਦੇ ਹਾਲਾਤ ਬਹੁਤ ਖ਼ਰਾਬ ਹਨ, ਜਿੱਥੇ ਅਮੀਰ ਸ਼ੇਖਾਂ ਦੇ ਵੱਡੇ ਫ਼ਾਰਮ ਹਾਊਸ ਹਨ। ਉਨ੍ਹਾਂ ਫ਼ਾਰਮ ਹਾਊਸਾਂ 'ਚ ਆਏ ਦਿਨ ਦਾਅਵਤਾਂ ਹੁੰਦੀਆਂ ਹਨ, ਜਿੱਥੇ ਪੂਰਾ ਦਿਨ ਉਨ੍ਹਾਂ ਤੋਂ ਸਾਫ਼-ਸਫ਼ਾਈ ਅਤੇ ਖਾਣਾ ਬਣਾਉਣ ਵਰਗੇ ਕੰਮ ਲਏ ਜਾਂਦੇ ਹਨ। ਰਾਤ ਨੂੰ ਜਦੋਂ ਉਹ ਥੱਕ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਫ਼ਿਰ ਤਿਆਰ ਕਰਕੇ ਹੈਵਾਨਾਂ ਅੱਗੇ ਪਰੋਸ ਦਿੱਤਾ ਜਾਂਦਾ ਹੈ, ਜੋ ਉਨ੍ਹਾਂ ਨਾਲ ਆਪਣੀ ਹਵਸ ਬੁਝਾਉਂਦੇਹਨ। ਕੁੜੀਆਂ ਨੂੰ ਨਾ ਤਾਂ ਉਨ੍ਹਾਂ ਵਲੋਂ ਬਣਾਇਆ ਖਾਣਾ ਖਾਣ ਦੀ ਇਜਾਜ਼ਤ ਹੈ ਅਤੇ ਨਾ ਹੀ ਉਨ੍ਹਾਂ ਦੇ ਹੁਕਮ ਤੋਂ ਬਿਨਾਂ ਸੌਣ ਦੀ। ਉਨ੍ਹਾਂ ਦੀ ਹਵਸ ਬੁੱਝਦੇ ਹੀ ਕੁੜੀਆਂ ਨੂੰ ਇੱਕ ਕਮਰੇ 'ਚ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਖਾਣੇ ਦੇ ਨਾਂ 'ਤੇ ਪਤਾ ਨਹੀਂ ਕਿਹੜੇ-ਕਿਹੜੇ ਜਾਨਵਰਾਂ ਦਾ ਮੀਟ ਅਤੇ ਨਾਲ ਹੀ ਚੌਲ ਦਿੱਤੇ ਜਾਂਦੇ ਹਨ। ਜਿਹੜੀ ਕੁੜੀ ਉਨ੍ਹਾਂ ਦਾ ਕਹਿਣਾ ਨਹੀਂ ਮੰਨਦੀ, ਉਸ ਨੂੰ ਉਨ੍ਹਾਂ ਦੇ ਆਦਮੀ ਬੁਰੀ ਤਰ੍ਹਾਂ ਕੁੱਟਦੇ-ਮਾਰਦੇ ਹਨ।

**ਕੁੜੀ ਨੂੰ ਵਾਪਸ ਭੇਜਣ ਬਦਲੇ ਏਜੰਟ ਮੰਗ ਰਿਹਾ ਹੈ ਦੂਜੀ ਕੁੜੀ**

ਪੀੜਤ ਕੁੜੀ ਦੇ ਮਾਤਾ-ਪਿਤਾ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਏਜੰਟ ਦੀ ਸ਼ਿਕਾਇਤ ਪੁਲੀਸ ਨੂੰ ਕੀਤੀ ਤਾਂ ਉਨ੍ਹਾਂ ਨੂੰ ਦੁਬਈ ਤੋਂ ਫ਼ੋਨ ਆਇਆ। ਫ਼ੋਨ ਕਰਨ ਵਾਲੀ ਔਰਤ ਏਜੰਟ ਦੀ ਸਾਥੀ ਸੀ, ਜੋ ਨੇੜੇ ਦੇ ਪਿੰਡ ਦਾਰਾਪੁਰ ਦੀ ਰਹਿਣ ਵਾਲੀ ਹੈ। ਮੌਜੂਦਾ ਸਮੇਂ ਵਿੱਚ ਉਹ ਦੁਬਈ ਵਿੱਚ ਰਹਿ ਕੇ ਵੱਡੇ ਪੱਧਰ 'ਤੇ ਗਰੀਬ ਕੁੜੀਆਂ ਦੀ ਦਲਾਲੀ ਕਰ ਕੇ ਉਨ੍ਹਾਂ ਨੂੰ ਹੈਵਾਨਾਂ ਅੱਗੇ ਪਰੋਸਦੀ ਹੈ। ਉਸ ਨੇ ਉਨ੍ਹਾਂ ਨੂੰ ਸਪੱਸ਼ਟ ਕਿਹਾ ਕਿ ਪੁਲੀਸ ਕੋਲ ਸ਼ਿਕਾਇਤ ਕਰਨ ਦਾ ਕੋਈ ਫ਼ਾਇਦਾ ਨਹੀਂ। ਜੇਕਰ ਉਹ ਆਪਣੀ ਕੁੜੀ ਨੂੰ ਵਾਪਸ ਬੁਲਾਉਣਾ ਚਾਹੁੰਦੇ ਹਨ ਜਾਂ ਤਾਂ ਉਨ੍ਹਾਂ ਨੂੰ ਸਾਢੇ 7 ਲੱਖ ਰੁਪਏ ਦਿਓ। ਜੇਕਰ ਪੈਸਿਆਂ ਦਾ ਇੰਤਜ਼ਾਮ ਨਹੀਂ ਹੁੰਦਾ ਤਾਂ ਉਨ੍ਹਾਂ ਨੂੰ ਉਸ ਦੇ ਬਦਲੇ ਦੂਜੀ ਲੜਕੀ ਦਾ ਇੰਤਜ਼ਾਮ ਕਰਵਾ ਕੇ ਦਿਓ। ਪੰਜਾਬ ਦੇ ਪਿੰਡਾਂ 'ਚ ਉਸ ਵਰਗੀਆਂ ਬਹੁਤ ਸਾਰੀਆਂ ਕੁੜੀਆਂ ਹਨ। ਉਹ ਕਿਸੇ ਨੂੰ ਵੀ ਵਿਦੇਸ਼ ਭੇਜਣ ਦੇ ਨਾਂ 'ਤੇ ਤਿਆਰ ਕਰਵਾ ਸਕਦੇ ਹਨ। ਜਿਉਂ ਹੀ ਪੰਜਾਬ ਤੋਂ ਲੜਕੀ ਦੁਬਈ ਦੇ ਲਈ ਜਹਾਜ਼ ਵਿੱਚ ਬੈਠ ਜਾਵੇਗੀ ਤਾਂ ਉਹ ਇੱਥੋਂ ਉਨ੍ਹਾਂ ਦੀ ਲੜਕੀ ਨੂੰ ਪੰਜਾਬ ਲਈ ਰਵਾਨਾ ਕਰ ਦੇਣਗੇ।

**ਕੁੜੀ ਤੋਂ ਫ਼ੋਨ ਕਰਵਾਉਣ ਬਦਲੇ ਉਸ ਦੀ ਭੈਣ ਨਾਲ ਵੀ ਸ਼ੇਖਾਂ ਦੇ ਲੋਕ ਕਰਦੇ ਹਨ ਬੇਹੱਦ ਅਸ਼ਲੀਲ ਗੱਲਾਂ-** ਪੀੜਤਾ ਦੀ ਇੱਥੇ ਬੈਠੀ ਛੋਟੀ ਭੈਣ ਨੇ ਦੱਸਿਆ ਕਿ ਦੁਬਈ ਪੁੱਜਦੇ ਹੀ ਉਨ੍ਹਾਂ ਲੋਕਾਂ ਨੇ ਉਸ ਦੀ ਭੈਣ ਦਾ ਪਾਸਪੋਰਟ ਅਤੇ ਫ਼ੋਨ ਆਪਣੇ ਕੋਲ ਰੱਖ ਲਿਆ। ਹੁਣ ਜੇਕਰ ਉਹ ਉਨ੍ਹਾਂ ਨਾਲ ਗੱਲ ਕਰਨਾ ਚਾਹੁੰਦੀ ਹੈ ਤਾਂ ਪਹਿਲਾਂ ਸ਼ੇਖ ਦੇ ਲੋਕ ਉਸ ਨਾਲ ਫ਼ੋਨ 'ਤੇ ਬੇਹੱਦ ਅਸ਼ਲੀਲ ਗੱਲਾਂ ਅੰਗਰੇਜ਼ੀ 'ਚ ਕਰਦੇ ਹਨ। ਉਸ ਤੋਂ ਬਾਅਦ ਜਾ ਕੇ ਉਸ ਦੀ ਭੈਣ ਨੂੰ ਗੱਲ ਕਰਨ ਲਈ ਫ਼ੋਨ ਦਿੱਤਾ ਜਾਂਦਾ ਹੈ। ਉਕਤ ਲੋਕਾਂ ਦੀਆਂ ਸਾਰੀਆਂ ਅਸ਼ਲੀਲ ਗੱਲਾਂ ਉਸ ਦੇ ਫ਼ੋਨ 'ਚ ਰਿਕਾਰਡ ਹਨ।









# ਕੈਨੇਡਾ ਦੇ ਸਰੀ ਸ਼ਹਿਰ ਦੇ ਦੋ ਪੰਜਾਬੀਆਂ ਬਾਰੇ ਪੁਲਿਸ ਵੱਲੋਂ ਚਿਤਾਵਨੀ ਜਾਰੀ ਕੀਤੀ ਕਿ ਲੋਕ ਉਹਨਾਂ ਦੇ ਨੇੜੇ ਨਾ ਆਉਣ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀਆਂ ਦੀ ਵੱਡੀ ਵੱਸੋਂ ਵਾਲੇ ਸ਼ਹਿਰ ਸਰੀ ਸ਼ਹਿਰ ਵਿੱਚ ਕਈ ਗੈਂਗ ਸਰਗਰਮ ਹਨ ਜਿੰਨਾ ਵਿੱਚ ਪੰਜਾਬੀਆਂ ਦੀ ਵੀ ਵੱਡੀ ਸ਼ਮੂਲੀਅਤ ਹੈ। ਹੁਣ ਸਰੀ ਆਰ ਸੀ ਐਮ ਪੀ ਅਤੇ ਕੰਬਾਈਂਡ ਫੋਰਸਸ ਸਪੈਸ਼ਲ ਇੰਫੋਰਸਮੈਂਟ ਯੂਨਿਟ ਆਫ ਬ੍ਰਿਟਿਸ਼ ਕੋਲੰਬੀਆ ਵੱਲੋਂ ਅਜਿਹੇ ਹੀ ਦੋ ਪੰਜਾਬੀਆਂ ਬਾਰੇ ਆਮ ਲੋਕਾਂ ਲਈ ਚੇਤਾਵਨੀ ਜਾਰੀ ਕੀਤੀ ਗਈ ਹੈ। ਪੁਲਿਸ ਵੱਲੋਂ ਜਾਰੀ ਕੀਤੀ ਗਈ ਚੇਤਾਵਨੀ ਅਨੁਸਾਰ ਸਰੀ ਦੇ ਰਹਿਣ



ਵਾਲੇ 24 ਸਾਲਾ ਕਰਨਵੀਰ ਗਰਚਾ ਅਤੇ ਸਰੀ ਦੇ ਹੀ ਰਹਿਣ ਵਾਲੇ 22 ਸਾਲਾ ਹਰਕੀਰਤ ਝੁੱਟੀ ਤੋਂ ਲੋਕਾਂ ਨੂੰ ਸੁਚੇਤ ਰਹਿਣ ਲਈ ਆਖਿਆ ਗਿਆ ਹੈ। ਇੰਸਪੈਕਟਰ ਬੱਲ ਹੰਸਰਾ ਨੇ ਉਕਤ ਦੋਹਾਂ ਵਿਅਕਤੀਆਂ ਬਾਰੇ ਆਖਿਆ ਕਿ ਇਹ ਦੋਵੇਂ ਵੱਖ ਵੱਖ ਅਪਰਾਧਿਕ ਅਤੇ ਹਿੰਸਾਤਮਕ ਗਤੀਵਿਧੀਆਂ ਵਿੱਚ ਸ਼ਾਮਿਲ ਹਨ ਅਤੇ ਕਿਸੇ ਨੂੰ ਵੀ ਇਨਾਂ ਤੱਕ ਪਹੁੰਚ ਨਹੀਂ ਕਰਨੀ ਚਾਹੀਦੀ, ਕਿਓਂਕਿ ਇਹ ਦੋਵੇ ਕਿਸੇ ਵੀ ਆਮ ਨਾਗਰਿਕ ਜਾਂ ਫਿਰ ਇਨਾਂ ਨਾਲ ਜੁੜੇ ਹੋਏ ਲੋਕਾਂ ਲਈ ਵੀ ਵੱਡਾ ਖ਼ਤਰਾ ਬਣ ਸਕਦੇ ਹਨ। ਉਨਾਂ ਦੱਸਿਆ ਕਿ ਉਕਤ ਦੋਵੇਂ ਜਣੇ ਡਰੱਗ ਤਸਕਰੀ , ਗੋਲੀਬਾਰੀ ਅਤੇ ਹੋਰ ਅਪਰਾਧਕ ਗਤੀਵਿਧੀਆਂ 'ਚ ਸ਼ਾਮਿਲ ਹਨ। ਪੁਲਸੀ ਨੇ ਇਸ ਸਬੰਧੀ ਕਿਸੇ ਤਰਾਂ ਦੀ ਕੋਈ ਵੀ ਸੂਚਨਾ ਹੋਣ ਤੇ ਪੁਲਿਸ ਨਾਲ ਜਾਣਕਾਰੀ ਸਾਂਝੀ ਕਰਨ ਦੀ ਅਪੀਲ ਕੀਤੀ ਹੈ

# ਫ਼ੇਸਬੁੱਕ 'ਤੇ ਵਾਪਸੀ ਕਰ ਸਕਦੈ ਟਰੰਪ

ਵਾਸ਼ਿੰਗਟਨ (ਪੰਜਾਬੀ ਅਖਬਾਰ ਬਿਊਰੋ)– ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਨੂੰ ਫ਼ੇਸਬੁੱਕ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣ ਦਾ ਫ਼ੈਸਲਾ ਫ਼ੇਸਬੁੱਕ ਦੀ ਮਲਕੀਅਤ ਵਾਲੀ ਕੰਪਨੀ ਮੈਟਾ 7 ਜਨਵਰੀ ਨੂੰ ਲਵੇਗੀ ਹਾਲਾਂਕਿ ਇਸ ਮਾਮਲੇ 'ਚ ਮੈਟਾ ਨੇ ਕੀ ਫ਼ੈਸਲਾ ਲਿਆ ਹੈ, ਇਸ ਦਾ ਐਲਾਨ ਤੁਰੰਤ ਨਹੀਂ ਸਗੋਂ ਕੁੱਝ ਦਿਨਾਂ ਬਾਅਦ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਟਰੰਪ ਨੂੰ ਫ਼ੇਸਬੁੱਕ ਜਾਂ ਇੰਸਟਾਗ੍ਰੈਮ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣ ਦਾ ਫ਼ੈਸਲਾ ਲੈਣ ਲਈ ਮੈਟਾ ਨੇ ਆਪਣੀ ਜਨਤਕ ਨੀਤੀ, ਸਮੱਗਰੀ ਨੀਤੀ ਅਤੇ ਜਨ ਸੰਪਰਕ ਵਿਭਾਗਾਂ ਦੇ ਮੈਂਬਰਾਂ ਦੀ ਇੱਕ ਟੀਮ




ਬਣਾਈ ਹੈ।ਸੂਤਰਾਂ ਮੁਤਾਬਿਕ, ਟਰੰਪ ਨੂੰ ਟਵਿਟਰ ਦੀ ਵਰਤੋਂ ਕਰਨ ਦੀ ਇਜਾਜ਼ਤ ਮਿਲਣ ਤੋਂ ਬਾਅਦ ਮੈਟਾ 'ਤ ਵੀ ਜਲਦ ਫ਼ੈਸਲਾ ਜਾਰੀ ਕਰਨ ਦਾ ਦਬਾਅ ਪਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਟਵਿਟਰ ਦੇ ਨਵੇਂ ਮਾਲਕ ਈਲੌਨ ਮਸਕ ਨੇ ਨਵੰਬਰ ਨੂੰ ਟਰੰਪ 'ਤ ਲੱਗੀ ਪਾਬੰਦੀ ਨੂੰ ਹਟਾ ਦਿੱਤਾ ਸੀ। ਇਸ ਦੇ ਨਾਲ ਹੀ ਟਰੰਪ ਨੇ ਟਵਿਟਰ ਦੀ ਵਰਤੋਂ ਕਰਨ 'ਚ ਕੋਈ ਦਿਲਚਸਪੀ ਨਹੀਂ ਦਿਖਾਈ। ਜ਼ਿਕਰਯੋਗ ਹੈ ਕਿ 2021 ਨੂੰ ਪਿਛਲੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਕੈਪੀਟਲ ਹਿੱਲ 'ਚ ਹੋਈ ਹਿੰਸਾ, ਵੋਟਿੰਗ 'ਚ ਧਾਂਦਲੀ ਦੇ ਦੋਸ਼ ਲਗਾਉਣ ਅਤੇ ਚੋਣਾਂ ਦੀ ਜਾਇਜ਼ਤਾ 'ਚ ਸਵਾਲ ਖੜ੍ਹੇ ਕਰਨ ਦੇ ਮੱਦੇਨਜ਼ਰ ਟਰੰਪ ਦੇ ਸ਼ੋਸਲ ਮੀਡੀਆਂ ਐਕਾਊਂਟਾਂ 'ਤ ਪਾਬੰਦੀ ਲਗਾਈ ਗਈ ਸੀ।


















# ਲੇਖਾ-ਜੋਖਾ ਪੰਜਾਬੀ ਸਿਨੇਮਾ 2022

# ਪੰਜਾਬੀ ਸਿਨੇਮਾ ਤੋਂ ਬੇਮੁੱਖ ਹੋਏ ਦਰਸ਼ਕ



ਸੁਰਜੀਤ ਜੱਸਲ
(ਫ਼ਿਲਮ ਜਰਨਲਿਸਟ)
9814607737

**'ਬਾਜਰੇ ਦਾ ਸਿੱਟਾ' ਪੰਜਾਬ ਦੇ ਪੁਰਾਣੇ ਦੌਰ ਨਾਲ ਜੁੜੀ ਫ਼ਿਲਮ ਸੀ ਜਦੋਂ ਲੜਕੀਆਂ ਦੇ ਗਾਉਣ ਨੂੰ ਚੰਗਾ ਨਹੀਂ ਸੀ ਮੰਨਿਆ ਜਾਂਦਾ। ਪਿੰਡ 'ਚ ਚੰਗੇ ਅਸਰ ਰਸੂਖ ਵਾਲੇ ਸਰਦਾਰਾਂ ਦੀਆਂ ਦੋ ਕੁੜੀਆਂ ਦੀ ਆਵਾਜ਼ ਵਿੱਚ ਜਾਦੂ ਹੈ। ਉਹ ਜਦ ਗਾਉਂਦੀਆਂ ਹਨ ਤਾਂ ਚਲਦੀਆਂ ਪੌਣਾ ਵੀ ਰੁਕ ਜਾਂਦੀਆਂ ਹਨ। ਦੇਸ਼ ਦੀ ਨਾਮੀਂ ਕੰਪਨੀ ਉਨ ਾਂ ਨੂੰ ਰਿਕਾਰਡ ਕਰਨ ਲਈ ਪਿਛੇ-ਪਿਛੇ ਫਿਰਦੀ ਹੈ ਪਰ ਪਰਿਵਾਰਕ ਬੰਦਸ਼ਾਂ ਕਰਕੇ ਉਹ ਗਾ ਨਹੀਂ ਸਕਦੀਆਂ ਤੇ ਫ਼ਿਲਮ ਦਾ ਅਖੀਰ ਸੁਖਦ ਮਾਹੌਲ ਸਿਰਜਦਾ ਹੈ। ਜਸ ਗਰੇਵਾਲ ਦੇ ਨਿਰਦੇਸ਼ਨ ਵਿੱਚ ਬਣੀ ਇਹ ਚੰਗੀ ਫ਼ਿਲਮ ਸੀ ਪਰ ਅਫ਼ਸੋਸ ਕਿ ਫ਼ਿਲਮ ਦੀ ਵੱਡੀ ਚਰਚਾ ਵਿੱਚ ਨਾ ਹੋ ਸਕੀ।**

ਸਾਲ 2022 ਦੇ ਪੰਜਾਬੀ ਸਿਨਮਾ ਦੀ ਗੱਲ ਕਰਦਿਆਂ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇਸ ਸਾਲ ਰਿਲੀਜ਼ ਹੋਈਆਂ ਪੰਜਾਬੀ ਫ਼ਿਲਮਾਂ ਨੇ ਦਰਸ਼ਕਾਂ ਦੇ ਪੱਲੇ ਨਿਰਾਸ਼ਾ ਹੀ ਪਾਈ। ਇੱਕੋ ਵਿਸ਼ੇ ਅਤੇ ਉਹੀ ਕਲਾਕਾਰਾਂ, ਕਿਰਦਾਰਾਂ ਦੀਆਂ ਫ਼ਿਲਮਾਂ ਤੋਂ ਅੱਕਿਆ ਦਰਸ਼ਕ ਪੰਜਾਬੀ ਸਿਨਮਾ ਤੋਂ ਟੁੱਟਦਾ ਨਜ਼ਰ ਆਇਆ। ਪਿਛਲੇ ਸਮਿਆਂ ਦੌਰਾਨ ਚੰਗੀਆਂ ਫ਼ਿਲਮਾਂ ਨਾਲ ਵਾਹ ਵਾਹ ਖੱਟ ਚੁੱਕੇ ਇਸ ਵਾਰ ਦਰਸ਼ਕਾਂ ਦੇ ਮਨਾਂ 'ਚੋਂ ਲਹਿ ਗਏ। ਅਜਿਹੇ ਹਾਲਾਤਾਂ ਵਿੱਚ ਕੱਲ ਤੱਕ ਜਿਹੜੇ ਫ਼ਿਲਮਸ਼ਾਜ, ਨਿਰਮਾਤਾ-ਨਿਰਦੇਸ਼ਕ, ਕਲਾਕਾਰ ਪੰਜਾਬੀ ਸਿਨਮੇ ਨੂੰ 'ਹਾਸਾ- ਮਜ਼ਾਕ' ਹੀ ਸਮਝ ਰਹੇ ਸੀ ਅੱਜ ਉਨ ਾਂ ਨੂੰ ਇਸ ਪ੍ਰਤੀ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਸਾਲ ਦੇ ਅਖੀਰਲੇ ਦਿਨਾਂ ਵਿੱਚ ਰਿਲੀਜ਼ ਬਾਲੀਵੁੱਡ ਦੀ 'ਸ਼ੋਅਲੇ' ਐਲਾਨੀ ਪੰਜਾਬੀ ਫ਼ਿਲਮ 'ਨਿਸ਼ਾਨਾ' ਦਾ ਕਦਮ ਪੁਟਦਿਆਂ ਹੀ ਮੂਧੇ-ਮੂੰਹ ਡਿੱਗਣਾ ਪੰਜਾਬੀ ਸਿਨਮੇ ਦਾ ਵੱਡਾ ਦੁਖਾਂਤ ਹੈ। ਜਦਕਿ ਚਿਰਾਂ ਬਾਅਦ ਆਏ ਹਰੀਸ਼ ਵਰਮਾ ਤੇ ਸਵਿਤਾਜ ਬਰਾੜ ਦੀ ਰੁਮਾਂਟਿਕ ਫ਼ਿਲਮ ' ਤੇਰੇ ਲਈ' ਨੂੰ ਵੀ ਬਹੁਤਾ ਦਰਸ਼ਕ ਨਹੀਂ ਮਿਲਿਆ। ਕਹਾਣੀ ਅਤੇ ਨਿਰਦੇਸ਼ਨ ਪੱਖੋਂ ਚੰਗੀ ਹੋਣ ਦੇ ਬਾਵਜੂਦ ਵੀ ਇਹ ਫ਼ਿਲਮ ਦਰਸ਼ਕਾਂ ਦੀ ਪੰਜਾਬੀ ਸਿਨਮੇ ਪ੍ਰਤੀ ਬੇਰੁਖੀ ਦੀ ਭੇਟ ਚੜ ਗਈ। ਇਸਦੇ ਇਲਾਵਾ 'ਮਸੰਦ' ਅਤੇ 'ਬਾਗੀ ਦੀ ਧੀ' ਫ਼ਿਲਮਾਂ ਵੀ ਦਰਸ਼ਕਾਂ ਦੀ ਪਹੁੰਚ ਤੋਂ ਦੂਰ ਰਹੀਆਂ। ਬਿਨਾਂ ਸ਼ੱਕ ਇਸ ਸਾਲ ਪੰਜਾਬੀ ਸਿਨਮਾ ਕਰੋੜਾਂ ਦੇ ਘਾਟੇ ਵਿੱਚ ਰਿਹਾ। ਪੂਰੇ ਸਾਲ ਦੌਰਾਨ ਇੱਕਾ-ਦੁੱਕਾ ਫ਼ਿਲਮਾਂ ਨੂੰ ਛੱਡ ਕੇ ਜ਼ਿਆਦਾਤਰ ਫ਼ਿਲਮਾਂ ਅਸਫ਼ਲ ਹੀ ਰਹੀਆਂ। ਪਿਛਲੇ ਸਮਿਆਂ 'ਚ ਰਿਕਾਰਡ ਬਣਾ ਚੁੱਕੀਆਂ ਕਈ ਵੱਡੇ ਬੈਨਰ ਤੇ ਵੱਡੇ ਸਟਾਰਾਂ ਵਾਲੀਆਂ ਫ਼ਿਲਮਾਂ ਵੀ ਲਟਕ ਕੇ ਰਹਿ ਗਈਆਂ। ਇਸ ਦਾ ਵੱਡਾ ਕਾਰਨ ਤਾਂ ਇਹੋ ਕਹਿ ਸਕਦੇ ਹਾਂ ਕਿ ਇਸ ਸਾਲ ਬਹੁਤੀਆਂ ਫ਼ਿਲਮਾਂ ਲਾਕ ਡਾਊਨ ਦੇ ਜਾਲ 'ਚ ਫਸੀਆਂ ਹੋਈਆਂ ਰਿਲੀਜ਼ ਹੋਈਆਂ ਜਿੰਨ ਾਂ ਪ੍ਰਤੀ ਦਰਸ਼ਕਾਂ ਨੇ ਬਹੁਤਾ ਧਿਆਨ ਨਾ ਦਿੱਤਾ। ਇਸ ਸਾਲ ਦੀ ਸੁਰੂਆਤ ਇੱਕ ਛੋਟੇ ਬਜਟ ਦੀ ਫ਼ਿਲਮ 'ਹੇਟਰਜ਼' ਨਾਲ ਹੋਈ ਜੋ ਨੌਜਵਾਨਾਂ ਦੀ ਭਾਵਨਾਵਾਂ ਨਾਲ ਜੁੜੀ ਇੱਕ ਚੰਗੇ ਵਿਸ਼ੇ ਦੀ ਫ਼ਿਲਮ ਸੀ ਪਰ ਰਿਲੀਜ਼ ਦਾ ਢੁੱਕਵਾਂ ਸਮਾਂ ਨਾ ਹੋਣ ਕਰਕੇ ਮਾਰ ਖਾ ਗਈ। 'ਸੂਟਰ' ਫ਼ਿਲਮ ਦੀ ਗੱਲ ਕਰੀਏ ਤਾਂ ਇਹ ਫ਼ਿਲਮ ਕਾਫ਼ੀ ਪਹਿਲਾਂ ਦੀ ਬਣੀ ਫ਼ਿਲਮ ਸੀ ਜੋ ਸੈਂਸਰ ਬੋਰਡ ਦੇ ਚੱਕਰਾਂ 'ਚ ਪਈ ਹੋਣ ਕਰਕੇ ਲੇਟ ਹੁੰਦੀ-ਹੁੰਦੀ ਇਸ ਸਾਲ ਰਿਲੀਜ਼ ਹੋਈ। ਗੁਰਮੀਤ ਸਾਜਨ ਤੇ ਮਨਜੀਤ ਸਿੰਘ ਟੋਨੀ ਦੀ 'ਝੱਲੇ ਪੈ ਗਏ ਪੱਲੇ' ਵਿਦੇਸ਼ ਜਾਣ ਵਾਲਿਆਂ ਦੀ ਗੱਲ ਕਰਦੀ ਕਾਮੇਡੀ ਡਰਾਮਾ ਸੀ ਜਿਸ ਨੂੰ ਦਰਸ਼ਕਾਂ ਦਾ ਬਣਦਾ ਪਿਆਰ ਮਿਲਿਆ। ਲਾਕਡਾਊਨ ਦੇ ਮਾਹੌਲ ਵਿੱਚ ਪਨਪੇ ਪਿਆਰ ਦੀ ਪੇਸ਼ਕਾਰੀ ਕਰਦੀ 'ਜਲਵਾਯੂ ਐਨਕਲੇਵ' ਚੰਗੀ ਫ਼ਿਲਮ ਸੀ ਪਰ ਇਸ ਫ਼ਿਲਮ ਨੂੰ ਵੀ ਦਰਸ਼ਕਾਂ ਦਾ ਖ਼ਾਸ ਪਿਆਰ ਨਾ ਮਿਲਿਆ। ਐਮੀ ਵਿਰਕ ਦੀ 'ਆਜਾ ਮੈਕਸੀਕੋ ਚੱਲੀਏ' ਦੀ ਕਹਾਣੀ ਵਧੀਆ ਸੀ, ਵਿਸ਼ਾ ਚੰਗਾ ਸੀ ਪਰ ਲੋਕਾਂ ਨੂੰ ਪ੍ਰਭਾਵਿਤ ਨਾ ਕਰ ਸਕੀ। ਦਰਸ਼ਕਾਂ ਨੇ ਸਿਨਮੇ ਨਾਲੋਂ ਜਿਆਦਾ ਇਸ ਨੂੰ ਓ ਟੀ ਟੀ 'ਤੇ ਵੇਖਿਆ। ਗੁਰਨਾਮ ਭੁੱਲਰ ਤੇ ਸੋਨਮ ਬਾਜਵਾ ਦੀ ਫ਼ਿਲਮ 'ਮੈਂ ਵਿਆਹ ਨੀਂ ਕਰਾਉਂਣਾ ਤੇਰੇ ਨਾਲ' ਨੂੰ ਵੀ ਦਰਸ਼ਕਾਂ ਨੇ ਪਸੰਦ ਨਾ ਕੀਤਾ। ਇਸ ਫ਼ਿਲਮ ਬਾਰੇ ਬਹੁਤਾ ਪ੍ਰਚਾਰ ਵੀ ਨਾ ਹੋਇਆ ਜਿਸ ਕਰਕੇ ਫ਼ਿਲਮ ਆਈ-ਗਈ ਹੋ ਗਈ। 'ਬੱਬਰ' ਸਿੱਧੇ ਸਬਦਾਂ ਵਿੱਚ ਗੁੰਡਾਗਰਦੀ ਦੀ ਪੇਸ਼ਕਾਰੀ ਸੀ। ਇਸ ਫ਼ਿਲਮ ਰਾਹੀਂ ਅੰਮ੍ਰਿਤ ਮਾਨ ਆਪਣੇ ਗੀਤਾਂ ਵਰਗੀ ਲੁੱਕ ਲੈ ਕੇ ਆਇਆ ਸੀ ਪ੍ਰੰਤੂ ਦਰਸ਼ਕਾਂ ਨੇ ਪਸੰਦ ਨਹੀਂ ਕੀਤਾ। ਡਾਇਰੈਕਟਰ ਅਮਰ ਹੁੰਦਲ ਨੇ ਆਪਣੀ ਚਰਚਿਤ ਵੈੱਬਸ਼ੀਰਜ਼ 'ਵਾਰਨਿੰਗ' ਦਾ ਫਾਰਮੂਲਾ ਵਰਤਦਿਆਂ ਹੀ ਇਸ ਫ਼ਿਲਮ ਨੂੰ ਉਭਾਰਣਾ ਚਾਹਿਆ ਪ੍ਰੰਤੂ 'ਬੱਬਰ' ਗੱਬਰ ਨਾ ਬਣ ਸਕੀ। 'ਲੇਖ' ਫ਼ਿਲਮ ਬਾਰੇ ਕਹਿ ਸਕਦੇ ਹਾਂ ਕਿ ਇਹ ਇੱਕ ਚੰਗੀ ਫ਼ਿਲਮ ਸੀ। ਸਕੂਲ ਸਮੇਂ ਦੇ ਅੱਲ ੜ ਦਿਲਾਂ ਵਾਲੇ ਪਿਆਰ ਨੇ ਦਰਸ਼ਕਾਂ ਨੂੰ ਪ੍ਰਭਾਵਤ ਕੀਤਾ ਜਿਸ ਕਰਕੇ ਫ਼ਿਲਮ ਦਾ ਪਹਿਲਾਂ ਭਾਗ ਬੜਾ ਸੁਆਦਲਾ ਰਿਹਾ ਜਦਕਿ ਪਿਛਲਾ ਭਾਗ ਵਿਯੋਗਮਈ ਸੀ ਜੋ ਦਰਸ਼ਕਾਂ ਨੂੰ ਉਦਾਸ ਕਰਦਾ ਰਿਹਾ। ਫ਼ਿਲਮ ਦੀ ਕਹਾਣੀ ਵਿੱਚ ਕੁਝ ਗੱਲਾਂ ਅਜਿਹੀਆਂ ਵੀ ਸੀ ਜਿਸਨੂੰ ਸਾਡਾ ਸਮਾਜ ਮਾਨਤਾ ਨਹੀਂ ਦਿੰਦਾ। ਨਾਵਲਾਂ-ਕਹਾਣੀਆਂ ਵਿੱਚ ਤਾਂ ਇਹ ਗੱਲਾਂ ਚੰਗੀਆਂ ਲੱਗਦੀਆਂ ਹਨ ਪਰ ਅਸਲ ਜ਼ਿੰਦਗੀ ਵਿੱਚ ਹਜ਼ਮ ਨਹੀਂ ਹੁੰਦੀਆਂ ਕਿ ਵਿਆਹ ਤੋਂ ਬਾਅਦ ਕੁੜੀ ਆਪਣੇ ਕੁਆਰੇ ਆਸ਼ਿਕ ਨੂੰ ਮਿਲਣ ਜਾਵੇ, ਰਾਤਾਂ ਕੱਟੇ। ਇਹ ਫ਼ਿਲਮ ਮਨਵੀਰ ਬਰਾੜ ਨੇ ਡਾਇਰੈਕਟ ਕੀਤੀ ਜੋ ਕਿ ਜਗਦੀਪ ਸਿੱਧੂ ਦਾ ਅਸ਼ਿਸਟੈਂਟ ਰਿਹਾ ਹੈ। ਜਗਦੀਪ ਨੇ ਹੀ ਮਨਵੀਰ ਨੂੰ ਲਾਕ ਡਾਊਨ ਦੇ ਦਿਨਾਂ ਵਿੱਚ ਇਸ ਇਹ ਫ਼ਿਲਮ ਕਰਨ ਦਾ ਮੌਕਾ ਦਿੱਤਾ। ਖ਼ਾਸ ਗੱਲ ਕਿ ਇਹ ਫ਼ਿਲਮ ਕਾਕਾ ਕੌਤਕੀ ਦੀ ਆਖਰੀ ਫ਼ਿਲਮ ਸੀ। ਰੁਮਾਂਟਿਕ ਵਿਸ਼ੇ ਦੀ ਇਸ ਫ਼ਿਲਮ ਰਾਹੀਂ ਗੁਰਨਾਮ ਭੁੱਲਰ ਤੇ ਤਾਨੀਆ ਦੀ ਜੋੜੀ ਨੂੰ ਦਰਸ਼ਕਾਂ ਨੇ ਵਧੇਰੇ ਪਸੰਦ ਕੀਤਾ। ਤਰਸੇਮ ਜੱਸੜ ਤੇ ਵਾਮਿਕਾ ਗੱਬੀ ਦੀ ਫ਼ਿਲਮ 'ਗਲਵੱਕੜੀ' ਦਰਸ਼ਕਾਂ ਨੂੰ ਬਹੁਤਾ ਨਿੱਘ ਨਾ ਦੇ ਸਕੀ। ਫ਼ਿਲਮ ਦਾ ਵਿਸ਼ਾ ਕਾਮੇਡੀ ਸੀ ਪਰ ਤਰਸੇਮ ਜੱਸੜ ਦੀ ਗੱਲ ਕਰੀਏ ਤਾਂ ਦਰਸ਼ਕਾਂ ਉਸਦੇ ਖੜੂਸੀ ਕਿਰਦਾਰ ਨੂੰ ਬਹੁਤੀ ਅਹਿਮੀਅਤ ਨਾ ਦਿੱਤੀ।

ਪਰਮੀਸ ਵਰਮਾ ਦੀ 'ਮੈਂ ਤੇ ਬਾਪੂ' ਨਹੀਂ ਚੱਲੀ, ਇਊਂ ਲੱਗ ਰਿਹਾ ਸੀ ਜਿਵੇਂ ਕੋਈ ਡਾਕੂਮੈਂਟਰੀ ਫ਼ਿਲਮ ਹੋਵੇ। 'ਨੀਂ ਮੈਂ ਸੱਸ ਕੁੱਟਣੀ' ਕਾਮੇਡੀ ਵਿਸ਼ੇ ਦੀ ਪਰਿਵਾਰਕ ਫ਼ਿਲਮ ਸੀ ਜਿਸਨੂੰ ਦਰਸ਼ਕਾਂ ਦਾ ਚੰਗਾ ਪਿਆਰ ਮਿਲਿਆ। ਕਰਮਜੀਤ ਅਨਮੋਲ, ਗੁਰਪ੍ਰੀਤ ਘੁੱਗੀ, ਅਨੀਤਾ ਦੇਵਗਣ, ਨਿਸ਼ਾ ਬਾਨੋ ਕਾਮੇਡੀ ਦੇ ਥੰਮ ਕਲਾਕਾਰਾਂ ਸਿਰ 'ਤੇ ਟਿਕੀ ਇਸ ਫ਼ਿਲਮ ਵਿੱਚ ਗਾਇਕ ਮਹਿਤਾਬ ਵਿਰਕ ਹੀਰੋ ਬਣਕੇ ਆਇਆ ਪਰ ਦਰਸ਼ਕਾਂ ਦਾ ਧਿਆਨ ਨਾ ਖਿੱਚ ਸਕਿਆ ਤੇ ਵੱਡੇ ਕਲਾਕਾਰਾਂ ਦੀ ਭੀੜ 'ਚ ਹੀ ਫਸਿਆ ਨਜ਼ਰ ਆਇਆ। ਡਾਇਰੈਕਟਰ ਜਤਿੰਦਰ ਮੋਹਰ ਦੀ ਚਿਰਾਂ ਤੋਂ ਬਣੀ ਪਈ ਫ਼ਿਲਮ 'ਸਾਡੇ ਆਲੇ' ਨੂੰ ਦੀਪ ਸਿੱਧੂ ਦੀ ਮੌਤ ਮਗਰੋਂ ਸਾਗਾ ਕੰਪਨੀ ਨੇ ਰਿਲੀਜ਼ ਕੀਤਾ। ਇਹ ਫ਼ਿਲਮ ਕਿਸੇ ਨਾਵਲ ਵਰਗੀ ਸੀ ਜਿਸਨੂੰ ਜਤਿੰਦਰ ਮੋਹਰ ਨੇ ਆਪਣੀ ਵੱਖਰੀ ਸੋਚ ਨਾਲ ਕੈਨਵਸ 'ਤੇ ਉਤਾਰਣ ਦਾ ਯਤਨ ਕੀਤਾ। ਪ੍ਰੰਤੂ ਦਰਸ਼ਕ ਇਸ ਫ਼ਿਲਮ ਨੂੰ ਸਮਝਣੋਂ ਅਸਮਰੱਥ ਰਿਹਾ। ਹਾਲਾਂਕਿ ਇਹ ਫ਼ਿਲਮ ਦੀਪ ਸਿੱਧੂ ਨੂੰ ਮੁੱਖ ਰੱਖਕੇ ਪ੍ਰਚਾਰੀ ਗਈ ਪਰ ਦਰਸ਼ਕਾਂ ਨੂੰ ਖਿੱਚ ਨਾ ਸਕੀ। ਫ਼ਿਲਮ ਵਿੱਚ ਗੁੱਗੂ ਗਿੱਲ, ਦੀਪ ਸਿੱਧੂ, ਮਹਾਂਵੀਰ ਭੁੱਲਰ, ਸੁਖਦੀਪ ਸੁੱਖ, ਸੋਨਪ੍ਰੀਤ ਜਵੰਧਾ ਨੇ ਬਾਕਮਾਲ ਅਦਾਕਾਰੀ ਕੀਤੀ। ਫ਼ਿਲਮ 'ਮਾਂ' ਗਿੱਪੀ ਗਰੇਵਾਲ ਦੀ ਇੱਕ ਸ਼ਾਨਦਾਰ ਕੋਸ਼ਿਸ਼ ਸੀ ਪ੍ਰੰਤੂ ਫ਼ਿਲਮ ਵਿਚਲੀ 'ਮਾਂ' ਬਹੁਤਾ ਪ੍ਰਭਾਵ ਨਾ ਛੱਡ ਸਕੀ। ਦਿੱਵਿਆ ਦੱਤਾ ਦੀ ਅਦਾਕਾਰੀ ਚੰਗੀ ਸੀ। ਪੰਜਾਬੀ ਸਿਨਮੇ ਨੂੰ ਇਸ ਫ਼ਿਲਮ ਤੋਂ ਵੱਡੀ ਉਮੀਦ ਸੀ। ਇਹ ਵੀ ਪ੍ਰਚਾਰਿਆ ਗਿਆ ਕਿ ਇਹ ਬਾਲੀਵੁੱਡ ਦੀ 'ਮਦਰ ਇੰਡੀਆ' ਵਾਂਗ ਪੰਜਾਬੀ ਕੈਨਵਸ ਦੀ ਵੱਡੀ ਫ਼ਿਲਮ ਹੋਵੇਗੀ ਪਰ ਅਫ਼ਸੋਸ ਕਿ ਸਿਮਟ ਕੇ ਰਹਿ ਗਈ। ਪੰਜਾਬੀ ਸਿਨਮੇ ਨੂੰ ਜੇ ਠੰਡੀ ਹਵਾ ਦਾ ਬੁੱਲ ਾ ਆਇਆ ਤਾਂ ਉਹ 'ਸ਼ੌਂਕਣ-ਸ਼ੌਂਕਣੇ' ਨਾਲ ਆਇਆ। ਇਸ ਫ਼ਿਲਮ ਰਾਹੀਂ ਦੋ ਵਹੁਟੀਆਂ 'ਚ ਫਸੇ ਐਮੀ ਵਿਰਕ ਨੇ ਪਰਿਵਾਰਕ ਕਹਾਣੀ ਨੂੰ ਬਾਖੂਬੀ ਪਰਦੇ 'ਤੇ ਉਤਾਰਿਆ। ਸਰਗੁਣ ਮਹਿਤਾ ਤੇ ਨਿਮਰਤ ਖਹਿਰਾ ਦੀ ਸਫ਼ਲ ਜੁਗਲਬੰਦੀ-ਰੌਣਕ ਮੇਲੇ ਨੇ ਪੰਜਾਬੀ ਸਿਨਮੇ ਦੀ ਗੁਆਚੀ ਨੁਹਾਰ ਨੂੰ ਵਾਪਸ ਲਿਆਉਣ ਦੀ ਕੋਸ਼ਿਸ ਕੀਤੀ। ਮਨੋਰੰਜਨ ਤੇ ਵਪਾਰਕ ਤੌਰ 'ਤੇ ਇਹ ਫ਼ਿਲਮ ਚੰਗੀ ਰਹੀ। ਗੁਰਨਾਮ ਭੁੱਲਰ ਵਲੋਂ ਨੀਰੂ ਬਾਜਵਾ ਦੇ ਨੱਕ 'ਚ ਪਾਇਆ 'ਕੋਕਾ' ਬਹੁਤੀ ਚਮਕ ਨਾ ਮਾਰ ਸਕਿਆ। 'ਡਾਕੂਆਂ ਦਾ ਮੁੰਡਾ ੨' ਵਿੱਚ ਦੇਵ ਖਰੋੜ ਆਪਣੇ ਪਹਿਲਾਂ ਵਾਲੇ ਅੰਦਾਜ਼ ਨਾਲ ਪਰਦੇ 'ਤੇ ਨਜ਼ਰ ਆਇਆ ਜਦਕਿ ਫ਼ਿਲਮ ਪਹਿਲਾਂ ਨਾਲੋਂ ਵੱਖਰੇ ਵਿਸ਼ੇ 'ਤੇ ਸੀ। ਇੱਕੋ ਵਿਸ਼ੇ ਦੀ ਫ਼ਿਲਮ ਹੋਣ ਕਰਕੇ ਦਰਸ਼ਕਾਂ ਇਸ ਨੂੰ ਪਸੰਦ ਨਾ ਕੀਤਾ।




ਪੰਜਾਬੀ ਸਿਨਮੇ ਨੂੰ ਮੁੜ ਸੁਰਜੀਤ ਕਰਨ ਵਾਲੇ ਹਰਭਜਨ ਮਾਨ ਤੇ ਮਨਮੋਹਨ ਸਿੰਘ 'ਤੇ ਇਹ ਗੱਲ ਸਿੱਧ ਹੁੰਦੀ ਹੈ ਕਿ ਉਹ ਜ਼ਿਆਦਾਤਰ ਵਿਦੇਸ਼ੀ ਮਾਹੌਲ ਵਾਲੀਆਂ ਫ਼ਿਲਮਾਂ ਹੀ ਬਣਾਉਂਦੇ ਸੀ ਪਰ ਇਸ ਸਾਲ ਰਿਲੀਜ਼ ਹੋਈ ਫ਼ਿਲਮ 'ਪੀ ਆਰ' ਇੰਨ ਾਂ ਦੇ ਚਿਹਰਿਆਂ 'ਤੇ ਨਿਖਾਰ ਨਾ ਲਿਆ ਸਕੀ। ਭਾਵੇਂਕਿ ਫ਼ਿਲਮ 'ਚ ਸਾਰੀ ਪੁਰਾਣੀ ਟੀਮ ਸੀ। ਹਰਭਜਨ ਮਾਨ ਦਾ ਢਲਦੀ ਉਮਰੇ ਹੀਰੋ ਬਣ ਕੇ ਆਉਣਾ ਦਰਸ਼ਕਾਂ ਨੂੰ ਚੰਗਾ ਨਾ ਲੱਗਿਆ। ਸਰਦੂਲ ਸਿਕੰਦਰ ਦੀ ਵੀ ਇਹ ਆਖਰੀ ਫ਼ਿਲਮ ਸੀ। ਇਸੇ ਦਿਨ ਆਪਣੇ ਵੇਲਿਆਂ ਦੀ ਨੈਸ਼ਨਲ ਐਵਾਰਡ ਜੇਤੂ ਇੱਕ ਹੋਰ ਵੱਡੀ ਫ਼ਿਲਮ 'ਚੰਨ ਪ੍ਰਦੇਸੀ' ਵੀ ਰਿਲੀਜ਼ ਹੋਈ ਪਰ ਦੁਬਾਰਾ ਰਿਲੀਜ਼ ਕਰਨ ਲੱਗਿਆ ਮੇਕਰਾਂ ਨੇ ਸਹੀ ਸਮੇਂ ਅਤੇ ਸਿਨੇਮਿਆਂ ਦੀ ਚੋਣ ਨਾ ਕੀਤੀ। ਇੱਕੋ ਦਿਨ ਚਾਰ ਵੱਡੀਆਂ ਫ਼ਿਲਮਾਂ ਰਿਲੀਜ਼ ਹੋਣ ਕਰਕੇ ਇਸ ਫ਼ਿਲਮ ਪੱਲੇ ਨਿਰਾਸ਼ਾ ਹੀ ਪਈ, ਜੋ ਬਹੁਤ ਅਫ਼ਸੋਸ ਜਨਕ ਹੈ। 'ਮਾਹੀ ਮੇਰਾ ਨਿੱਕਾ ਜਿਹਾ' ਪੁਖਰਾਜ ਭੱਲਾ ਦੀ ਇਸ ਸਾਲ ਦੀ ਦੂਸਰੀ ਫ਼ਿਲਮ ਸੀ। ਵੈੱਬ-ਸ਼ੀਰਿਜਾਂ ਕਰਕੇ ਨਾਂ ਕਮਾ ਚੁੱਕੇ ਪੁਖਰਾਜ ਭੱਲਾ ਦੀ ਇਹ ਨਿਵੇਕਲੇ ਵਿਸ਼ੇ ਦੀ ਫ਼ਿਲਮ ਸੀ ਪਰ ਪੁਖਰਾਜ ਉੱਭਰ ਨਾ ਸਕਿਆ ਪਰ ਨਿਰਮਾਤਾ ਰੰਜੀਵ ਸ਼ਰਮਾ ਤੇ ਨਿਰਮਾਤਾ ਸਤਿੰਦਰ ਦੇਵ ਦੀ ਇਹ ਚੰਗੀ ਕੋਸ਼ਿਸ਼ ਸੀ।

'ਪੋਸਤੀ' ਲਾਕ ਡਾਊਨ ਤੋਂ ਪਹਿਲਾਂ ਦੀ ਬਣੀ ਫ਼ਿਲਮ ਸੀ ਜੋ ਇਸ ਸਾਲ ਰਿਲੀਜ਼ ਹੋਈ। ਰਾਣਾ ਰਣਬੀਰ ਦੀ ਇਸ ਫ਼ਿਲਮ ਤੋਂ ਸਭ ਨੂੰ ਬਹੁਤ ਉਮੀਦਾਂ ਸੀ ਪਰ ਅਫ਼ਸੋਸ ਕਿ ਉਹ ਗੱਲ ਨਾ ਬਣੀ। ਐਮੀ ਵਿਰਕ ਤੇ ਕੁਲਵਿੰਦਰ ਬਿੱਲਾ ਦੀ ਚਿਰ ਤੋਂ ਬਣੀ ਫ਼ਿਲਮ 'ਟੈਲੀਵਿਜ਼ਨ ਵੀ ਇਸੇ ਸਾਲ ਰਿਲੀਜ਼ ਹੋਈ। ੯੦ਵੇਂ ਦਹਾਕੇ ਦੀਆਂ ਯਾਦਾਂ ਨੂੰ ਚੇਤੇ ਕਰਵਾਉਂਦੀ ਇਹ ਫ਼ਿਲਮ ਵੀ ਦਰਸ਼ਕਾਂ ਦਾ ਪਿਆਰ ਨਾ ਲੈ ਸਕੀ। ਇੰਗਲੈਂਡ ਦੀ ਧਰਤੀ 'ਤੇ ਜਨਮੇਂ 'ਸ਼ੇਰ ਬੱਗਾ' ਦੀ ਕਹਾਣੀ ਆਮ ਫ਼ਿਲਮਾਂ ਤੋਂ ਹਟਕੇ ਸੀ ਪਰ ਦਰਸ਼ਕਾਂ ਦੇ ਪਸੰਦ ਨਾ ਆਈ। ' ਲਵਰ' ਫ਼ਿਲਮ ਪਿਆਰ 'ਚ ਟੁੱਟੇ ਆਸ਼ਿਕ ਦੀ ਕਹਾਣੀ ਸੀ ਜਿਸਨੂੰ ਨੌਜਵਾਨਾਂ ਨੇ ਪਸੰਦ ਕੀਤਾ।

ਗੁਰਨਾਮ ਭੁੱਲਰ ਦੀਆਂ ਪਿਛਲੀਆਂ ਫ਼ਿਲਮਾਂ ਦੀ ਲੜੀ ਨੂੰ ਅੱਗੇ ਤੋਰਦੀ ਫ਼ਿਲਮ 'ਸੋਹਰਿਆਂ ਦਾ ਪਿੰਡ' ਵਿੱਚ ਸਰਗੁਣ ਮਹਿਤਾ ਨੇ ਮੁੱਖ ਭੂਮਿਕਾ ਨਿਭਾਈ। ਫ਼ਿਲਮ ਵਿਆਹਾਂ ਦੇ ਪੁਰਾਣੇ ਵਿਸ਼ੇ ਅਧਾਰਤ ਸੀ ਜਿਸਨੂੰ ਦਰਸ਼ਕਾਂ ਦਾ ਕੋਈ ਖ਼ਾਸ ਹੁੰਗਾਰਾ ਨਾ ਮਿਲਿਆ। 'ਸ਼ਰੀਕ ੨' ਫ਼ਿਲਮ ਦੀ ਗੱਲ ਕਰੀਏ ਤਾਂ ਪਹਿਲੀ ਫ਼ਿਲਮ 'ਸ਼ਰੀਕ' ਨੂੰ ਦਰਸ਼ਕਾਂ ਦਾ ਚੰਗਾ ਹੁੰਗਾਰਾ ਮਿਲਿਆ ਸੀ ਜਿਸ ਤੋਂ ਉਮੀਦ ਕੀਤੀ ਜਾ ਰਹੀ ਸੀ ਕਿ 'ਸ਼ਰੀਕ ੨' ਵੀ ਵੱਡਾ ਮਾਰਕਾ ਮਾਰੇਗੀ ਪਰ ਫ਼ਿਲਮ ਮੇਕਰ ਕਹਾਣੀ ਨੂੰ ਕਾਹਲੀ-ਕਾਹਲੀ 'ਚ ਸਮੇਟਣ 'ਚ ਰਹਿ ਗਏ ਤੇ ਉਹ ਗੱਲ ਨਾ ਬਣ ਸਕੀ ਜੋ ਦਰਸ਼ਕ ਚਾਹੁੰਦੇ ਸੀ। ਕਿਉਂਕਿ ਜਿੰਮੀ ਸ਼ੇਰਗਿੱਲ ਤੇ ਦੇਵ ਖਰੋੜ ਪੰਜਾਬੀ ਸਿਨਮੇ ਦੇ ਦੋ ਦਿੱਗਜ਼ ਕਲਾਕਾਰ ਹਨ ਜਿੰਨ ਾਂ ਦੀ ਟੱਕਰ ਨੂੰ ਦਰਸ਼ਕ ਹੋਰ ਸੁਆਦ ਨਾਲ ਵੇਖਣਾ ਚਾਹੁੰਦੇ ਸੀ, ਜੋ ਨਜ਼ਰ ਨਾ ਆਈ। 'ਬਾਜਰੇ ਦਾ ਸਿੱਟਾ' ਪੰਜਾਬ ਦੇ ਪੁਰਾਣੇ ਦੌਰ ਨਾਲ ਜੁੜੀ ਫ਼ਿਲਮ ਸੀ ਜਦੋਂ ਲੜਕੀਆਂ ਦੇ ਗਾਉਣ ਨੂੰ ਚੰਗਾ ਨਹੀਂ ਸੀ ਮੰਨਿਆ ਜਾਂਦਾ। ਪਿੰਡ 'ਚ ਚੰਗੇ ਅਸਰ ਰਸੂਖ ਵਾਲੇ ਸਰਦਾਰਾਂ ਦੀਆਂ ਦੋ ਕੁੜੀਆਂ ਦੀ ਆਵਾਜ਼ ਵਿੱਚ ਜਾਦੂ ਹੈ। ਉਹ ਜਦ ਗਾਉਂਦੀਆਂ ਹਨ ਤਾਂ ਚਲਦੀਆਂ ਪੌਣਾ ਵੀ ਰੁਕ ਜਾਂਦੀਆਂ ਹਨ। ਦੇਸ਼ ਦੀ ਨਾਮੀਂ ਕੰਪਨੀ ਉਨ ਾਂ ਨੂੰ ਰਿਕਾਰਡ ਕਰਨ ਲਈ ਪਿਛੇ-ਪਿਛੇ ਫਿਰਦੀ ਹੈ ਪਰ ਪਰਿਵਾਰਕ ਬੰਦਸ਼ਾਂ ਕਰਕੇ ਉਹ ਗਾ ਨਹੀਂ ਸਕਦੀਆਂ ਤੇ ਫ਼ਿਲਮ ਦਾ ਅਖੀਰ ਸੁਖਦ ਮਾਹੌਲ ਸਿਰਜਦਾ ਹੈ। ਜਸ ਗਰੇਵਾਲ ਦੇ ਨਿਰਦੇਸ਼ਨ ਵਿੱਚ ਬਣੀ ਇਹ ਚੰਗੀ ਫ਼ਿਲਮ ਸੀ ਪਰ ਅਫ਼ਸੋਸ ਕਿ ਫ਼ਿਲਮ ਦੀ ਵੱਡੀ ਚਰਚਾ ਵਿੱਚ ਨਾ ਹੋ ਸਕੀ।

ਬਾਕਸਿੰਗ ਦੇ ਖੇਤਰ ਵਿੱਚ ਵੱਡੀਆਂ ਪ੍ਰਾਪਤੀਆਂ ਖੱਟਣ ਵਾਲੇ ਸੰਗਰੂਰ ਜਿਲੇ ਦੇ ਅਣਗੌਲੇ ਪਦਮ ਸ੍ਰੀ ਜੇਤੂ ਬਾਕਸਰ ਬਾਰੇ ਬਣੀ ਫ਼ਿਲਮ 'ਪਦਮ ਸ੍ਰੀ ਕੌਰ ਸਿੰਘ' ਦਾ ਅਸਰ ਨਾ ਤਾਂ ਸਰਕਾਰਾਂ 'ਤੇ ਹੋਇਆ ਨਾ ਹੀ ਦਰਸ਼ਕਾਂ 'ਤੇ। ਨਿਰਮਾਤਾ ਕਰਮ ਬਾਠ ਦਾ ਇਹ ਇੱਕ ਚੰਗਾ ਉਪਰਾਲਾ ਸੀ। 'ਛੱਲਾ ਮੁੜ ਕੇ ਨਾ ਆਇਆ' ਫ਼ਿਲਮ ਦੇ ਟਾਇਟਲ ਦੀ ਜਿੰਨੀ ਚਰਚਾ ਸਿਆਸੀ ਗਲਿਆਰਿਆਂ 'ਚ ਹੋਈ ਉਨ ੀਂ ਸਿਨਮਾ ਘਰਾਂ ਵਿੱਚ ਨਹੀਂ। ਅਮਰਿੰਦਰ ਗਿੱਲ ਪੰਜਾਬੀ ਸਿਨਮੇ ਦਾ ਸੁਲਝਿਆ ਹੋਇਆ ਕਲਾਕਾਰ ਹੈ ਗਾਇਕੀ ਵਾਂਗ ਫ਼ਿਲਮਾਂ ਵਿੱਚ ਵੀ ਉਸਦੀ ਚੰਗੀ ਟੌਹਰ ਹੈ ਪਰ ਇਸ ਫ਼ਿਲਮ ਦਾ 'ਆਮ' ਫ਼ਿਲਮ ਬਣਕੇ ਰਹਿ ਜਾਣਾ ਚਿੰਤਾਂ ਦਾ ਵਿਸ਼ਾ ਹੈ ਜਿਸ ਬਾਰੇ ਪੂਰੀ ਟੀਮ ਨੂੰ ਸੋਚਣ ਦੀ ਲੋੜ ਹੈ। 'ਜਿੰਦ ਮਾਹੀ' ਸੋਨਮ ਬਾਜਵਾ ਤੇ ਅਜੇ ਸਰਕਾਰੀਆਂ ਦੀ ਫ਼ਿਲਮ ਸੀ ਜੋ ਨਹੀਂ ਚੱਲੀ। ਸੋਨਮ ਦੀ ਅਦਾਕਾਰੀ ਠੀਕ ਸੀ ਪਰ ਕਹਾਣੀ ਬਿਨਾ ਸਿਰ ਪੈਰ ਦੀ ਹੋਣ ਕਰਕੇ ਲੋਕਾਂ ਪਸੰਦ ਨਾ ਕੀਤੀ। ਅਜੇ ਸਰਕਾਰੀਆ ਅਦਾਕਾਰੀ ਤੋਂ ਸੱਖਣਾ ਹੋਣ ਕਰਕੇ ਪ੍ਰਭਾਵ ਨਾ ਛੱਡ ਸਕਿਆ। ਫ਼ਿਲਮ 'ਸ਼ੱਕਰਪਾਰੇ' ਵੀ ਦਰਸ਼ਕਾਂ ਦਾ ਮੂੰਹ ਮਿੱਠਾ ਨਾ ਕਰ ਸਕੀ। ਅਦਾਕਾਰਾ ਤੋਂ ਨਿਰਮਾਤਰੀ ਬਣੀ ਉਪਾਸਨਾ ਸਿੰਘ ਵਲੋਂ ਆਪਣੇ ਬੇਟੇ ਨਾਨਕ ਨੂੰ ਹੀਰੋ ਲੈ ਕੇ ਬਣਾਈ ਫ਼ਿਲਮ 'ਬਾਈ ਜੀ ਕੁੱਟਣਗੇ' ਵੀ ਕੋਈ ਬਹੁਤਾ ਕਮਾਲ ਨਾ ਕਰ ਸਕੀ। ਇਸ ਫ਼ਿਲਮ ਰਾਹੀਂ ਐਕਸ਼ਨ ਤੋਂ ਕਾਮੇਡੀ ਵੱਲ ਆਇਆ ਦੇਵ ਖਰੋੜ ਵੀ ਦਰਸ਼ਕਾਂ ਨੂੰ ਮੋਹ ਨਾ ਸਕਿਆ। ਫ਼ਿਲਮ ਦੀ ਹੀਰੋਇਨ ਮਿਸ ਯੂਨੀਵਰਸਿਲ ਹਰਨਾਜ਼ ਕੌਰ ਸੰਧੂ ਦੇ ਵਿਵਾਦਾਂ ਵਿੱਚ ਘਿਰਨ ਦੇ ਬਾਵਜੂਦ ਵੀ ਫ਼ਿਲਮ ਨਾ ਚੱਲੀ। ਪਿਛਲੀ 'ਲੌਂਗ ਲੈਂਚੀ' ਦੇ ਮੁਕਾਬਲੇ ਨਵੀਂ ਆਈ ਲੌਂਗ ਲੈਂਚੀ ਨੂੰ ਦਰਸ਼ਕਾਂ ਨੇ ਪਸੰਦ ਨਾ ਕੀਤਾ। ਅੰਬਰਦੀਪ ਚੰਗਾ ਲੇਖਕ ਜਰੂਰ ਹੈ ਪਰ ਅਦਾਕਾਰ ਨਹੀਂ ਪਰ ਇਸ ਵਾਰ ਉਸਨੇ ਲੇਖਣੀ ਦੀ ਵੀ ਜੱਖਣਾ ਹੀ ਵੱਢੀ। ਉਸਦੀ ਕਹਾਣੀ ਬਿਨਾਂ ਸਿਰ ਪੈਰ ਦੇ ਸੀ। ਫ਼ਿਲਮ ਦਾ ਸੰਗੀਤ ਵੀ ਕੋਈ ਖਾਸ ਨਹੀਂ ਸੀ। 'ਭੂਤ ਅੰਕਲ ਤੁਸੀ ਗਰੇਟ ਹੋ' ਕਦੋਂ ਆਈ ਤੇ ਕਦੋਂ ਗਈ ਕਿਸੇ ਨੂੰ ਪਤਾ ਹੀ ਨਾ ਲੱਗਾ। 'ਯਾਰ ਮੇਰਾ ਤਿੱਤਲੀਆਂ ਵਰਗਾ' ਗਿੱਪੀ ਗਰੇਵਾਲ ਦਾ ਇੱਕ ਨਿਵੇਕਲਾ ਉਪਰਾਲਾ ਸੀ ਜਿਸਨੂੰ ਦਰਸ਼ਕਾਂ ਨੇ ਪਸੰਦ ਵੀ ਕੀਤਾ। ਜਿੱਥੇ ਇਸ ਫ਼ਿਲਮ ਦੀ ਕਹਾਣੀ ਵਿੱਚ ਤਾਜ਼ਗੀ ਸੀ ਉੱਥੇ ਗਿੱਪੀ ਗਰੇਵਾਲ ਦੀ ਕਾਮੇਡੀ ਵੀ ਪਿਛਲੀਆਂ ਫ਼ਿਲਮਾਂ ਤੋਂ ਹਟਕੇ ਸੀ। ਸੋਸ਼ਲ ਮੀਡੀਆ ਦੀ ਦੁਰਵਰਤੋ ਸਦਕਾ ਪਰਿਵਾਰਕ ਰਿਸ਼ਤਿਆਂ ਵਿੱਚ ਪੈ ਰਹੀਆਂ ਦੂਰੀਆਂ ਦਾ ਕੋੜਾ ਸੱਚ ਬਿਆਨਦੀ ਇਸ ਫ਼ਿਲਮ ਵਿੱਚ ਰਾਜ ਧਾਲੀਵਾਲ, ਕਰਮਜੀਤ ਅਨਮੋਲ, ਤਨੂੰ ਗਰੇਵਾਲ ਤੇ ਬਾਲ ਕਲਾਕਾਰ ਸਮੇਤ ਸਾਰੇ ਹੀ ਕਲਾਕਾਰਾਂ ਦਾ ਕੰਮ ਵਧੀਆ ਸੀ। ਫ਼ਿਲਮ 'ਤੇਰੀ ਮੇਰੀ ਗੱਲ ਬਣ ਗਈ' ਵੀ ਕਾਫ਼ੀ ਸਮਾਂ ਪਹਿਲਾ ਬਣੀ ਸੀ ਪਰ ਰਿਲੀਜ਼ ਨੂੰ ਢੁੱਕਵਾਂ ਸਮਾਂ ਨਹੀਂ ਸੀ ਮਿਲ ਰਿਹਾ। ਪ੍ਰੀਤੀ ਸਪਰੂ ਦੇ ਨਿਰਦੇਸ਼ਨ ਵਿੱਚ ਬਣੀ ਇਸ ਫ਼ਿਲਮ 'ਚ ਅਖਿਲ, ਰੂਬੀਨਾ ਬਾਜਵਾ, ਪ੍ਰੀਤੀ ਸਪਰੂ ਤੇ ਗੁਗੂ ਗਿੱਲ ਨੇ ਅਹਿਮ ਕਿਰਦਾਰ ਨਿਭਾਏ। ਬਾਲੀਵੁੱਡ ਫ਼ਿਲਮਾਂ ਵਾਂਗ ਹੀਰੋ ਹੀਰੋਇਨ ਆਪਣੇ ਮਾਤਾ ਪਿਤਾ ਦਾ ਵਿਆਹ ਕਰਵਾਉਣ ਦੇ ਚੱਕਰ ਵਿੱਚ ਸੀ ਜੋ ਚੱਲ ਨਾ ਸਕੀ।

ਲੇਖਕ ਨਿਰਦੇਸ਼ਕ ਹਰਦੀਪ ਗਰੇਵਾਲ ਨੇ ਆਪਣੀ ਪਹਿਲੀ ਫ਼ਿਲਮ 'ਤੁਣਕਾ ਤੁਣਕਾ' ਤੋਂ ਬਾਅਦ ਇਸ ਸਾਲ 'ਬੈਚ-੨੦੧੩' ਲੈ ਕੇ ਆਇਆ। ਇਹ ਫ਼ਿਲਮ ਵੀ ਨੌਜਵਾਨਾਂ ਨੂੰ ਉਤਸ਼ਾਹਿਤ ਕਰਦੀ ਚੰਗੇ ਵਿਸ਼ੇ ਦੀ ਕਹਾਣੀ ਸੀ ਪ੍ਰੰਤੂ ਪੰਜਾਬੀਆਂ ਦੀ ਆਦਤ ਹੈ ਕਿ ਉਹ ਚੰਗੇ ਵਿਸ਼ੇ ਦੀਆਂ ਫ਼ਿਲਮਾਂ ਘੱਟ ਹੀ ਪਸੰਦ ਕਰਦੇ ਹਨ। ਫ਼ਿਲਮ 'ਮਾਂ ਦਾ ਲਾਡਲਾ' 'ਚ ਤਰਸੇਮ ਜੱਸੜ ਪਹਿਲੀ ਵਾਰ ਕਾਮੇਡੀ ਕਰਦਾ ਨਜ਼ਰ ਆਇਆ। ਨੀਰੂ ਬਾਜਵਾ ਨਾਲ ਉਸਦੀ ਕਮਿਸ਼ਟਰੀ ਦਰਸ਼ਕਾਂ ਨੂੰ ਪਸੰਦ ਆਈ। ਫ਼ਿਲਮ ਦੀ ਕਹਾਣੀ ਤੇ ਵਿਸ਼ਾ ਚੰਗਾ ਸੀ। ਲੇਖਕ ਨਿਰਦੇਸ਼ਕ ਜਗਦੀਪ ਸਿੱਧੂ ਦੀ ਫ਼ਿਲਮ 'ਮੋਹ' ਆਮ ਫ਼ਿਲਮਾਂ ਤੋਂ ਹਟਕੇ ਵੱਖਰੀ ਕਿਸਮ ਦੀ ਰੁਮਾਂਟਿਕ ਫ਼ਿਲਮ ਸੀ ਜਿਸ ਵਿੱਚ ਸਵ. ਸੁਰਜੀਤ ਬਿੰਦਰਖੀਆ ਦਾ ਬੇਟਾ 'ਗਿਤਾਂਜ' ਆਪਣੀ ਪ੍ਰਭਾਵਸ਼ਾਲੀ ਅਦਾਕਾਰੀ ਸਦਕਾ ਉੱਭਰ ਕੇ ਸਾਹਮਣੇ ਆਇਆ। ਫ਼ਿਲਮ ਵਿਚ ਸਰਗੁਣ ਮਹਿਤਾ ਨੇ ਵੀ ਪਹਿਲੀਆਂ ਫ਼ਿਲਮਾਂ ਤੋਂ ਹਟਕੇ ਕਿਰਦਾਰ ਨਿਭਾਇਆ। ਫ਼ਿਲਮ ਦੇ ਵਿਸ਼ੇ ਨੂੰ ਭਾਵੇਂ ਸਾਡਾ ਸਮਾਜ ਬਹੁਤੀ ਮਾਨਤਾ ਨਹੀਂ ਦਿੰਦਾ ਕਿ ਇੱਕ ਵਿਆਹੀ ਹੋਈ ਔਰਤ ਆਪਣੇ ਤੋਂ ਅੱਧੀ ਉਮਰ ਦੇ ਕੁਆਰੇ ਮੁੰਡੇ ਨਾਲ ਇਸ਼ਕ ਲੜਾਵੇ ਪ੍ਰੰਤੂ ਨਿਰਦੇਸ਼ਕ ਨੇ ਇਸ ਨੂੰ ਕਾਫ਼ੀ ਹੱਦ ਤੱਕ ਸਹੀ ਠਹਿਰਾਉਣ ਦੀ ਕੋਸ਼ਿਸ਼ ਕੀਤੀ। ਕਿਰਦਾਰਾਂ ਦੀ ਗੱਲ ਕਰੀਏ ਤਾਂ ਹਰੇਕ ਛੋਟੇ ਵੱਡੇ ਕਲਾਕਾਰ ਨੇ ਬੇਹਤਰੀਨ ਕੰਮ ਕੀਤਾ। 'ਕ੍ਰਿਮੀਨਲ' ਫ਼ਿਲਮ ਰਾਹੀਂ ਗਿੱਪੀ ਗਰੇਵਾਲ ਨਾਲ ਕੰਮ ਕਰਨ ਵਾਲੇ ਸਹਿ ਕਲਾਕਾਰ ਪ੍ਰਿੰਸ ਕੰਵਲਜੀਤ ਉੱਭਰ ਕੇ ਆਇਆ ਪਰ ਫ਼ਿਲਮ ਕੋਈ ਚੰਗਾ ਪ੍ਰਭਾਵ ਨਾ ਛੱਡ ਸਕੀ। 'ਬਾਬੇ ਭੰਗੜਾ ਪਾਉਂਦੇ ਨੇ' ਦੀ ਗੱਲ ਕਰੀਏ ਤਾਂ ਇਸ ਵਿੱਚ ਦਿਲਜੀਤ ਦੁਸ਼ਾਂਝ, ਸਰਗੁਣ ਮਹਿਤਾ, ਸੁਹੇਲ ਅਹਿਮਦ, ਬੀ ਕੇ ਰੱਖੜਾ ਆਦਿ ਕਲਾਕਾਰਾਂ ਨੇ ਕੰਮ ਕੀਤਾ। ਕਾਮੇਡੀ ਵਿਸ਼ੇ ਦੀ ਇਸ ਫ਼ਿਲਮ ਨੂੰ ਕਾਫ਼ੀ ਹੱਦ ਤੱਕ ਦਿਲਜੀਤ ਨੇ ਆਪਣੇ ਮੋਢਿਆ 'ਤੇ ਸੰਭਾਲਿਆ। ਲੇਖਕ ਨਿਰਦੇਸ਼ਕ ਮਨਜੀਤ ਸਿੰਘ ਟੋਨੀ ਤੇ ਗੁਰਮੀਤ ਸਾਜਨ ਦੀ ਫ਼ਿਲਮ 'ਵਿਚ ਬੋਲੂੰਗਾ ਤੇਰੇ' ਕਾਮੇਡੀ ਭਰਪੂਰ ਹੌਰਰ ਫ਼ਿਲਮ ਬਣਾਉਣ ਦਾ ਨਿਵੇਕਲਾ ਤਜਰਬਾ ਰਿਹਾ। ਰਵਿੰਦਰ ਗਰੇਵਾਲ ਨੇ ਇੱਕ ਭੂਤ ਪ੍ਰੇਮੀ ਦਾ ਕਿਰਦਾਰ ਨਿਭਾਇਆ। ਆਪਣੇ ਵਿਸ਼ੇ ਕਰਕੇ ਚਰਚਾ ਵਿੱਚ ਆਈ ਗਿੱਪੀ ਗਰੇਵਾਲ ਦੀ ਫ਼ਿਲਮ 'ਹਨੀਮੂਨ' ਦੋ ਅਰਥੀ ਸੰਵਾਦਾਂ ਕਰਕੇ 'ਥੂਹ-ਥੂਹ' ਕਰਵਾ ਗਈ। ਦਰਸ਼ਕਾਂ ਨੂੰ ਬਹੁਤਾ ਬੁਰਾ ਉਦੋਂ ਲੱਗਿਆ ਜਦ ਸੀਨੀਅਰ ਅਦਾਕਾਰਾ ਨਿਰਮਲ ਰਿਸ਼ੀ ਤੋਂ ਅਸ਼ਲੀਲ ਡਾਇਲਾਗ ਬੁਲਵਾਏ ਗਏ। 'ਓਏ ਮੱਖਣਾ' ਵੀ ਐਮੀ ਵਿਰਕ ਦੀ ਪਹਿਲੀਆਂ ਫ਼ਿਲਮਾਂ ਵਾਂਗ ਕਾਮੇਡੀ ਅੰਦਾਜ਼ ਵਾਲੀ ਫ਼ਿਲਮ ਸੀ ਪ੍ਰੰਤੂ ਫ਼ਿਲਮ ਦਾ ਅਸਲ ਹੀਰੋ ਗੁੱਗੂ ਗਿੱਲ ਹੀ ਜਾਪਿਆ। 'ਸੂਟਰ' ਤੋਂ ਬਾਅਦ ਜੈ ਰੰਧਾਵਾ ਦੀ ਨਵੀਂ ਫ਼ਿਲਮ 'ਚੋਬਰ' ਵੀ ਇਸੇ ਸਾਲ ਰਿਲੀਜ਼ ਹੋਈ ਜਿਸਨੂੰ ਨੌਜਵਾਨ ਵਰਗ ਨੇ ਸਲਾਹਿਆ। ਮੁਨੀਸ਼ ਭੱਟ ਇੱਕ ਸੁਲਝਿਆ ਹੋਇਆ ਨਿਰਦੇਸ਼ਕ ਹੈ ਜਿਸਨੇ ਜੈ ਰੰਧਾਵਾ ਨੂੰ ਹੀਰੋ ਬਣਾ ਕੇ ਪੰਜਾਬੀ ਪਰਦੇ 'ਤੇ ਉਤਾਰਿਆ। ਅੰਬਰਸਰ ਦੇ ਮਸ਼ਹੂਰ ਕੁਲਚੇ ਛੋਲਿਆਂ ਦੀ ਗੱਲ ਕਰਦੀ ਸਾਗਾ ਮਿਊਜ਼ਿਕ ਦੀ ਫ਼ਿਲਮ 'ਕੁਲਚੇ ਛੋਲੇ' ਦਰਸ਼ਕਾਂ ਨੂੰ ਸੁਆਦ ਹੀ ਨਾ ਆਏ। ਫ਼ਿਲਮ ਬੁਰੀ ਤਰ ਾਂ ਫ਼ਲਾਪ ਰਹੀ। ਸਾਲ ਦੇ ਅਖੀਰ 'ਚ ਰਿਲੀਜ਼ ਫ਼ਿਲਮਾਂ ' ਨਿਸ਼ਾਨਾ, ਮਸੰਦ ਅਤੇ ਬਾਗੀ ਦੀ ਧੀ' ਵੀ ਬੁਰੀ ਤਰ ਾਂ ਅਸਫ਼ਲ ਰਹੀਆਂ। ਰਾਣਾ ਰਣਬੀਰ ਤੇ ਜ਼ੈਜ਼ੀ ਬੀ ਦੀ ਫ਼ਿਲਮ ' ਸਨੋਮੈਨ' ਵੀ ਬਰਫ਼ 'ਚ ਹੀ ਲੱਗ ਗਈ। ਸਿਨਮੇ ਦੀ ਬਜਾਏ ਇਸ ਸਾਲ ਕੁਝ ਪੰਜਾਬੀ ਫ਼ਿਲਮਾਂ ਓ ਟੀ ਟੀ 'ਤੇ ਵੀ ਰਿਲੀਜ਼ ਹੋਈਆਂ ਜਿੰਨ ਾਂ ਨੂੰ ਦਰਸ਼ਕਾਂ ਦਾ ਕੋਈ ਖ਼ਾਸ ਹੁੰਗਾਰਾਂ ਨਾ ਮਿਲਿਆ। ਇੱਥੇ ਇੱਕ ਗੱਲ ਹੋਰ ਵੀ ਵਿਚਾਰਣਯੋਗ ਹੈ ਕਿ ਕੁਝ 'ਜੁਗਾੜੀ' ਕਿਸਮ ਦੇ ਅਖੌਤੀ ਨਿਰਮਾਤਾ ਨਿਰਦੇਸ਼ਕ ਵੀ ਹਨ ਜੋ 'ਜਣੇ-ਖਣੇ' ਨੂੰ ਪੈਸੇ ਲੈ ਕੇ ਹੀਰੋ ਬਣਾਉਂਦੇ ਫਿਰਦੇ ਹਨ ਤੇ ਆਪਣੀਆਂ ਜੇਬਾਂ ਭਰਦੇ ਹੋਏ ਪੰਜਾਬੀ ਸਿਨਮੇ ਦੇ ਪੱਧਰ ਨੂੰ ਨੀਵਾਂ ਕਰ ਰਹੇ ਹਨ। ਅਜਿਹੇ ਅਖੌਤੀ ਫ਼ਿਲਮਕਾਰਾਂ 'ਤੇ ਜਥੇਬੰਦੀਆਂ ਨੂੰ ਸ਼ਿਕੰਜਾ ਕਸਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਸਬਸਿਡੀ ਦੇ ਚੱਕਰ ਵਿੱਚ ਇਸ ਵਾਰ ਬਹੁਤੀਆਂ ਫ਼ਿਲਮਾਂ ਦਾ ਫ਼ਿਲਮਾਂਕਣ ਇੰਗਲੈਂਡ ਵਿੱਚ ਕੀਤਾ ਗਿਆ। ਦੁਨੀਆਂ ਭਰ ਵਿੱਚ ਤਹਿਲਕਾ ਮਚਾਉਣ ਵਾਲੀ ਲਹਿੰਦੇ ਪੰਜਾਬ ਦੀ ਪਾਕਿਸਤਾਨੀ ਸੁਪਰ ਹਿੱਟ ਫ਼ਿਲਮ ' ਦਾ ਲੀਜੈਂਡ ਆਫ਼ ਮੌਲਾ ਜੱਟ' ਬਹੁਤ ਜਲਦ ਭਾਰਤੀ ਦਰਸ਼ਕ ਵੀ ਵੇਖ ਸਕਣਗੇ। ਚਿਰਾਂ ਤੋਂ ਬਣੀ ਪਈ ਧਾਰਮਿਕ ਫ਼ਿਲਮ 'ਦਾਸਤਾਨ ਏ ਸਰਹਿੰਦ' ਇਸ ਸਾਲ ਵੀ ਰਿਲੀਜ਼ ਨਾ ਹੋ ਸਕੀ। ਵਿਛੋੜਾ-ਪੰਜਾਬੀ ਸਿਨਮੇ ਨਾਲ ਜੁੜੀਆਂ ਕੁਝ ਵੱਡੀਆਂ ਸਖਸ਼ੀਅਤਾਂ ਵੀ ਇਸ ਸਾਲ ਅਲਵਿਦਾ ਕਹਿ ਗਈਆਂ । ਪੰਜਾਬੀ ਸਿਨਮੇ ਦੀ ਹੇਮਾ ਮਾਲਨੀ ਆਖੀ ਜਾਣ ਵਾਲੀ ਅਦਾਕਾਰਾ ਦਲਜੀਤ ਕੌਰ ਦੇ ਗੁੰਮਨਾਮੀ ਭਰੇ ਅੰਤ ਨੂੰ ਵੇਖਦਿਆਂ ਸਾਬਤ ਹੁੰਦਾ ਹੈ ਕਿ ਇੱਥੇ 'ਚੜ ਦੇ ਸੂਰਜ ਨੂੰ ਸਲਾਮਾਂ ਹੁੰਦੀਆਂ ਹਨ। ਹੋਰ ਤਾਂ ਹੋਰ ਉਸਦੇ ਸਮਕਾਲੀ ਕਲਾਕਾਰ ਅੰਤਲੇ ਸਮੇਂ ਸ਼ਰਧਾਜਲੀ ਦੇਣ ਵੀ ਨਾ ਪੁੱਜੇ। 'ਜੋਰਾ ਦਸ ਨੰਬਰੀਆਂ ਵਰਗੀਆਂ ਫ਼ਿਲਮਾਂ ਦੇਣ ਵਾਲਾ ਅਦਾਕਾਰ ਦੀਪ ਸਿੱਧੂ ਵੀ ਇਸ ਸਾਲ ਇੱਕ ਸੜਕ ਹਾਦਸੇ ਦਾ ਸ਼ਿਕਾਰ ਹੋ ਕੇ ਇਸ ਦੁਨੀਆਂ ਤੋਂ ਚਲਾ ਗਿਆ। ਸੰਸਾਰ ਪ੍ਰਸਿੱਧ ਗਾਇਕ ਤੇ ਅਦਾਕਾਰ ਸਿੱਧੂ ਮੂਸੇਵਾਲੇ ਦੇ ਦਰਦਨਾਕ ਅੰਤ ਨੇ ਦੁਨੀਆਂ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਤੋਂ ਇਲਾਵਾ ਬਾਲੀਵੁੱਡ ਗਾਇਕਾ ਲਤਾ ਮੰਗੇਸ਼ਕਰ, ਭੱਪੀ ਲਹਿਰੀ, ਪੰਜਾਬੀ ਅਦਾਕਾਰ ਤੇ ਲੇਖਕ ਗੁਰਿੰਦਰ ਡਿੰਪੀ, ਪਰਵਾਸੀ ਪੰਜਾਬੀ ਗਾਇਕ ਬਲਵਿੰਦਰ ਸਫ਼ਰੀ ਦੇ ਨਾਂ ਜਿਕਰਯੋਗ ਹਨ। ਸਾਲ ਦੇ ਅਖੀਰ ਵਿੱਚ ਰਿਲੀਜ਼ ਕੁਝ ਫ਼ਿਲਮਾਂ ਦਾ ਜ਼ਿਕਰ ਆਉਂਦੇ ਦਿਨਾਂ ਵਿੱਚ ਕਰਾਂਗੇ। ਸਾਲ 2022 ਨੂੰ ਅਲਵਿਦਾ ਕਹਿੰਦੇ ਹੋਏ ਨਵੇਂ ਸਾਲ 2023 ਨੂੰ ਜੀ ਆਇਆ ਕਹਿੰਦੇ ਹੋਏ ਪੰਜਾਬੀ ਸਿਨਮਾ ਦੇ ਚੰਗੇ ਭਵਿੱਖ ਦੀ ਕਾਮਨਾ ਕਰਦੇ ਹੋਏ ਸ਼ੁਭ ਕਾਮਨਾਵਾਂ ਦਿੰਦੇ ਹਾਂ।








The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

# 2023



## ਜਨਵਰੀ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

• ਸੰਗਰਾਂਦ 14 • ਪੂਰਨਮਾਸ਼ੀ 6 • ਮੱਸਿਆ 21

## ਫਰਵਰੀ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | | | | |

• ਸੰਗਰਾਂਦ 13 • ਪੂਰਨਮਾਸ਼ੀ 5 • ਮੱਸਿਆ 20

## ਮਾਰਚ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

• ਸੰਗਰਾਂਦ 14 • ਪੂਰਨਮਾਸ਼ੀ 7 • ਮੱਸਿਆ 21

## ਅਪ੍ਰੈਲ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 30 | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

• ਸੰਗਰਾਂਦ 14 • ਪੂਰਨਮਾਸ਼ੀ 6 • ਮੱਸਿਆ 20

## ਮਈ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

• ਸੰਗਰਾਂਦ 15 • ਪੂਰਨਮਾਸ਼ੀ 5 • ਮੱਸਿਆ 19

## ਜੂਨ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

• ਸੰਗਰਾਂਦ 15 • ਪੂਰਨਮਾਸ਼ੀ 4 • ਮੱਸਿਆ 18

## ਜੁਲਾਈ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 30 | 31 | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

• ਸੰਗਰਾਂਦ 16 • ਪੂਰਨਮਾਸ਼ੀ 3 • ਮੱਸਿਆ 17

## ਅਗਸਤ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

• ਸੰਗਰਾਂਦ 17 • ਪੂਰਨਮਾਸ਼ੀ 1,31 • ਮੱਸਿਆ 16

## ਸਤੰਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

• ਸੰਗਰਾਂਦ 17 • ਪੂਰਨਮਾਸ਼ੀ 29 • ਮੱਸਿਆ 14,15

## ਅਕਤੂਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

• ਸੰਗਰਾਂਦ 17 • ਪੂਰਨਮਾਸ਼ੀ 28 • ਮੱਸਿਆ 14

## ਨਵੰਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

• ਸੰਗਰਾਂਦ 16 • ਪੂਰਨਮਾਸ਼ੀ 27 • ਮੱਸਿਆ 13

## ਦਸੰਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 31 | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

• ਸੰਗਰਾਂਦ 16 • ਪੂਰਨਮਾਸ਼ੀ 26 • ਮੱਸਿਆ 12

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

# ਅਮਰੀਕਾ ਵਿੱਚ ਨਵੇਂ ਸਾਲ ਦੇ ਜਸ਼ਨਾਂ ਮੌਕੇ ਪੁਲਿਸ ਉੱਪਰ ਹੀ ਹਮਲਾ ਹੋ ਗਿਆ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ 'ਚ ਇੱਕ ਵਿਅਕਤੀ ਨੇ ਨਵੇਂ ਸਾਲ ਦੇ ਜਸ਼ਨ ਦੌਰਾਨ ਨਿਊਯਾਰਕ ਪੁਲਸ ਦੇ ਤਿੰਨ ਅਧਿਕਾਰੀਆਂ 'ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਇੱਕ ਪੁਲਸ ਅਧਿਕਾਰੀ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਬਾਕੀ 2 ਪੁਲਿਸ ਅਧਿਕਾਰੀਆਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਨਿਊਯਾਰਕ ਪੁਲਿਸ ਵਿਭਾਗ ਦੇ ਕਮਿਸਨਰ ਅਨੁਸਾਰ ਟਾਈਮਜ ਸਕੁਏਅਰ ਨੇੜੇ ਇੱਕ ਵਿਅਕਤੀ ਨੇ ਬਿਨਾਂ ਕਿਸੇ ਕਾਰਣ ਪੁਲਿਸ ਅਧਿਕਾਰੀਆਂ 'ਤੇ ਚਾਕੂ ਨਾਲ ਹਮਲਾ ਕੀਤਾ। ਕਮਿਸ਼ਨਰ ਕੀਚਾਂਟ ਸੇਵੇਲ ਨੇ ਦੱਸਿਆ ਕਿ ਇਹ ਘਟਨਾ ਟਾਈਮਜ ਸਕੁਏਅਰ ਵਿਖੇ ਨਵੇਂ ਸਾਲ ਦੀ ਸ਼ਾਮ ਸੁਰੱਖਿਆ ਸਕ੍ਰੀਨਿੰਗ ਜੋਨ ਦੇ ਬਾਹਰ ਵਾਪਰੀ। ਸੇਵੇਲ ਨੇ ਕਿਹਾ ਕਿ ਇੱਕ ਅਧਿਕਾਰੀ, ਜੋ ਹਾਲ ਹੀ ਵਿੱਚ ਪੁਲਿਸ ਅਕੈਡਮੀ ਵਿੱਚੋਂ ਪਾਸ ਹੋਇਆ ਸੀ, ਦੀ ਖੋਪੜੀ ਵਿੱਚ ਫ੍ਰੈਕਚਰ ਹੋਇਆ ਹੈ ਅਤੇ ਹਮਲੇ ਵਿੱਚ ਸਿਰ ਵਿੱਚ ਵੱਡਾ ਜ਼ਖਮ ਹੋਇਆ ਹੈ। ਕਮਿਸ਼ਨਰ ਨੇ ਦੱਸਿਆ ਕਿ ਇੱਕ ਹੋਰ ਅਧਿਕਾਰੀ ਦੇ ਸਿਰ ਵਿੱਚ ਵੀ ਸੱਟ ਲੱਗੀ ਹੈ।ਉਨਾਂ ਦੱਸਿਆ ਕਿ ਹਮਲਾਵਰ ਦੀ ਉਮਰ 19 ਸਾਲ ਹੈ, ਜਸ਼ਨ ਦੌਰਾਨ ਉਸਨੇ ਇੱਕ ਪੁਲਿਸ ਅਧਿਕਾਰੀ ਨੂੰ ਆਪਣੇ ਵੱਲ ਆਉਣ ਦਾ ਇਸ਼ਾਰਾ ਕੀਤਾ ਅਤੇ ਜਿਵੇਂ ਹੀ ਪੁਲਿਸ ਅਧਿਕਾਰੀ ਉਸਦੇ ਨੇੜੇ ਆਇਆ ਉਸਨੇ ਚਾਕੂ ਨਾਲ ਉਸਦੇ ਸਿਰ ਤੇ ਵਾਰ ਕਰ ਦਿੱਤਾ। ਸ਼ੱਕੀ ਨੇ ਫਿਰ ਦੋ ਹੋਰ ਅਧਿਕਾਰੀਆਂ ਨੂੰ ਚਾਕੂ ਮਾਰ ਦਿੱਤਾ। ਜਿਵੇਂ ਹੀ ਹਮਲਾਵਰ ਨੇ ਕਿਸੇ ਨੂੰ ਹੋਰ ਉੱਪਰ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇੱਕ ਪੁਲਿਸ ਮੁਲਾਜ਼ਮ ਨੇ ਆਪਣੇ ਸਰਵਿਸ ਰਿਵਾਲਵਰ ਨਾਲ ਸੱਕੀ ਵਿਅਕਤੀ 'ਤੇ ਗੋਲੀ ਚਲਾ ਦਿੱਤੀ, ਜੋ ਉਸ ਦੇ ਮੋਢੇ 'ਤੇ ਲੱਗੀ। ਹੁਣ ਪੁਲਿਸ ਦੀ ਨਿਗਰਾਨੀ ਹੇਠ ਇਸ ਹਮਲਾਵਰ ਦਾ ਇਲਾਜ ਚੱਲ ਰਿਹਾ ਹੈ।

# ਆਸਟ੍ਰੇਲੀਆ 'ਚ ਦੋ ਹੈਲੀਕਾਪਟਰ ਟਕਰਾਉਣ ਕਾਰਨ 4 ਜਣਿਆਂ ਦੀ ਮੌਤ ਅਤੇ 3 ਜ਼ਖਮੀਂ ਹੋਏ।

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਆਸਟ੍ਰੇਲੀਆ ਦੇ ਇੱਕ ਸਮੁੰਦਰੀ ਤੱਟ 'ਤੇ ਵੱਡਾ ਹਾਦਸਾ ਵਾਪਰ ਗਿਆ ਹੈ। ਦਰਅਸਲ ਸੋਮਵਾਰ ਨੂੰ ਇੱਥੇ ਦੋ ਹੈਲੀਕਾਪਟਰ ਆਪਸ 'ਚ ਟਕਰਾ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਹਾਦਸੇ ਵਿੱਚ 4 ਜਣਿਆਂ ਦੀ ਮੌਤ ਹੋ ਗਈ ਹੈ ਕਈ ਲੋਕਾਂ ਦੇ ਜ਼ਖਮੀ ਹੋਣ ਦੀ ਸੂਚਨਾ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਇੱਕ ਹੈਲੀਕਾਪਟਰ ਉਡਾਣ ਭਰ ਰਿਹਾ ਸੀ ਅਤੇ ਦੂਜਾ ਹੈਲੀਕਾਪਟਰ ਹੇਠਾਂ ਉੱਤਰ ਰਿਹਾ ਸੀ। ਆਸਟ੍ਰੇਲੀਆ ਦੇ ਸੀ ਵਰਲਡ ਨੇੜੇ ਵਾਪਰੇ ਇਸ ਹਾਦਸੇ ਤੋਂ ਤੁਰੰਤ ਬਾਅਦ ਉੱਥੇ ਮੌਜੂਦ ਲੋਕਾਂ ਨੇ ਘਟਨਾ ਦੀ ਸੂਚਨਾ ਪੁਲਿਸ ਨੂੰ ਦਿੱਤੀ। ਪੁਲਿਸ ਨੇ ਦੱਸਿਆ ਕਿ ਇਸ ਘਟਨਾ 'ਚ 10 ਤੋਂ ਜ਼ਿਆਦਾ ਲੋਕ ਜ਼ਖਮੀ ਹੋਏ ਹਨ। ਮੈਡੀਕਲ ਟੀਮ ਨੇ ਦੱਸਿਆ ਕਿ ਇਸ ਘਟਨਾ 'ਚ ਚਾਰ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਬਾਕੀ ਜ਼ਖਮੀਆਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਵਰਨਣਯੋਗ ਹੈ ਗੋਲਡ ਕੋਸਟ ਖੇਤਰ ਜਿੱਥੇ ਇਹ ਘਟਨਾ ਵਾਪਰੀ ਦੇਸ਼ ਦੇ ਸਭ ਤੋਂ ਪ੍ਰਸਿੱਧ ਸੈਰ-ਸਪਾਟਾ ਸਥਾਨਾਂ ਵਿੱਚੋਂ ਇੱਕ ਹੈ। ਜ਼ਿਆਦਾਤਰ ਸੈਲਾਨੀ ਜਨਵਰੀ ਦੇ ਮਹੀਨਿਆਂ ਵਿੱਚ ਆਪਣੀਆਂ ਛੁੱਟੀਆਂ ਬਿਤਾਉਣ ਲਈ ਇੱਥੇ ਆਉਂਦੇ ਹਨ।

MIDWEST DIESEL REPAIR INC.
Gurprit Gill (Sony)
Midwest Truck Parts
Midwest Diesel Repair Inc.
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

FASTARA CARRIER
HIRING NEW OWNER-OPREATOR AND DRIVERS
AT BOTH TERMINALS
ਓਨਰ-ਓਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ
• Automatic Truck
• Long Haul US-Canada Runs
• Dedicated Runs
• Great Mile Rates
• Will Help With Immigration
Apply Now
Send Resume at:
Email: Info@fastaracarrier.com
Phone:1800-210-5201
Cell: 639 560 0561

ਸਾਨੂੰ ਡਰਾਇਵਰਾਂ ਦੀ ਵੀ ਲੋੜ ਹੈ
FREE SWIFT CABS FREE
YOUR DESTINATION IS OUR GOAL
CONTACT: BILL SINGH
306 515 0604
GREAT NEWS: NO DISPATCH FEES FOR NEW OPERATORS
306-999-2229
www.swiftcabs.ca
PROUDLY SERVING REGINA
SWIFT CABS WILL PROVIDE FOLLOWING BENEFITS TO THE OPERATIONS AND EMPLOYERS ABSOLUTELY FREE:
• GROUP HEALTH & DENTAL BENEFITS
• LONG TERM DISABILITY BENEFITS
• LOTS OF OTHER EMPLOYEE BENEFITS INCLUDED
ALL BENEFITS WILL BE PROVIDED BY CANADA'S BEST AND LARGEST INSURANCE COMPANY FOR FREE
TaxiCaller

CAM TRANSPORT REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

Khalsa Professional Services Corp.
Gurtej Singh Grewal
Accountant
• Tax filling
• New Incorporation
ਸਖ਼ਤ ਕਮਾਈਆਂ ਵਿੱਚੋਂ ਡਾਲਰਾਂ ਦੀ ਬੱਚਤ ਚੰਗੇ ਟੈਕਸ ਪਲੈਨਰ ਦੀ ਸਲਾਹ ਨਾਲ ਹੀ ਹੁੰਦੀ ਹੈ।
Free Notary Service For Khalsa Accountax Clients
PAYROLL ACCOUNTING WCB/PST
306 450 3223 306 501 4070
gsgrewal@kpscorp.ca, www.kpscorp.ca
River Heights Shopping Center, Suite 10 - 2700 Montague Street Regina Saskathcewan, S4S 0J9

Gurtej Singh Grewal
Mortgage Associate
License # 316959
ਕਿਸੇ ਵੀ ਕਿਸਮ ਦੀ ਮੌਰਗੇਜ ਕਰਵਾਉਣ ਲਈ ਇੱਕ ਵਾਰ ਸਾਡੇ ਰੇਟ ਜਰੂਰ ਚੈਕ ਕਰੋ।
The Mortgage Centre
We work for you, not the lenders.
Fax: 1-855-621-0802
Website- kpscorp.ca
Email: grewal.g@mortgagecentre.com
www: mortgagecentre.com/gurtejgrewal
#10-2700 MONTAGUE ST, REGINA (SK) S4S 0J9
Office: 306 450 3223
Cell: 306 501 4070